ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 26 | 27 June 2018 to 03 July 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਓਰੇਗਨ ਜੇਲ੍ਹ 'ਚ ਗੁਲਾਮਾਂ ਵਾਂਗ ਕੈਦ ਹਨ 52 ਸਿੱਖ ਸ਼ਰਨਾਰਥੀ

- ਬੰਦੀ ਸ਼ਰਨਾਰਥੀਆਂ ਦੇ ਹੱਕ ਵਿਚ ਨਿਤਰੇ ਜਗਮੀਤ ਸਿੰਘ ਕੈਨੇਡਾ
- 22 ਤੋਂ 23 ਘੰਟੇ ਕਮਰਿਆਂ ਅੰਦਰ ਰਹਿੰਦੇ ਹਨ ਬੰਦ
- ਜੱਜ ਵੱਲੋਂ ਜੇਲ੍ਹ 'ਚ ਬੰਦ ਸ਼ਰਨਾਰਥੀਆਂ ਨੂੰ ਕਾਨੂੰਨੀ ਸਹਾਇਤਾ ਦੇਣ ਦੇ ਹੁਕਮ
- ਗ਼ੈਰ ਕਾਨੂੰਨੀ ਤੌਰ 'ਤੇ ਸਰਹੱਦ ਟੱਪਦੇ ਫੜੇ ਗਏ ਇਹ ਲੋਕ 16 ਮੁਲਕਾਂ ਨਾਲ ਸਬੰਧਿਤ ਹਨ



ਓਰੇਗਨ ਸੂਬੇ ਦੀ ਸ਼ੈਰੀਡਨ ਫੈਡਰਲ ਜੇਲ੍ਹ ਦੀ ਬਾਹਰੀ ਝਲਕ।

**ਨਿਊਯਾਰਕ/ਬਿਊਰੋ ਨਿਊਜ਼ :**
ਅਮਰੀਕਾ ਵਿੱਚ ਕਥਿਤ ਤੌਰ 'ਤੇ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਕਾਰਨ ਗ੍ਰਿਫ਼ਤਾਰ ਹੋਏ ਲੋਕਾਂ ਵਿੱਚ 52 ਭਾਰਤੀ ਵੀ ਹਨ। ਉਨ੍ਹਾਂ ਨੂੰ ਸ਼ੈਰਿਡਨ ਇਲਾਕੇ ਦੇ ਓਰੇਗਨ ਦੀ ਇੱਕ ਜੇਲ੍ਹ ਵਿੱਚ ਰੱਖਿਆ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀ ਨੀਤੀ ਮੁਤਾਬਕ ਅਮਰੀਕਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਰੱਖਿਆ ਜਾ ਰਿਹਾ ਹੈ, ਜਦਕਿ ਉਨ੍ਹਾਂ ਦੇ ਬੱਚੇ ਕੇਂਦਰੀ ਤੇ ਰਾਜ ਸਰਕਾਰਾਂ ਦੇ ਕੈਂਪਾਂ ਵਿੱਚ ਰੱਖੇ ਜਾ ਰਹੇ ਹਨ। ਕੈਨੇਡਾ ਦੇ ਸਿੱਖ ਰਾਜਨੀਤਕ ਨਾਇਕ ਤੇ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਅਨੁਸਾਰ ਇਕੱਲੇ ਟੈਕਸਸ ਦੀ ਓਟੈਰੋ ਜੇਲ੍ਹ ਵਿੱਚ ਹੀ ਪਿਛਲੇ ਕੁਝ ਦਿਨਾਂ ਵਿੱਚ 70 ਪੰਜਾਬੀਆਂ ਨੂੰ ਗ੍ਰਿਫ਼ਤਾਰ ਕਰਕੇ ਰੱਖਿਆ ਗਿਆ ਹੈ। ਇਨ੍ਹਾਂ ਵਿਚੋਂ 50 ਪੰਜਾਬੀ ਇਸੇ ਮਹੀਨੇ ਹੀ ਇਸ ਜੇਲ੍ਹ ਵਿੱਚ ਲਿਆਂਦੇ ਗਏ ਹਨ। ਜਗਮੀਤ ਸਿੰਘ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੌਨਾਲਡ ਟਰੰਪ ਦੇ ਪ੍ਰਸ਼ਾਸਨ ਵਿੱਚ ਸ਼ਰਨਾਰਥੀਆਂ ਵਜੋਂ ਪਨਾਹ ਲੈਣ ਵਾਲੇ ਪ੍ਰਵਾਸੀ ਸੁਰੱਖਿਅਤ ਨਹੀਂ ਹਨ। ਉਨ੍ਹਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਮੰਗ ਕੀਤੀ ਕਿ ਉਹ ਮਨੁੱਖੀ ਅਧਿਕਾਰਾਂ ਲਈ ਖੜ੍ਹੇ ਹੋਣ। ਉਨ੍ਹਾਂ ਕਿਹਾ ਕਿ ਕੈਨੇਡਾ ਨੂੰ 'ਸੇਫ਼ ਥਰਡ ਕੰਟਰੀ' ਸਮਝੌਤਾ ਮੁਲਤਵੀ ਕਰ ਦੇਣਾ ਚਾਹੀਦਾ ਹੈ। ਜਗਮੀਤ ਸਿੰਘ ਨੇ ਇਨ੍ਹਾਂ ਲੋਕਾਂ ਪ੍ਰਤੀ ਚਿੰਤਾ ਜਤਾਉਂਦੇ ਹੋਏ ਕਿਹਾ ਹੈ ਕਿ ਇਨ੍ਹਾਂ ਸ਼ਰਨਾਰਥੀਆਂ ਨਾਲ ਬਹੁਤ ਮਾੜਾ ਵਤੀਰਾ ਕੀਤਾ ਜਾ ਰਿਹਾ ਹੈ।

ਏਸ਼ੀਅਨ ਪੈਸੇਫਿਕ ਅਮਰੀਕਨ ਨੈਟਵਰਕ ਆਫ ਓਰੇਗੋਨ ਦੇ ਵਰਕਰ ਜੈ ਸਿੰਘ ਦਾ ਕਹਿਣਾ ਹੈ ਕਿ ਆਵਾਸੀਆਂ ਨੂੰ ਜੇਲ੍ਹਾਂ ਵਿੱਚ ਨਜ਼ਰਬੰਦ ਕਰਕੇ ਵਾਪਸ ਆਪੋ-ਆਪਣੇ ਦੇਸ਼ ਭੇਜਣ ਦੀ ਤਿਆਰੀ ਹੋ ਰਹੀ ਹੈ। ਇਨ੍ਹਾਂ ਨੂੰ ਮੈਡੀਕਲ ਸਹਾਇਤਾ ਵੀ ਨਹੀਂ ਦਿੱਤੀ ਜਾ ਰਹੀ। ਇਨ੍ਹਾਂ ਲੋਕਾਂ ਨਾਲ ਗੈਰ-ਮਨੁੱਖੀ ਵਿਤਕਰਾ ਕੀਤਾ ਜਾ ਰਿਹਾ ਹੈ। ਇਨ੍ਹਾਂ ਦੀ ਸਹਾਇਤਾ ਵਿੱਚ ਲੱਗੇ ਸਮਾਜਸੇਵੀਆਂ ਅਤੇ ਕਾਨੂੰਨੀ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਕੈਦੀ ਬੰਗਲਾਦੇਸ਼, ਨੇਪਾਲ, ਬਰਾਜ਼ੀਲ, ਚੀਨ ਆਦਿ 16 ਮੁਲਕਾਂ ਨਾਲ ਸਬੰਧਿਤ ਹਨ ਅਤੇ 13 ਭਾਸ਼ਾਵਾਂ ਬੋਲਦੇ ਹਨ। ਸਮਝਿਆ ਜਾ ਰਿਹਾ ਹੈ ਕਿ ਇਨ੍ਹਾਂ ਨੂੰ ਸਾਨ ਡਿਆਗੋ ਬੰਦਰਗਾਹ ਤੋਂ ਮਈ ਦੇ ਅੱਧ ਵਿੱਚ ਉਦੋਂ

ਬਾਕੀ ਸਫ਼ਾ 29 'ਤੇ

## ਸਾਲ 2017 ਦੌਰਾਨ 7 ਹਜ਼ਾਰ ਤੋਂ ਵੱਧ ਭਾਰਤੀਆਂ ਨੇ ਅਮਰੀਕਾ 'ਚ ਸ਼ਰਨ ਲਈ ਅਰਜ਼ੀਆਂ ਭੇਜੀਆਂ

ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਮਾਮਲਿਆਂ ਦੀ ਏਜੰਸੀ ਨੇ ਦੱਸਿਆ ਹੈ ਕਿ ਸਾਲ 2017 ਵਿਚ 7 ਹਜ਼ਾਰ ਤੋਂ ਵੱਧ ਭਾਰਤੀਆਂ ਵਲੋਂ ਅਮਰੀਕਾ ਵਿਚ ਸ਼ਰਨ ਲਈ ਅਰਜ਼ੀਆਂ ਭੇਜੀਆਂ ਗਈਆਂ ਸਨ। ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਏਜੰਸੀ ਨੇ ਆਪਣੀ ਸਾਲਾਨਾ ਗਲੋਬਲ ਟ੍ਰੈਂਡਜ਼ ਵਿਚ ਦੱਸਿਆ ਹੈ ਕਿ ਸਾਲ 2017 ਦੇ ਅੰਤ ਤੱਕ ਦੁਨੀਆ ਭਰ ਵਿਚ 6.85 ਕਰੋੜ ਲੋਕ ਬੇਘਰ ਹੋਏ ਹਨ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2017 ਤੱਕ ਲਗਾਤਾਰ ਪੰਜਵੇਂ ਸਾਲ ਜੰਗਾਂ, ਹਿੰਸਾ ਅਤੇ ਅੱਤਿਆਚਾਰਾਂ ਕਾਰਨ ਦੁਨੀਆ ਭਰ ਵਿਚ ਸ਼ਰਨਾਰਥੀਆਂ ਦੀ ਦਰ ਸਭ ਤੋਂ ਉੱਚੀ ਪੱਧਰ 'ਤੇ ਅੱਪੜ ਗਈ ਹੈ। ਰਿਪੋਰਟ ਮੁਤਾਬਿਕ 2017 ਦੇ ਅੰਤ ਤੱਕ ਭਾਰਤ ਵਿਚ 1,97,146 ਲੋਕ ਸ਼ਰਨਾਰਥੀ ਸਨ ਤੇ ਇਨ੍ਹਾਂ ਵਿਚੋਂ 10,519 ਲੋਕਾਂ ਦੇ ਸ਼ਰਨ ਦੇ ਮਾਮਲੇ ਪੈਡਿੰਗ ਸਨ ਅਤੇ ਭਾਰਤ ਦੇ ਕਰੀਬ 40,391 ਲੋਕਾਂ ਨੇ ਸ਼ਰਨ ਮੰਗੀ ਸੀ। ਇਨ੍ਹਾਂ ਵਿਚੋਂ 7 ਹਜ਼ਾਰ ਤੋਂ ਵੱਧ ਭਾਰਤੀਆਂ ਨੇ ਅਮਰੀਕਾ ਵਿਚ ਸ਼ਰਨ ਲਈ ਅਰਜ਼ੀਆਂ ਭੇਜੀਆਂ ਸਨ।

## ਜਸਵੰਤ ਸਿੰਘ ਕੰਵਲ ਦਾ 100ਵਾਂ ਜਨਮ ਦਿਨ ਬਣਿਆ ਯਾਦਗਾਰੀ

**ਜਗਰਾਉਂ(ਢੁੱਡੀਕੇ)/ਬਿਊਰੋ ਨਿਊਜ਼ :**
ਪੰਜਾਬੀ ਸਾਹਿਤ ਦੇ ਬਾਬਾ ਬੋਹੜ ਮੰਨੇ ਜਾਂਦੇ ਨਾਵਲਕਾਰ ਜਸਵੰਤ ਸਿੰਘ ਕੰਵਲ ਦਾ ਇਹ ਸੌਵਾਂ ਜਨਮ ਦਿਨ ਹੈ। ਕ੍ਰਿਕਟ ਵਿੱਚ ਸੈਂਕੜਾ ਮਾਰਨਾ ਤਾਂ ਆਮ ਗੱਲ ਹੈ, ਜਦਕਿ ਜ਼ਿੰਦਗੀ ਵਿਚ ਉਮਰ ਦਾ ਸੈਂਕੜਾ ਕੋਈ ਕੋਈ ਹੀ ਮਾਰਦਾ ਹੈ। ਇਹ ਖ਼ੁਸ਼ੀ ਵੀ ਹੁਣ ਤਕ ਦੇ ਛੋਟੇ-ਵੱਡੇ ਸਾਰੇ ਪੰਜਾਬੀ ਲੇਖਕਾਂ ਵਿੱਚੋਂ ਜਸਵੰਤ ਸਿੰਘ ਕੰਵਲ



(ਪੂਰੀ ਖ਼ਬਰ ਸਫ਼ਾ 5 'ਤੇ ਪੜ੍ਹੋ)

# ਨਸ਼ਿਆਂ ਕਾਰਨ ਲਗਾਤਾਰ ਹੋਈਆਂ 8 ਮੌਤਾਂ ਨੇ ਪੰਜਾਬ ਝੰਜੋੜਿਆ

- ਰੋਸ ਵਜੋਂ 1 ਜੁਲਾਈ ਤੋਂ ਕਾਲਾ ਹਫ਼ਤਾ ਮਨਾਉਣ ਦੀ ਅਪੀਲ
- ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ ਦਿਲ-ਕੰਬਾਊ ਵੀਡੀਓਜ਼

**ਚੰਡੀਗੜ੍ਹ/ਬਿਊਰੋ ਨਿਊਜ਼ :**
ਗੁਰੂਆਂ ਦੇ ਨਾਂ 'ਤੇ ਵਸਦੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਪਿਛਲੇ ਇੱਕ ਹਫ਼ਤੇ ਦੌਰਾਨ ਨਸ਼ਿਆਂ ਕਾਰਨ ਛੇ ਮੌਤਾਂ ਦਰਜ ਕੀਤੀਆਂ ਗਈਆਂ ਹਨ। ਨਿੱਤ ਦਿਨ ਇੱਕ ਮੌਤ ਸਿਰਫ਼ ਨਸ਼ੇ ਨਾਲ ਹੋ ਰਹੀ ਹੈ। ਪਿਛਲੇ ਦਿਨਾਂ ਵਿਚ ਪੰਜਾਬ 'ਚ ਹੋਈਆਂ ਇਨ੍ਹਾਂ ਮੌਤਾਂ ਤੋਂ ਬਾਅਦ ਮ੍ਰਿਤਕਾਂ ਦੇ ਪਰਿਵਾਰਾਂ ਦੀ ਤਰਸਯੋਗ ਹਾਲਾਤ ਕਾਰਨ ਸਰਕਾਰ ਦੀ ਸੋਸ਼ਲ ਮੀਡੀਆ 'ਤੇ ਜੰਮ ਕੇ ਨਿਖੇਧੀ ਕੀਤੀ ਜਾ ਰਹੀ ਹੈ। ਅਜਿਹੇ ਹਾਲਾਤ 'ਚ ਸਰਕਾਰ ਦੀ ਨੀਅਤ ਤੇ ਦਾਅਵਿਆਂ 'ਤੇ ਸਵਾਲ ਉੱਠਣੇ ਲਾਜ਼ਮੀ ਹਨ। ਇਸ ਦੇ ਰੋਸ ਵੱਜੋਂ ਪੰਜਾਬ ਦੇ ਲੋਕਾਂ ਨੇ ਆਪ ਮੁਹਾਰੇ ਇਕ ਜੁਲਾਈ ਤੋਂ ਸੱਤ ਜੁਲਾਈ ਤਕ "ਕਾਲਾ ਹਫਤਾ" ਮਨਾਉਣ ਦੀਆਂ ਅਪੀਲਾਂ ਆ ਰਹੀਆਂ ਹਨ।

ਹਾਲ ਹੀ ਵਿਚ ਨਸ਼ੇ ਦੀ ਤੋਟ ਅਤੇ ਓਵਰ-ਡੋਜ਼ ਕਾਰਨ ਹੋਈਆਂ ਮੌਤਾਂ ਵਿਚ ਤਰਨਤਾਰਨ ਦੇ ਹਲਕੇ ਪੱਟੀ ਦੇ ਪਿੰਡ ਢੋਟੀਆਂ ਦੇ ਨੌਜਵਾਨ ਗੁਰਭੇਜ ਸਿੰਘ, ਭਿੱਖੀਵਿੰਡ ਵਿਚ ਦਿਲਬਾਗ਼ ਸਿੰਘ, ਅੰਮ੍ਰਿਤਸਰ ਦੇ ਪਿੰਡ ਵੇਰਕਾ ਵਿਚ ਤੀਹ ਸਾਲਾ ਨੌਜਵਾਨ ਹਰਭੇਜ ਸਿੰਘ ਅਤੇ ਛੇਹਰਟਾ ਇਲਾਕੇ ਵਿਚ ਦੋ ਨੌਜਵਾਨਾਂ ਦੀਆਂ ਲਾਸ਼ਾਂ ਮਿਲੀਆਂ। ਇਕ ਹੋਰ ਨੌਜਵਾਨ ਹਰਜੀਤ ਸਿੰਘ ਨੂੰ ਗੰਭੀਰ ਹਾਲਤ ਵਿਚ ਬੀੜ ਬਾਬਾ ਬੁੱਢਾ ਸਾਹਿਬ ਹਸਪਤਾਲ ਦਾਖਲ ਕਰਾਇਆ ਗਿਆ ਹੈ।

ਪੰਜਾਬ ਵਿੱਚ ਨਸ਼ਿਆਂ ਦੇ ਘਿਨੌਣੇ ਪੱਖ ਨੂੰ ਉਜਾਗਰ ਕਰਦੀ ਕੋਟਕਪੂਰਾ ਦੀ ਇਕ ਹੋਰ

ਬਾਕੀ ਸਫ਼ਾ 29 'ਤੇ



### ਲਾਸ਼ ਦੇ ਨਾਲ ਲੇਟਿਆ ਰਿਹਾ ਪੁੱਤਰ
## 'ਪਾਪਾ ਉਠੋ, ਮੈਨੂੰ ਸਕੂਲ ਛੱਡ ਕੇ ਆਓ'

ਮੌਤ ਤੋਂ ਬੇਖ਼ਬਰ ਗੁਰਭੇਜ ਦਾ 5 ਸਾਲ ਦਾ ਪੁੱਤਰ ਜਸਪ੍ਰੀਤ ਪਿਤਾ ਦੀ ਲਾਸ਼ ਦੇ ਨਾਲ ਕਾਫ਼ੀ ਦੇਰ ਤੱਕ ਲੇਟਿਆ ਰਿਹਾ। ਉਹ ਬੋਲ ਰਿਹਾ ਸੀ, 'ਪਾਪਾ ਉਠੋ, ਮੈਨੂੰ ਸਕੂਲ ਛੱਡ ਕੇ ਆਓ...।' ਲੋਕਾਂ ਵਲੋਂ ਕਈ ਵਾਰ ਸਮਝਾਉਣ ਤੋਂ ਬਾਅਦ ਵੀ ਉਸ ਨੇ ਇਹੀ ਰਟ ਲਗਾਈ ਹੋਈ ਸੀ। ਉਹ ਪਿਤਾ ਤੋਂ ਦੂਰ ਜਾਣ ਲਈ ਤਿਆਰ ਨਹੀਂ ਸੀ। ਉਹ ਲਾਸ਼ ਨੂੰ ਹਿਲਾ ਹਿਲਾ ਕੇ ਆਪਣੇ ਪਿਤਾ ਨੂੰ ਉੱਠਣ ਲਈ ਕਹਿ ਰਿਹਾ ਸੀ ਜਦਕਿ ਗੁਰਭੇਜ ਦੀ ਬੇਟੀ ਨਵਪ੍ਰੀਤ ਵੀ ਲਾਸ਼ ਦੇ ਕੋਲ ਬੇਸੁਧ ਖੜ੍ਹੀ ਸੀ।

## ਆਸਟਰੇਲੀਆਂ ਦੇ ਸਿਡਨੀ ਗੁਰੂ ਘਰ 'ਚ ਕੁਰਸੀਆਂ 'ਤੇ ਬੈਠ ਕੇ ਲੰਗਰ ਛਕਣ ਦਾ ਅਕਾਲ ਤਖ਼ਤ ਨੇ ਲਿਆ ਸਖਤ ਨੋਟਿਸ

**ਅੰਮ੍ਰਿਤਸਰ ਬਿਊਰੋ ਨਿਊਜ਼ :** ਆਸਟਰੇਲੀਆ ਦੇ ਸ਼ਹਿਰ ਸਿਡਨੀ 'ਚ ਗੁਰਦੁਆਰਾ ਆਸਟਰਲ ਦੇ ਪ੍ਰਬੰਧਕਾਂ ਵੱਲੋਂ ਲੰਗਰ ਘਰ ਵਿੱਚ ਕੁਰਸੀਆਂ 'ਤੇ ਬਿਠਾ ਕੇ ਲੰਗਰ ਛਕਾਉਣ ਦੀ ਸ਼ੁਰੂ ਕੀਤੀ ਪ੍ਰਥਾ ਦਾ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਖ਼ਤ ਨੋਟਿਸ ਲੈਂਦਿਆਂ ਹਦਾਇਤ ਕੀਤੀ ਹੈ ਕਿ ਇਸ ਸਬੰਧੀ ਗੁਰਦੁਆਰੇ ਦੇ ਬਾਹਰ ਲਿਖ ਕੇ ਲਾਏ ਗਏ ਨੋਟਿਸ ਨੂੰ ਤੁਰੰਤ ਹਟਾਇਆ ਜਾਵੇ। ਇਸ ਦੌਰਾਨ ਸਿੱਖ ਸੰਗਤ ਨੂੰ ਵੀ ਇਸ ਸਿੱਖ ਵਿਰੋਧੀ ਸਿਧਾਂਤ ਪ੍ਰਤੀ ਸੁਚੇਤ ਕੀਤਾ ਹੈ। ਇਸ ਸਬੰਧੀ ਛਪੀਆਂ ਖ਼ਬਰਾਂ

ਬਾਕੀ ਸਫ਼ਾ 29 'ਤੇ

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949

JASPREET SINGH
Attorney-At-law
Loan Modification
Bankruptcy, Immigration,
Political Asylum, Deportation Defense,
Citizenship, L-I, H-I, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

FLEET ONE OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
• A program custom-built to match your fleet's needs – backed by a FDIC-Insured financial partner in WEX Bank.
• Free same day funding
• Free collection management services
• Real-time credit check service
95% Advance in 24 Hours For Trucking Companies
Call for a Quote
(855)641-6955

kw ELK GROVE
KELLERWILLIAMS. REALTY
Santokh Singh Mann
Realtor ®
ਘਰ, ਬਿਜਨਸ ਅਤੇ ਪ੍ਰਾਪਰਟੀ ਲੈਣ ਲਈ ਸੰਪਰਕ ਕਰੋ
C: (916) 769-1893
O: (916) 405-5700
E: Smann@kw.com
W: Smann.kw.com
LIC#02025586
Each Office Independently Owned and Operated

TRANS-ALLIANCE TOGETHER WE SAVE
SAVE UPTO 24¢ PER GALLON ON DIESEL
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Love's Travel Stops & Country Stores


Open to all Communties
Healthy Body Healthy Mind!
SIKH SPORTS ASSOCIATION OF USA
presents
ਸਾਲਾਨਾ ਖੇਡ ਮੁਕਾਬਲੇ
12th Annual Games
July 21-22,2018
" OPEN TO ALL"
JAMES LOGAN HIGH SCHOOL
1800 H STREET UNION CITY CA 94587
SIKH SPORTS ASSOCIATION OF U.S.A.
TENNIS
SOCCER
ਕੈਲੀਫੋਰਨੀਆਂ ਦਾ ਇੱਕੋ ਇੱਕ ਪੰਜਾਬੀ ਖੇਡ
ਮੇਲਾ ਜਿੱਥੇ 1500 ਸੋ ਤੋ ਵੱਧ
ਬੱਚੇ ਭਾਗ ਲੈਦੇਂ ਹਨ
FLAG FOOTBALL
Come and enjoy the biggest sports event of the year with your family
BASKETBALL
KABADDI
TRACK &FIELD
FIELD HOCKEY
VOLLEYBALL
FOR REGISTRATION VISIT WWW.SIKHSPORTS.COM
Donations: Sikh Sports 4430 Deer Field Way, Danville, CA 94506
Sikh Sports Association of USA is a non-profit organization

# ਏਜੀਪੀਸੀ ਵਲੋਂ ਖਾਲਸਾ ਰਾਜ ਦੀਆਂ ਬਰਕਤਾਂ ਤੇ ਬਖਸ਼ਿਸ਼ਾਂ ਸਬੰਧੀ ਸ਼ਾਨਦਾਰ ਵਿਚਾਰ ਗੋਸ਼ਟੀ

## ਬਾਬਾ ਬੰਦਾ ਸਿੰਘ ਬਹਾਦਰ ਪਹਿਲੇ ਮਹਾਨ ਖਾਲਸਾ ਰਾਜ ਦੀ ਨੀਂਹ ਰੱਖੀ- ਡਾ. ਉਦੋਕੇ

## ਸਿੱਖ ਕੌਮ ਇਕਠੇ ਹੋ ਕੇ ਖਾਲਿਸਤਾਨ ਦੀ ਸਥਾਪਤੀ ਵੱਲ ਵਧੇ - ਡਾ. ਅਮਰਜੀਤ ਸਿੰਘ







**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਿਲਪੀਟਸ ਦੇ ਗੁਰਦੁਆਰਾ ਸਿੰਘ ਸਭਾ ਵਿਚ ਪੈਗ਼ੰਬਰਾਂ ਦੇ ਸ਼ਹਿਨਸ਼ਾਹ ਦੁਆਰਾ ਵਰੋਸਾਏ ਜਥੇਦਾਰ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੁਆਰਾ ਸ਼ਥਾਪਤ ਕੀਤੇ ਖਾਲਸਾ ਰਾਜ ਬਾਰੇ ਤੇ ਮਿਸਲਾਂ ਤੋਂ ਬਾਦ ਸ਼ਥਾਪਤ ਕੀਤੇ ਦੂਜੇ ਖਾਲਸਾ ਰਾਜ ਤੇ ਉਸਦੇ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ




ਉਤੇ ਗੁਰਦੁਆਰਾ ਸਾਹਿਬ ਦੇ ਸੈਮੀਨਾਰ ਹਾਲ ਵਿਚ ਇਕ ਸ਼ਾਨਦਾਰ ਵਿਚਾਰ ਗੋਸ਼ਟੀ ਦਾ ਪ੍ਰਬੰਧ ਕੀਤਾ, ਜਿਸ ਵਿਚ ਕਈ ਕਿਤਾਬਾਂ ਦੇ ਲੇਖਕ ਤੇ ਖੋਜੀ ਡਾ. ਸੁਖਪ੍ਰੀਤ ਸਿੰਘ ਉਦੋਕੇ ਤੇ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਤੇ ਨਿਊਯਾਰਕ ਤੋਂ ਚਲਦੇ ਟੀਵੀ 84 ਵਿਚ ਸੱਚੋ-ਸੱਚ ਵਰਗੇ ਮਸ਼ਹੂਰ ਪ੍ਰੋਗਰਾਮ ਦੇ ਮੁੱਖ ਬੁਲਾਰੇ ਡਾ. ਅਮਰਜੀਤ ਸਿੰਘ

**ਬਾਕੀ ਸਫ਼ਾ 28 'ਤੇ**

# ਸ਼ਿਕਾਗੋ ਦੇ ਸਿੱਖ ਮੈਮੋਰੀਅਲ ਦਿਵਸ ਪਰੇਡ 'ਚ ਹੁੰਮ-ਹੁੰਮਾ ਕੇ ਪਹੁੰਚੇ





## ਦੇਸ਼ ਲਈ ਸ਼ਹੀਦ ਹੋਏ ਸਿਪਾਹੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ

**ਸ਼ਿਕਾਗੋ/ਬਿਊਰੋ ਨਿਊਜ਼ :** 26 ਮਈ ਨੂੰ ਸ਼ਿਕਾਗੋਲੈਂਡ ਦੇ ਸਿੱਖਾਂ ਨੇ ਡਾਊਨਟਾਊਨ ਸ਼ਿਕਾਗੋ ਅਤੇ ਫਰੈਂਚ ਅਵੀਲਾ ਵਿਚ ਮੈਮੋਰੀਅਲ ਡੇ-ਪਰੇਡ ਵਿਚ ਪੂਰੇ ਉਤਸ਼ਾਹ ਨਾਲ ਹਾਜ਼ਰੀ ਭਰੀ। ਇਸ ਸਮਾਗਮ 'ਚ ਮੈਟਰੋਪੋਲਿਟਨ ਵਾਟਰ ਰਿਕਲਾਮੇਸ਼ਨ ਡਿਸਟ੍ਰਿਕਟ (ਐਮਡਬਲਿਊਆਰਡੀ.) ਦੇ ਕਮਿਸ਼ਨਰ ਫਰੈਂਕ ਅਵਿਲਾ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ। ਸਿੱਖ ਭਾਈਚਾਰੇ ਦੇ ਲੋਕਾਂ ਨੇ ਸ਼ਿਕਾਗੋ ਡਾਊਨ ਟਾਊਨ ਵਿਚ ਹੀ ਪੈਂਦੇ ਸਕੌਮਬੁਰਗ ਤੇ ਇਟਾਸਕਾ ਵਿਖੇ ਹੋਏ ਡੇ-ਪਰੇਡ ਸਮਾਗਮਾਂ ਵਿਚ ਵੀ ਭਰਵੀਂ ਸ਼ਮੂਲੀਅਤ ਕੀਤੀ। ਇਹ ਪਰੇਡ ਵਕਰ ਡਰਾਇਵ ਅਤੇ ਵੇਨਬੂਰੇਨ ਸਟ੍ਰੀਟ ਤੋਂ ਹੁੰਦੇ ਹੋਏ ਸੇਟ ਸਟ੍ਰੀਟ ਤਕ ਕੀਤੀ ਗਈ। ਡੈਲੇਅ ਪਲਾਜ਼ਾ 'ਤੇ ਆ ਕੇ ਮਾਰਚ ਪਾਸਟ ਦੀ ਰਸਮ ਅਦਾ ਕੀਤੀ ਗਈ। ਪਰੇਡ ਦੀ ਸ਼ੁਰੂਆਤ ਦੇਸ਼ ਦੀ ਸੁਰੱਖਿਆ ਲਈ ਕੁਰਬਾਨੀ ਦੇ ਗਏ ਮਰਦਾਂ ਅਤੇ ਔਰਤਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕਰਨ ਨਾਲ ਹੋਈ। ਸ਼ਿਕਾਗੋ ਦੇ ਮੇਅਰ ਰਾਹਮ ਅਮਾਨੂਈਲ ਅਤੇ ਮੇਜਰ ਜਨਰਲ ਚਾਰਲਸ ਡਬਲਯੂ.

**ਬਾਕੀ ਸਫ਼ਾ 28 'ਤੇ**






## ਟਰੰਪ ਵੱਲੋਂ ਵਿਵਾਦਗ੍ਰਸਤ ਇਮੀਗ੍ਰੇਸ਼ਨ ਨੀਤੀ ’ਚ ਸੋਧ ਨੂੰ ਮਨਜ਼ੂਰੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਦੁਨੀਆ ਭਰ ਵਿੱਚ ਫੈਲੇ ਰੋਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੀ ਵਿਵਾਦਗ੍ਰਸਤ ਇਮੀਗ੍ਰੇਸ਼ਨ ਨੀਤੀ ਤਹਿਤ ਮਾਪਿਆਂ ਨੂੰ ਬੱਚਿਆਂ ਤੋਂ ਵੱਖ ਕਰਨ ਦਾ ਫੈਸਲਾ ਵਾਪਿਸ ਲੈ ਲਿਆ ਹੈ। ਰਾਸ਼ਟਰਪਤੀ ਨੇ ਇਸ ਸਬੰਧੀ ਪ੍ਰਸ਼ਾਸਕੀ ਹੁਕਮ ਉੱਤੇ ਹਸਤਾਖ਼ਰ ਕਰ



ਦਿੱਤੇ ਹਨ। ਅਮਰੀਕਾ- ਮੈਕਸਿਕੋ ਸਰਹੱਦ ਉੱਤੇ ਪਰਵਾਸੀਆਂ ਦੇ ਪਰਿਵਾਰਾਂ ਵਿਰੁੱਧ ਕਾਰਵਾਈ ਦੌਰਾਨ ਬੱਚਿਆਂ ਨੂੰ ਪਿੰਜਰਿਆਂ ਵਿੱਚ ਪਾਉਣ ਦੀਆਂ ਤਸਵੀਰਾਂ ਅਤੇ ਉਨ੍ਹਾਂ ਦੇ ਰੋਣ ਦੀਆਂ ਆਵਾਜ਼ਾਂ ਦੀਆਂ ਆਡੀਓਜ਼ ਸਾਹਮਣੇ ਆਉਣ ਬਾਅਦ ਵਿਸ਼ਵ ਭਰ ਵਿੱਚ ਅਮਰੀਕੀ ਇਮੀਗ੍ਰੇਸ਼ਨ ਨੀਤੀ ਦਾ ਵਿਰੋਧ ਹੋਣ ਲੱਗਾ ਸੀ।

ਵਾਈਟ ਹਾਊਸ ਵਿੱਚ ਪ੍ਰਸ਼ਾਸਕੀ ਹੁਕਮਾਂ ਉੱਤੇ ਸਹੀ ਪਾਉਂਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਪਰਿਵਾਰਾਂ ਨੂੰ ਵੱਖ ਹੁੰਦੇ ਦੇਖਣਾ ਉਨ੍ਹਾਂ ਨੂੰ ਪਸੰਦ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਰਹੱਦ ਪਾਰ ਕਰਦਾ ਜੇ ਕੋਈ ਫੜਿਆ ਜਾਂਦਾ ਹੈ ਤਾਂ ਉਸ ਦੇ ਵਿਰੁੱਧ ਫੌਜਦਾਰੀ ਕਾਰਵਾਈ ਹੋਵੇਗੀ ਅਤੇ ਸਰਹੱਦ ਪਾਰ ਤੋਂ ਪਰਵਾਸੀਆਂ ਦੀ ਗੈਰਕਾਨੂੰਨੀ ਆਮਦ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਅਪਣਾਈ ਪਰਵਾਸ ਨੀਤੀ ਤਹਿਤ ਅਧਿਕਾਰੀਆਂ ਵੱਲੋਂ ਸਰਹੱਦ ਪਾਰ ਤੋਂ ਆਏ ਪਰਵਾਸੀਆਂ ਨਾਲੋਂ ਉਨ੍ਹਾਂ ਦੇ ਬੱਚੇ ਵੱਖ ਕਰ ਦਿੱਤੇ ਗਏ ਸਨ। ਇਸ ਤੋਂ ਵਿਸ਼ਵ ਭਰ ਵਿੱਚ ਰੋਹ ਪੈਦਾ ਹੋ ਗਿਆ ਸੀ। ਹੁਣ ਇਹ ਪ੍ਰਸ਼ਾਸਕੀ ਹੁਕਮ ਪਾਸ ਕਰਕੇ ਅਮਰੀਕਾ ਨੇ ਇਮੀਗ੍ਰੇਸ਼ਨ ਨੀਤੀ ਨੂੰ ਵਾਪਿਸ ਲੈ ਲਿਆ ਹੈ। ਪਿਛਲੇ ਕੁੱਝ ਮਹੀਨਿਆਂ ਵਿੱਚ ਇਸ ਨੀਤੀ ਤਹਿਤ ਕਰੀਬ 2500 ਬੱਚੇ ਮਾਪਿਆਂ ਨਾਲੋਂ ਵੱਖ ਕੀਤੇ ਜਾ ਚੁੱਕੇ ਹਨ। ਰਾਸ਼ਟਰਪਤੀ ਟਰੰਪ ਨੇ ਓਵਲ ਆਫਿਸ ਦੇ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਇਸ ਸਮੱਸਿਆ ਦਾ ਹੱਲ ਕੱਢਣ ਲਈ ਪਰਿਵਾਰਾਂ ਨੂੰ ਇਕੱਠਿਆਂ ਕਰ ਰਹੇ ਹਨ। ਉਧਰ ਭਾਰਤੀ ਮੂਲ ਦੀ ਅਮਰੀਕੀ ਸੰਸਦ ਮੈਂਬਰ ਅਤੇ ਮਨੁੱਖੀ ਅਧਿਕਾਰਾਂ ਦੀ ਕਾਰਕੁਨ ਪ੍ਰੋਮਿਲਾ ਜੈਪਾਲ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਾਸ ਕੀਤੇ ਨਵੇਂ ਪ੍ਰਸ਼ਾਸਕੀ ਹੁਕਮਾਂ ਦੀ ਨਿਖੇਧੀ ਕੀਤੀ ਹੈ। ਇਹ ਹੁਕਮ ਗੈਰਕਾਨੂੰਨੀ ਢੰਗ ਦੇ ਨਾਲ ਸਰਹੱਦ ਪਾਰ ਕਰਕੇ ਆਉਣ ਵਾਲੇ ਪਰਵਾਸੀਆਂ ਨੂੰ ਅਣਮਿਥੇ ਸਮੇਂ ਲਈ ਹਿਰਾਸਤ ਵਿੱਚ ਰੱਖਣ ਦੀ ਖੁੱਲ੍ਹ ਦਿੰਦੇ ਹਨ। ਉਨ੍ਹਾਂ ਕਿਹਾ ਕਿ ਪਰਵਾਸੀਆਂ ਨੂੰ ਬੰਦੀ ਬਣਾ ਕੇ ਰੱਖਣ ਵਾਲੇ ਕੈਂਪਾਂ ਦੀ ਹਾਲਤ ਜਾਲਮਾਨਾ ਅਤੇ ਗੈਰਮਨੁੱਖੀ ਹੈ। ਬੱਚਿਆਂ ਨੂੰ ਲੰਬੇ ਸਮੇਂ ਲਈ ਬੰਧਕ ਬਣਾ ਕੇ ਰੱਖਣਾ ਗੈਰਕਾਨੂੰਨੀ ਹੈ। ਉਹ ਇਨ੍ਹਾਂ ਹੁਕਮਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਨ।

## ਕੈਨੇਡਾ-ਡੇ ਮੌਕੇ ਗਦਰੀ ਬਾਬਿਆਂ ਦੀ ਗੈਲਰੀ ਦਾ ਹੋਵੇਗਾ ਉਦਘਾਟਨ

**ਸਰੀ/ਬਿਊਰੋ ਨਿਊਜ਼,** ਕੈਨੇਡਾ ਦੇ ਸੂਰਬੀਰ ਸਿੱਖ ਗਦਰੀ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਸਮਰਪਿਤ ਗੈਲਰੀ ਦਾ ਉਦਘਾਟਨ ਕੈਨੇਡਾ-ਡੇ , ਦਿਨ ਐਤਵਾਰ, ਜੂਨ 1, 2018 ਨੂੰ ਹੋਵੇਗਾ। ਇਹ ਗੈਲਰੀ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਜੋ 8115 , 132 ਸਟਰੀਟ , ਸਰੀ ਵਿਖੇ ਬਣਾਈ ਗਈ ਹੈ। ਇਸ ਵਿਚ ਚਿਤਰਕਾਰ ਜਰਨੈਲ ਸਿੰਘ ਵਲੋਂ ਬਣਾਏ ਉਹਨਾਂ ਗਦਰੀ ਸੂਰਮਿਆਂ ਦੇ ਚਿਤਰ ਹਨ , ਜਿਨਾਂ ਨੇ ਕੈਨੇਡਾ ਤੋਂ ਜਾ ਕੇ ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਖਾਤਰ ਫਾਂਸੀਆਂ ਦੇ ਰੱਸੇ ਚੁੰਮੇ ਤੇ ਉਮਰ ਕੈਦਾਂ ਕੱਟੀਆਂ। ਇਹਨਾਂ ਵਿਚ ਸ਼ਹੀਦ ਭਾਈ ਮੇਵਾ ਸਿੰਘ , ਭਾਈ ਬਦਨ ਸਿੰਘ, ਭਾਈ ਬਲਵੰਤ ਸਿੰਘ ਤੇ ਹੋਰ ਸੂਰਮਿਆਂ ਦੇ ਚਿਤਰ



ਸ਼ਾਮਲ ਹੋਣਗੇ। ਮਿਲੀ ਜਾਣਕਾਰੀ ਮੁਤਾਬਕ ਐਤਵਾਰ 1 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਦੀਵਾਨਾਂ ਦੀ ਸਮਾਪਤੀ ਤੋਂ ਬਾਅਦ ਦਿਨੇ 2 ਵਜੇ ਗੈਲਰੀ ਦਾ ਉਦਘਾਟਨ ਕੀਤਾ ਜਾਵੇਗਾ। ਵਰਨਣਯੋਗ ਹੈ ਕਿ ਸਿੱਖ ਇਤਿਹਾਸ ਤੇ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੇ ਚਿਤਰਾਂ ਲਈ ਭਾਈਚਾਰੇ ਵਿਚ ਹਰਮਨ ਪਿਆਰੇ ਸ: ਜਰਨੈਲ ਸਿੰਘ ਪਿਛਲੇ ਸਮੇਂ ਵਿਚ ਕਾਮਾਗਾਟਾਮਾਰੂ ਚਿਤਰ ਲੜੀ ਉਤੇ ਵੀ ਕੰਮ ਕਰ ਚੁੱਕੇ ਹਨ ਜੋ ਪੁਸਤਕ ਰੂਪ ਵਿਚ ਛਪੇ ਹਨ ਤੇ ਹੁਣ ਕਾਰਲਟਨ ਯੂਨੀਵਰਸਿਟੀ, ਔਟਵਾ ਵਿਚ ਪੱਕੇ ਤੌਰ ਤੇ ਪ੍ਰਦਰਸ਼ਿਤ ਹਨ। ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਬਣੇ ਉਹਨਾਂ ਦੇ ਕੰਧ ਚਿਤਰ ਵੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹਨ। ਪ੍ਰਬੰਧਕਾਂ ਵੱਲੋਂ ਮਹਾਨ ਗਦਰੀ ਬਾਬਿਆਂ ਦੀ ਕੁਰਬਾਨੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਾਰਿਆਂ ਨੂੰ ਪਹੁੰਚਣ ਦੀ ਬੇਨਤੀ ਕੀਤੀ ਗਈ ਹੈ। ਹੋਰ ਵਧੇਰੇ ਜਾਣਕਾਰੀ ਲਈ ਗੁਰਦਵਾਰਾ ਸਾਹਿਬ ਦੇ ਫੋਨ ਨੰਬਰ 604 590 3232, ਸ: ਜਸਵਿੰਦਰ ਸਿੰਘ ਦੇ ਫੋਨ ਨੰ. 778 995 0563 ਅਤੇ ਜਰਨੈਲ ਸਿੰਘ ਦੇ ਫੋਨ ਨੰ. 604 825 4659 ਉਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਭਾਰਤੀ ਓਵਰਸੀਜ਼ ਕਾਂਗਰਸ ਅਮਰੀਕਾ ਵੱਲੋਂ ਨੈਸ਼ਨਲ ਕਾਨਫਰੰਸ 28 ਜੁਲਾਈ ਨੂੰ

**ਨਿਊਯਾਰਕ/ਬਿਊਰੋ ਨਿਊਜ਼ :** ਨਿਊਯਾਰਕ ਵਿਚ 28 ਜੁਲਾਈ, 2018 ਨੂੰ ਇੰਡੀਅਨ ਓਵਰਸੀਜ਼ ਕਾਂਗਰਸ, ਅਮਰੀਕਾ ਵੱਲੋਂ ਇਕ ਕੌਮੀ ਕਾਨਫਰੰਸ ਕਰਵਾਈ ਜਾ ਰਹੀ ਹੈ। ਜੇ.ਐਫ.ਕੇ. ਹਵਾਈ ਅੱਡੇ ਨੇੜੇ ਕਰਾਊਨ ਪਲਾਜ਼ਾ ਹੋਟਲ ਵਿਚ ਹੋਣ ਜਾ ਰਹੀ ਇਸ ਕੌਮੀ ਕਾਨਫਰੰਸ ਵਿਚ ਦੇਸ਼ ਭਰ ਤੋਂ ਡੈਲੀਗੇਟ ਆਉਣ ਦੀ ਸੰਭਾਵਨਾ ਹੈ। ਆਲ ਇੰਡੀਆ ਕਾਂਗਰਸ ਕਮੇਟੀ (ਏਆਈਸੀਸੀ.) ਦੇ ਵਿਦੇਸ਼ੀ ਵਿਭਾਗ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ ਦੇ ਚੇਅਰਮੈਨ ਸ਼੍ਰੀ ਸੈਮ ਪਿਤਰੋਦਾ ਇਸ ਕਾਨਫਰੰਸ ਦੀ ਪ੍ਰਧਾਨਗੀ ਕਰਨਗੇ।



ਇਸ ਬਾਰੇ ਜਾਣਕਾਰੀ ਦਿੰਦਿਆਂ ਇੰਡੀਅਨ ਓਵਰਸੀਜ਼ ਕਾਂਗਰਸ ਦੇ ਵਾਈਸ ਚੇਅਰਮੈਨ ਜਾਰਜ ਅਬਰਾਹਮ ਨੇ ਕਿਹਾ ਕਿ ਭਾਰਤ ਨੂੰ ਸੰਨ 2019 ਦੇ ਸ਼ੁਰੂ ਵਿਚ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਬਹੁਤ ਹੀ ਨਾਜ਼ੁਕ ਦੌਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਵਿਚ ਜਮਹੂਰੀ ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਬਾਰੇ ਮੌਜੂਦਾ ਚੁਣੌਤੀਆਂ ਸਾਡੇ ਲਈ ਵੀ ਬਹੁਤ ਚਿੰਤਾ ਦਾ ਕਾਰਨ ਹਨ। ਇਸ ਕਰਕੇ ਉਕਤ ਕਾਨਫਰੰਸ ਦੇ ਮੁੱਖ ਏਜੰਡੇ ਉਤੇ ਇਹ ਚੋਣ ਹੋਵੇਗੀ।

## ਭਾਰਤ ’ਚ ਝੂਠੀਆਂ ਖਬਰਾਂ ਕਾਰਨ ਹੋ ਰਹੇ ਨੇ ਕਤਲ : ਬੀਬੀਸੀ

**ਲੰਡਨ/ਬਿਊਰੋ ਨਿਊਜ਼ :**ਭਾਰਤ ਵਿਚ ਸੋਸ਼ਲ ਮੀਡੀਆ ਦੇ ਵਟਸਐਪ ਗਰੁੱਪਾਂ ਅਤੇ ਫੇਸਬੁੱਕ ਸਮੇਤ ਹੋਰ ਪਲੇਟਫਾਰਮਾਂ ‘ਤੇ ਤੁਰਤ-ਫੁਰਤ ਵਿਚ ਫੈਲਦੀਆਂ ਫ਼ਰਜ਼ੀ ਖ਼ਬਰਾਂ ਭੜਕਾਹਟ ਪੈਦਾ ਕਰ ਰਹੀਆਂ ਹਨ, ਜਿਨ੍ਹਾਂ ਦੇ ਨਤੀਜੇ ਵਜੋਂ ਜਾਨੀ ਨੁਕਸਾਨ ਵੀ ਹੋ ਰਿਹਾ ਹੈ। ਇਹ ਚਿਤਾਵਨੀ ਆਲਮੀ ਪੱਧਰ ‘ਤੇ ਵੱਕਾਰੀ ਮੀਡੀਆ ਅਦਾਰੇ ਬੀਬੀਸੀ ਨੇ ਬੰਗਲੌਰ ਤੋਂ ਆਪਣੀ ਨਵੀਂ ਪੜਤਾਲੀਆ ਰਿਪੋਰਟ ਵਿਚ ਦਿਤੀ ਹੈ। ਬ੍ਰਿਟਿਸ਼ ਪਬਲਿਕ ਬਰੌਡਕਾਸਟਰ ਵੱਲੋਂ ਕਾਲੂਰਾਮ ਬਚਨਰਾਮ ਦੀ ਮੌਤ ਦੇ ਦੁਆਲੇ ਘੁੰਮਦੀ ਇਕ ਰਿਪੋਰਟ ਜੋ ਬੀਬੀਸੀ ਵਰਲਡ ਨਿਊਜ਼ ‘ਤੇ ਦਿਖਾਈ ਜਾਣੀ ਹੈ, ‘ਚ ਇਹ ਮੁੱਦਾ ਉਠਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਬੰਗਲੌਰ ਵਿਚ ਵੱਟਸਐਪ ‘ਤੇ ਇਹ ਅਫ਼ਵਾਹ ਫੈਲਣ ‘ਤੇ ਕਿ ਕਾਲੂਰਾਮ ਬਚਨਰਾਮ ਬੱਚਿਆਂ ਨੂੰ ਅਗਵਾ ਕਰਨ ਵਾਲਾ ਸ਼ਖ਼ਸ ਹੈ, ਤੋਂ ਬਾਅਦ ਭੀੜ ਨੇ ਉਸ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

# ਔਰਤਾਂ ਲਈ ਵਿਸ਼ਵ ’ਚ ਸਭ ਤੋਂ ਵੱਧ ਖ਼ਤਰਨਾਕ ਮੁਲਕ ਹੈ ਭਾਰਤ

## *ਅ.ਫ.ਗਾਨਿਸਤਾਨ ਤੇ ਸੀਰੀਆ ਨੂੰ ਮਿਲੀ ਦੂਜੀ ਤੇ ਤੀਜੀ ਥਾਂ*

**ਲੰਡਨ/ਬਿਊਰੋ ਨਿਊਜ਼ :** ਆਲਮੀ ਮਾਹਿਰਾਂ ਦੇ ਇਕ ਪੈਨਲ ਵੱਲੋਂ ਕੀਤੇ ਸਰਵੇਖਣ ਦੀ ਮੰਨੀਏ ਤਾਂ ਜਿਨਸੀ ਹਿੰਸਾ ਦੇ ਵਧੇਰੇ ਜੋਖ਼ਮ ਕਰਕੇ ਭਾਰਤ ਔਰਤਾਂ ਲਈ ਵਿਸ਼ਵ ਦੇ ਸਭ ਤੋਂ ਖ਼ਤਰਨਾਕ ਮੁਲਕਾਂ ‘ਚ ਸਿਖਰ ‘ਤੇ ਹੈ। ਇਸ ਸੂਚੀ ਵਿੱਚ ਦੂਜਾ ਤੇ ਤੀਜਾ ਨੰਬਰ ਜੰਗ ਦੇ ਝੰਬੇ ਅਫ਼ਗਾਨਿਸਤਾਨ ਤੇ ਸੀਰੀਆ ਦਾ ਹੈ। ਥੌਮਸਨ ਰਾਇਟਰਜ਼ ਫਾਊਂਡੇਸ਼ਨ ਦੇ 550 ਮਾਹਿਰਾਂ ਵੱਲੋਂ ਕੀਤੇ ਇਸ ਸਰਵੇਖਣ ਵਿੱਚ ਸੋਮਾਲੀਆ ਤੇ ਸਾਊਦੀ ਅਰਬ ਨੂੰ ਕ੍ਰਮਵਾਰ ਚੌਥਾ ਤੇ ਪੰਜਵਾਂ ਥਾਂ ਦਿੱਤਾ ਗਿਆ ਹੈ। ਇਨ੍ਹਾਂ ਮਾਹਿਰਾਂ ਦੀ ਮਹਿਲਾਵਾਂ ਦੇ ਮੁੱਦਿਆਂ ‘ਤੇ ਖਾਸੀ ਪਕੜ ਦੱਸੀ ਜਾਂਦੀ ਹੈ। 548 ਲੋਕਾਂ ‘ਤੇ ਅਧਾਰਿਤ ਇਹ ਸਰਵੇਖਣ 26 ਮਾਰਚ ਤੋਂ 4 ਮਈ ਦੇ ਅਰਸੇ ਦੌਰਾਨ ਆਨਲਾਈਨ, ਫੋਨ ਤੇ ਆਹਮੋ ਸਾਹਮਣੇ ਹੋ ਕੇ ਕੀਤਾ ਗਿਆ ਸੀ। ਸਰਵੇਖਣ ਵਿੱਚ ਯੂਰੋਪ, ਅਫ਼ਰੀਕਾ, ਅਮਰੀਕਾ, ਦੱਖਣ ਪੂਰਬੀ ਏਸ਼ੀਆ, ਦੱਖਣੀ ਏਸ਼ੀਆ ਤੇ ਪ੍ਰਸ਼ਾਂਤ ਖਿੱਤੇ ਦੇ ਲੋਕਾਂ ਤੋਂ ਸਵਾਲ ਪੁੱਛੇ ਗਏ।

ਫਾਊਂਡੇਸ਼ਨ ਮੁਤਾਬਕ, ‘ਇਸ ਸੂਚੀ ਵਿੱਚ ਪਹਿਲੇ ਦਸ ਮੁਲਕਾਂ ‘ਚ ਪੱਛਮੀ ਮੁਲਕਾਂ ‘ਚੋਂ ਸਿਰਫ਼ ਅਮਰੀਕਾ ਸ਼ਾਮਲ ਹੈ। ਉਂਜ ਜਦੋਂ ਜਿਨਸੀ ਹਿੰਸਾ ਤੇ ਤਸ਼ੱਦਦ ਦੇ ਵਧੇਰੇ ਜੋਖ਼ਮ ਨੂੰ ਲੈ ਕੇ ਸਵਾਲ ਪੁੱਛੇ ਗਏ ਤਾਂ ਲੋਕਾਂ ਨੇ ਜਿਹੜੇ ਜਵਾਬ ਦਿੱਤੇ ਉਸ ਆਧਾਰ ‘ਤੇ ਅਮਰੀਕਾ ਨੂੰ ਸਾਂਝੇ ਤੀਜੇ ਸਥਾਨ ‘ਤੇ ਰੱਖਿਆ ਗਿਆ।‘ ਇਸ ਤੋਂ ਪਹਿਲਾਂ ਸਾਲ 2011 ਵਿੱਚ ਵੀ ਅਫ਼ਗਾਨਿਸਤਾਨ, ਕਾਂਗੋ ਗਣਰਾਜ, ਪਾਕਿਸਤਾਨ, ਭਾਰਤ ਤੇ ਸੋਮਾਲੀਆ ਵਿੱਚ ਅਜਿਹਾ ਸਰਵੇਖਣ ਕੀਤਾ ਜਾ ਚੁੱਕਾ ਹੈ। ਸਰਵੇ ਦੌਰਾਨ ਲੋਕਾਂ ਨੂੰ ਪੁੱਛਿਆ ਗਿਆ ਸੀ ਕਿ ਉਹ ਸੰਯੁਕਤ ਰਾਸ਼ਟਰ ਦੇ 193 ਮੈਂਬਰ ਮੁਲਕਾਂ ‘ਚੋਂ ਕਿਹੜੇ ਪੰਜ ਮੁਲਕਾਂ ਨੂੰ ਮਹਿਲਾਵਾਂ ਲਈ ਸਭ ਤੋਂ ਖ਼ਤਰਨਾਕ ਮੰਨਦੇ ਹਨ। ਸਰਵੇ ਦਾ ਦੂਜਾ ਸਵਾਲ ਸੀ ਕਿ ਸਿਹਤ ਸੇਵਾਵਾਂ, ਆਰਥਿਕ ਵਸੀਲਿਆਂ, ਸਭਿਆਚਾਰਕ ਤੇ ਰਵਾਇਤੀ ਰੀਤੀ ਰਿਵਾਜਾਂ, ਜਿਨਸੀ ਹਿੰਸਾ ਤੇ ਤਸ਼ੱਦਦ, ਗੈਰ ਜਿਨਸੀ ਹਿੰਸਾ ਤੇ ਮਨੁੱਖੀ ਤਸਕਰੀ ਦੀ ਗੱਲ ਕਰੀਏ ਤਾਂ ਕਿਹੜੇ ਮੁਲਕ ‘ਚ ਹਾਲਾਤ ਬਦ ਤੋਂ ਬੱਦਤਰ ਹਨ। ਫਾਊਂਡੇਸ਼ਨ ਨੇ ਇਕ ਬਿਆਨ ਵਿੱਚ ਕਿਹਾ ਕਿ ਲੋਕਾਂ ਨੇ ਸਰਵੇਖਣ ਦੌਰਾਨ ਮਨੁੱਖੀ ਤਸਕਰੀ, ਜਿਨਸੀ ਸ਼ੋਸ਼ਣ ਤੇ ਘਰੇਲੂ ਕੰਮਕਾਜ ਲਈ ਗੁਲਾਮ ਬਣਾਉਣਾ, ਜਬਰੀ ਵਿਆਹ ਤੇ ਭਰੂਣ ਹੱਤਿਆ ਜਿਹੇ ਪੈਮਾਨਿਆਂ ਦੇ ਆਧਾਰ ‘ਤੇ ਭਾਰਤ ਨੂੰ ਮਹਿਲਾਵਾਂ ਲਈ ਸਭ ਤੋਂ ਖ਼ਤਰਨਾਕ ਮੁਲਕ ਦੱਸਿਆ ਹੈ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ

ਬਾਕੀ ਸਫ਼ਾ 29 ’ਤੇ

# ਉੱਘੇ ਪੰਜਾਬੀ ਸਾਹਿਤਕਾਰ ਜਸਵੰਤ ਸਿੰਘ ਕੰਵਲ ਦਾ ‘ਪੰਜਾਬ ਗੌਰਵ ਪੁਰਸਕਾਰ’ ਨਾਲ ਸਨਮਾਨ

## *ਲੇਖਕ ਜਥੇਬੰਦੀਆਂ ਤੇ ਸਾਹਿਤ ਪ੍ਰੇਮੀਆਂ ਨੇ ਘੱਤੀਆਂ ਪਿੰਡ ਢੁੱਡੀਕੇ ਵੱਲ ਵਹੀਰਾਂ*



**ਜਗਰਾਉਂ(ਢੁੱਡੀਕੇ)/ਬਿਊਰੋ ਨਿਊਜ਼ :** ਪੰਜਾਬੀ ਸਾਹਿਤ ਦੇ ਬਾਬਾ ਬੋਹੜ ਮੰਨੇ ਜਾਂਦੇ ਨਾਵਲਕਾਰ ਜਸਵੰਤ ਸਿੰਘ ਕੰਵਲ ਦਾ ਇਹ ਸੌਵਾਂ ਜਨਮ ਦਿਨ ਹੈ। ਕ੍ਰਿਕਟ ਵਿੱਚ ਸੈਂਕੜਾ ਮਾਰਨਾ ਤਾਂ ਆਮ ਗੱਲ ਹੈ, ਜਦਕਿ ਜ਼ਿੰਦਗੀ ਵਿਚ ਉਮਰ ਦਾ ਸੈਂਕੜਾ ਕੋਈ ਕੋਈ ਹੀ ਮਾਰਦਾ ਹੈ। ਇਹ ਖ਼ੁਸ਼ੀ ਵੀ ਹੁਣ ਤਕ ਦੇ ਛੋਟੇ-ਵੱਡੇ ਸਾਰੇ ਪੰਜਾਬੀ ਲੇਖਕਾਂ ਵਿੱਚੋਂ ਜਸਵੰਤ ਸਿੰਘ ਕੰਵਲ ਦੀ ਝੋਲੀ ਹੀ ਪਈ ਹੈ। ਉਨ੍ਹਾਂ ਅੰਗਰੇਜ਼ ਦੇ ਰਾਜ ਤੋਂ ਲੈ ਕੇ ‘ਆਪਣਿਆਂ‘ ਦੇ ਰਾਜ ਦੌਰਾਨ ਕਈ ਰੰਗਾਂ ਦੀਆਂ ਸਰਕਾਰਾਂ ਦੇਖੀਆਂ। ਪੁੱਤ, ਪੋਤਿਆਂ ਤੇ ਪੜਪੋਤੀ ਨੂੰ ਖਿਡਾਉਣ ਅਤੇ ਚਾਰ ਪੀੜ੍ਹੀਆਂ ਦਾ ਸੁੱਖ ਭੋਗਣ ਵਾਲੇ ਇਸ ਲੇਖਕ ਨੇ ਪੰਜਾਬ ਵਿੱਚ ਕਈ ਦੌਰ ਅਤੇ ਜ਼ਿੰਦਗੀ ਦੇ ਅਨੇਕਾਂ ਰੰਗ ਦੇਖੇ। ਜਦੋਂ ਪੰਜਾਬ ‘ਚ ਰੂਸੀ ਸਾਹਿਤ ਦਾ ਪੰਜਾਬੀ ਅਨੁਵਾਦ ਪੜ੍ਹਨ ਵਾਲਿਆਂ ਦੀ ਗਿਣਤੀ ਵਿਚ ਕਾਫੀ ਵਾਧਾ ਹੋ ਰਿਹਾ ਸੀ। ਕਾਲਜਾਂ ਵਿਚ ਪੜ੍ਹਦੇ ਮੁੰਡੇ ਕੁੜੀਆਂ ਨੂੰ ਰੂਸੀ ਲੇਖਕਾਂ ਦੇ ਨਾਂ ਰਟ ਗਏ ਸਨ, ਅਜਿਹੇ ਵਿਚ ਪੰਜਾਬੀ ਦੇ ਦੋ ਚਾਰ ਲੇਖਕ ਹੀ ਸਨ ਜਿਹੜੇ ‘ਟੱਕਰ‘ ਦੇ ਰਹੇ ਸਨ। ਇਨ੍ਹਾਂ ਵਿੱਚੋਂ ਜਸਵੰਤ ਸਿੰਘ ਕੰਵਲ ਦਾ ਨਾਂ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਸਾਹਿਤ ਪ੍ਰੇਮੀ ਕੰਵਲ ਦੇ ਹਰ ਨਵੇਂ ਨਾਵਲ ਨੂੰ ਬੇਸਬਰੀ ਨਾਲ ਉਡੀਕਦੇ ਰਹੇ ਹਨ।‘ਪਾਲੀ‘, ‘ਪੂਰਨਮਾਸ਼ੀ‘, ‘ਰਾਤ ਬਾਕੀ ਹੈ‘ ਸਮੇਤ ਹੋਰਨਾਂ ਕਈ ਨਾਵਲਾਂ ਵਿਚਲੇ ਕਿਰਦਾਰ ਪੰਜਾਬੀਆਂ ਦੇ ਜ਼ਿਹਨ ਵਿਚ ਉੱਕਰੇ ਪਏ ਹਨ।

ਮੋਗਾ ਜ਼ਿਲ੍ਹੇ ਦੇ ਪਿੰਡ ਢੁੱਡੀਕੇ ਵਿੱਚ 27 ਜੂਨ 1919 ਨੂੰ ਸ੍ਰੀ ਮਾਹਲਾ ਸਿੰਘ ਦੇ ਘਰ ਜਨਮ ਲੈਣ ਵਾਲੇ ਜਸਵੰਤ ਸਿੰਘ ਕੰਵਲ ਲਗਪਗ 90 ਕਿਤਾਬਾਂ ਲਿਖ ਚੁੱਕੇ ਹਨ। 1997 ਵਿੱਚ ‘ਤੌਸ਼ਾਲੀ ਦੀ ਹੰਸੋ‘ ਨਾਵਲ ਉੱਤੇ ਭਾਰਤੀ ਸਹਿਤ ਅਕਾਦਮੀ ਦਾ ਪੁਰਸਕਾਰ ਹਾਸਲ ਕਰਨ ਤੋਂ ਬਿਨਾਂ ਸਾਹਿਤ ਰਤਨ, ਸ਼੍ਰੋਮਣੀ ਸਾਹਿਤਕਾਰ, ਸਰਵਸ੍ਰੇਸ਼ਟ ਸਹਿਤਕਾਰ ਅਤੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਵਰਗੇ ਅਨੇਕਾਂ ਪੁਰਸਕਾਰਾਂ ਨਾਲ ਉਨ੍ਹਾਂ ਦਾ ਸਨਮਾਨ ਕੀਤਾ ਜਾ ਚੁੱਕਾ ਹੈ। ਸੱਚ ਨੂੰ ਫਾਂਸੀ, ਰਾਤ ਬਾਕੀ ਹੈ, ਪੂਰਨਮਾਸ਼ੀ, ਲਹੂ ਦੀ ਲੋਅ ਅਤੇ ਐਨਿਆ ‘ਚੋਂ ਉੱਠੋ ਸੂਰਮਾ, ਉਨ੍ਹਾਂ ਦੇ ਚਰਚਿਤ ਨਾਵਲ ਹਨ।

ਸੌਵੇਂ ਜਨਮ ਦਿਨ ਮੌਕੇ ਮੋਗਾ ਜ਼ਿਲ੍ਹੇ ਦੇ ਜਗਰਾਉਂ ਨੇੜਲੇ ਇਤਿਹਾਸਕ ਪਿੰਡ ਢੁੱਡੀਕੇ ਵਿੱਚ ਉਨ੍ਹਾਂ ਦੇ ਜਨਮ ਦਿਨ ਨੂੰ ਲੈ ਕੇ ਵਿਆਹ ਵਰਗਾ ਮਾਹੌਲ ਰਿਹਾ। ਪਿੰਡ ਵਾਸੀ ਉਂਜ ਤਾਂ ਕਈ ਸਾਲਾਂ ਤੋਂ ਉਨ੍ਹਾਂ ਦਾ ਜਨਮ ਦਿਨ ਮਨਾਉਂਦੇ ਆ ਰਹੇ ਹਨ ਪਰ ਐਤਕੀਂ ਨਜ਼ਾਰਾ ਕੁਝ ਵੱਖਰਾ ਸੀ। ਕਈ ਲੇਖਕ ਜਥੇਬੰਦੀਆਂ ਕਾਫਲੇ ਬੰਨ੍ਹ ਕੇ ਢੁੱਡੀਕੇ ਪਹੁੰਚੀਆਂ। ਉਨ੍ਹਾਂ ਦੇ ਪੁੱਤਰ ਸਰਬਜੀਤ ਸਿੰਘ ਤੇ ਪੋਤਿਆਂ ਸੁਮੀਤ ਸਿੰਘ ਤੇ ਹਰਮੀਤ ਸਿੰਘ ਦੇ ਖ਼ੁਸ਼ੀ ਦੇ ਇਸ ਮੌਕੇ ਪੈਰ ਧਰਤੀ ‘ਤੇ ਨਹੀਂ ਲੱਗ ਰਹੇ ਸਨ।

ਜਸਵੰਤ ਕੰਵਲ ਨੂੰ ‘ਪਦਮ ਵਿਭੂਸ਼ਨ‘ ਦੇਣ ਦੀ ਮੰਗ ਹੋ ਰਹੀ ਹੈ। ਪੰਜਾਬ ਕਲਾ ਪ੍ਰੀਸ਼ਦ ਵੱਲੋਂ ਉਨ੍ਹਾਂ ਨੂੰ ‘ਪੰਜਾਬ ਗੌਰਵ ਪੁਰਸਕਾਰ‘ ਨਾਲ ਸਨਮਾਨਿਆ ਗਿਆ ਹੈ। 1943 ਵਿੱਚ ‘ਸੱਚ ਨੂੰ ਫਾਂਸੀ‘ ਚਾੜ੍ਹਨ ਵਾਲੇ ਕੰਵਲ 98 ਸਾਲ ਦੀ ਉਮਰ ‘ਧੁਰ ਦਰਗਾਹ‘ ਦੀ ਬਾਤ ਪਾ ਗਏ। ਸੌਵੇਂ ਜਨਮ ਦਿਨ ਤੋਂ ਕੁਝ ਘੰਟੇ ਪਹਿਲਾਂ ਇਕ ਵਿਸ਼ੇਸ਼ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਹੁਣ ਕੋਈ ਕਿਤਾਬ ਜਾਂ ਨਾਵਲ ਲਿਖਣ ਦਾ ਰੀਝ ਬਾਕੀ ਨਹੀਂ ਪਰ ਲਿਖਣਾ ਤੇ ਪੜ੍ਹਨਾ ਜਾਰੀ ਹੈ।

ਪਿੰਡ ਢੁੱਡੀਕੇ ਵਿਚ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਪਰਸਨ ਡਾ. ਸੁਰਜੀਤ ਪਾਤਰ ਤੇ ਸਕੱਤਰ ਜਨਰਲ ਡਾ. ਲਖਵਿੰਦਰ ਜੌਹਲ ਨੇ ਉਨ੍ਹਾਂ ਦਾ ‘ਪੰਜਾਬ ਗੌਰਵ ਪੁਰਸਕਾਰ‘ ਨਾਲ ਸਨਮਾਨ ਕੀਤਾ, ਜਿਸ ਵਿੱਚ ਇੱਕ ਲੱਖ ਰੁਪਏ ਦੀ ਰਾਸ਼ੀ, ਦੋਸ਼ਾਲਾ ਤੇ ਸਨਮਾਨ ਪੱਤਰ ਸ਼ਾਮਲ ਹਨ। ਇਸ ਮੌਕੇ ਡਾ.ਸੁਰਜੀਤ ਪਾਤਰ ਨੇ ਕਿਹਾ ਕਿ ਪੰਜਾਬੀ ਸਾਹਿਤ ਜਗਤ ਲਈ ਇਹ ਖ਼ੁਸ਼ੀ ਦਾ ਮੌਕਾ ਹੈ ਜਦੋਂ ਪੰਜਾਬੀ ਦੇ ਚੋਟੀ ਦੇ ਸਾਹਿਤਕਾਰ ਸ੍ਰੀ ਜਸਵੰਤ ਸਿੰਘ ਕੰਵਲ ਦੇ 100ਵੇਂ ਜਨਮ ਦਿਨ ਨੂੰ ਮਨਾਉਣ ਦਾ ਮੌਕਾ ਮਿਲਿਆ ਹੈ। ਪੰਜਾਬ ਕਲਾ ਪ੍ਰੀਸ਼ਦ ਦੇ ਸਕੱਤਰ ਜਨਰਲ ਡਾ. ਲਖਵਿੰਦਰ ਜੌਹਲ ਨੇ ਦੱਸਿਆ ਕਿ ਪੰਜਾਬ ਕਲਾ ਪ੍ਰੀਸ਼ਦ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਪੰਜਾਬੀ ਸਾਹਿਤ ਦੀ ਝੋਲੀ ਅਨੇਕਾਂ ਪੁਸਤਕਾਂ ਪਾਉਣ ਵਾਲੇ ਉਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ 100ਵੇਂ ਜਨਮ ਦਿਨ ਦੀਆਂ ਖ਼ੁਸ਼ੀਆਂ ਉਨ੍ਹਾਂ ਦੇ ਘਰ ਜਾ ਕੇ ਮਨਾਈਆਂ ਜਾਣ। ਇਸ ਦੌਰਾਨ ਚੰਡੀਗੜ੍ਹ ਵਿਚ ਇੱਕ ਅਹਿਮ ਮੀਟਿੰਗ ਵਿੱਚ ਹਿੱਸਾ ਲੈਣ ਕਾਰਨ ਪੰਜਾਬ ਦੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਢੁੱਡੀਕੇ ਵਿਖੇ ਸਮਾਗਮ ਵਿੱਚ ਹਿੱਸਾ ਨਾ ਲੈ ਸਕੇ। ਸ੍ਰੀ ਕੰਵਲ ਨੂੰ ‘ਪਦਮ ਵਿਭੂਸ਼ਣ‘ ਨਾਲ ਸਨਮਾਨਤ ਕਰਨ ਦੀ ਮੰਗ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ।


Global Solution for Transportation

GLOBAL SOLUTION FOR TRANSPORTATION

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)



Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address:
4646 Qantas Ln, Ste B14
Stockton CA 95206



Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.



BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh
Contact any time from anywhere

Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਕਰਮਨ ਪੰਜਾਬੀ ਸਕੂਲ ਦਾ ਸਾਲਾਨਾ ਸੱਭਿਆਚਾਰਕ ਪ੍ਰੋਗਰਾਮ ਛੱਡ ਗਿਆ ਅਮਿੱਟ ਪੈੜਾਂ






**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਕੈਲੀਫੋਰਨੀਆ ਵਿਚ ਫਰਿਜ਼ਨੋ ਨਜ਼ਦੀਕੀ ਕਰਮਨ ਸ਼ਹਿਰ ਵਿਖੇ ਕਰਮਨ ਪੰਜਾਬੀ ਸਕੂਲ ਵੱਲੋਂ ਸਾਲ ਦੀ ਸਮਾਪਤੀ 'ਤੇ ਪਰਿਵਾਰਕ ਮਿਲਣੀ ਅਤੇ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ। ਇਹ ਸਕੂਲ ਪਿਛਲੇ ਕਈ ਸਾਲਾਂ ਤੋਂ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ, ਗੁਰਮੁੱਖੀ ਲਿੱਪੀ, ਗੁਰਮਤਿ ਸਿੱਖਿਆ ਅਤੇ ਪੰਜਾਬੀ ਸੱਭਿਆਚਾਰ ਦੀ ਸਿੱਖਿਆ ਦਿੰਦਾ ਆ ਰਿਹਾ ਹੈ। ਇਸ ਪ੍ਰੋਗਰਾਮ ਦੀ ਸੁਰੂਆਤ ਕੁਲਵੰਤ ਸਿੰਘ ਉੱਭੀ ਨੇ ਸਭ ਨੂੰ 'ਜੀ ਆਇਆਂ' ਕਹਿਣ ਨਾਲ ਕੀਤੀ। ਇਸ ਉਪਰੰਤ ਬੱਚਿਆ ਨੇ ਗੁਰਮਤਿ ਮਰਿਆਦਾ ਅਨੁਸਾਰ 'ਮੂਲ-ਮੰਤਰ' ਦਾ ਸਿਮਰਨ ਕੀਤਾ। ਸਕੂਲ ਦੇ ਪ੍ਰਧਾਨ ਸ. ਗੁਰਜੰਟ ਸਿੰਘ ਗਿੱਲ ਨੇ ਸਮੁੱਚੇ ਪ੍ਰਬੰਧਕੀ ਬੋਰਡ ਮੈਂਬਰਾਂ ਦੀ ਤਾਰੀਫ ਕੀਤੀ, ਜਿਨਾਂ ਦੇ ਯੋਗਦਾਨ ਨਾਲ ਸਕੂਲ ਦੀਆਂ ਪੰਜਾਬੀ ਦੇ ਵਿਕਾਸ ਪ੍ਰਤੀ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਇਸ ਉਪਰੰਤ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਦੇ ਸਮੂਹ ਮੈਂਬਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾਂ ਗਆ। ਅਧਿਆਪਕਾਂ ਅਤੇ ਵਲੰਟੀਅਰਾ ਨੂੰ ਵੀ ਹਾਜ਼ਰੀਨ ਦੇ ਰੂਬਰੂ ਕਰਦੇ ਹੋਏ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਪੜਾਈ, ਗੁਰਬਾਣੀ ਉਚਾਰਨ ਅਤੇ ਸੱਭਿਆਚਾਰਿਕ ਸਰਗਰਮੀਆਂ ਵਿੱਚ ਪਹਿਲੇ ਸਥਾਨ 'ਤੇ ਰਹਿਣ ਵਾਲੇ ਬੱਚਿਆਂ ਨੂੰ ਸਰਟੀਫ਼ਿਕੇਟ ਅਤੇ ਟ੍ਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਆਪਣੇ ਸੱਭਿਆਚਾਰ ਪ੍ਰਤੀ ਪਿਆਰ ਦਿਖਾਉਦੇ ਹੋਏ ਗਿੱਧੇ ਅਤੇ ਭੰਗੜੇ ਦੇ ਵੱਖ-ਵੱਖ ਗਰੁੱਪਾਂ ਵਿਚ ਜੌਹਰ ਦਿਖਾਏ ਗਏ। ਇਸ ਸਮੇਂ ਬੱਚਿਆਂ ਵੱਲੋਂ ਸਪੀਚ ਅਤੇ ਸਕਿੱਟਾਂ ਵੀ ਪੇਸ਼ ਕੀਤੀਆਂ ਗਈਆਂ।ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਮੈਂਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਪੰਜਾਬ ਤੋਂ ਪਹੁੰਚੇ ਹਰਜਿੰਦਰ ਸਿੰਘ ਖਾਲਸਾ ਅਤੇ ਕਰਮਨ ਸ਼ਹਿਰ ਦੀ ਪੁਲੀਸ਼ ਦੇ ਮੁਖੀ ਨੇ ਵੀ ਸੰਬੋਧਿਤ ਕੀਤਾ। ਕੈਲੀਫੋਰਨੀਆਂ ਦੇ ਪ੍ਰਸਿੱਧ ਕਮੇਡੀਅਨ ਵਿਜੈ ਸਿੰਘ ਨੇ ਕਮੇਡੀ ਅਤੇ ਗਾਇਕਾ ਰਣਜੀਤ ਕੌਰ ਨੇ ਗਾਇਕੀ ਰਾਹੀ ਹਾਜ਼ਰੀਨ ਦਾ ਮੰਨੋਰੰਜਨ ਕੀਤਾ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਕੁਲਵੰਤ ਸਿੰਘ ਉੱਭੀ ਅਤੇ ਦਵਿੰਦਰ ਕੌਰ ਸਰਾਂ ਨੇ ਬਾਖੂਬੀ ਕੀਤਾ। ਇਸ ਤੋਂ ਇਲਾਵਾ ਬੱਚਿਆ ਲਈ ਹੌਸਲਾ ਅਫਜ਼ਾਈ ਕਰਦੇ ਹੋਏ ਬਹੁਤ ਸਾਰੇ ਰੈਂਫਲ ਡਰਾਅ ਵੀ ਕੱਢੇ ਗਏ।

ਇਸ ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਅਧਿਆਪਕ ਕਮਲਜੀਤ ਸਿੰਘ ਸਰਾਂ, ਸੁਖਵਿੰਦਰ ਕੌਰ ਸਰਾਂ, ਰਾਜਿੰਦਰ ਕੌਰ ਗਿੱਲ, ਦਵਿੰਦਰ ਕੌਰ ਸਰ੍ਹਾਂ, ਕਮਲਜੀਤ ਕੌਰ ਬੈਂਸ, ਬਲਜੀਤ ਕੌਰ ਜੌਹਲ, ਜਸਮੀਤ ਕੌਰ ਹੇਅਰ, ਸਿਮਰਦੀਪ ਕੌਰ ਹੇਅਰ, ਜਸਮੀਨ ਮਾਨ, ਬਲਜੀਤ ਕੌਰ ਸਰਾਂ, ਮਨੀ ਹੇਅਰ ਅਤੇ ਗੁਰਪ੍ਰੀਤ ਕੌਰ ਬਰਾੜ, ਗੁਰਪ੍ਰੀਤ ਗਿੱਲ, ਗੁਰਪ੍ਰੀਤ ਜਾਨੀ, ਹਰਦੀ ਕੌਰ ਜਾਨੀ ਤੇ ਗੁਰਦੀਪ ਨਾਹਲ ਨੇ ਭਰਵਾਂ ਯੋਗਦਾਨ ਪਾਇਆ। ਅੰਤ ਵਿਚ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

## ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਭੁਪਿੰਦਰ ਸਿੰਘ ਅਟਵਾਲ ਦਾ ਸਨਮਾਨ



**ਸੈਨਹੋਜ਼ੇ/ਬਿਊਰੋ ਨਿਊਜ਼ :** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿਲ ਨਿਊਯਾਰਕ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਜਦੋਂ ਘਰੇਲੂ ਫੇਰੀ ਦੌਰਾਨ ਗੁਰਦੁਆਰਾ ਸਾਹਿਬ ਸੈਨਹੋਜ਼ੇ, ਕੈਲੀਫੋਰਨੀਆ ਵਿਚ ਨਤਮਸਤਕ ਹੋਣ ਲਈ ਆਏ ਤਾਂ ਉਥੋਂ ਦੀ ਪ੍ਰਬੰਧਕ ਕਮੇਟੀ ਵਲੋਂ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਰਾਹੀਂ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨ ਕਰਨ ਵਾਲਿਆਂ ਵਿਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਜਨਰਲ ਸਕੱਤਰ ਭਾਈ ਪ੍ਰੀਤਮ ਸਿੰਘ ਗਰੇਵਾਲ ਵੀ ਹਾਜ਼ਰ ਸਨ।

## ਗੁਰੂ ਅਰਜਨ ਦੇਵ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ

**ਸੈਂਟਾਕਲਾਰਾ/ਬਿਊਰੋ ਨਿਊਜ਼ :** ਅਮਰੀਕੀ ਪੰਜਾਬੀ ਕਵੀਆਂ ਵਲੋਂ ਸਿਲੀਕਾਨ ਵੈਲੀ ਦੇ ਗੁਰਦੁਆਰਾ 2356, ਵਾਲਸ਼ ਐਵੇਨਿਊ ਵਿਖੇ ਚਲਦੇ ਦੀਵਾਨਾਂ ਵਿਚ 'ਸ਼ਹੀਦੀ ਗੁਰੂ ਅਰਜਨ ਦੇਵ ਜੀ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੌਸ਼ਨੀ ਪਾਈ ਗਈ ਕਿ ਕਿਵੇਂ ਉਸ ਵਕਤ ਸਿੱਖ ਧਰਮ ਦੇ ਪ੍ਰਚਾਰ ਦੀ ਵਧ ਰਹੀ ਲਹਿਰ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੀ ਸਿੱਖ ਧਰਮ ਅਪਨਾਉਣ ਲਈ ਪ੍ਰੇਰਿਆ। ਇਹ ਗੱਲ ਕੱਟੜ ਸ਼ਰਈ ਮੁਸਲਮਾਨਾਂ ਨੂੰ ਬਹੁਤ ਚੁਭ ਰਹੀ ਸੀ। ਜਹਾਂਗੀਰ ਦੇ ਤਖ਼ਤ 'ਤੇ ਬੈਠਦਿਆਂ ਹੀ ਕੱਟੜ ਮੁਲਾਣਿਆਂ ਨੇ ਮੁਗ਼ਲ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਸਿੱਖ ਲਹਿਰ ਇਸਲਾਮ ਦੀ ਤਰੱਕੀ ਵਿਚ ਰੋੜਾ ਹੈ। ਜਹਾਂਗੀਰ ਨੇ ਬਹਾਨੇ ਨਾਲ ਗੁਰੂ ਜੀ ਨੂੰ ਅਣ ਮਨੁੱਖੀ ਤਸੀਹੇ ਦੇ ਕੇ ਸ਼ਹੀਦ ਕਰਵਾ ਦਿੱਤਾ। ਗੁਰੂ ਜੀ ਨੇ ਮੀਆਂ ਮੀਰ ਨੂੰ ਦੱਸਿਆ ਕਿ ਉਹ ਤਸੀਹੇ ਕੌਮ ਲਈ ਮਿਸਾਲ ਪੈਦਾ ਕਰਨ ਲਈ ਜ਼ਰ ਰਹੇ ਹਨ। ਇਹ ਕੁਰਬਾਨੀ ਆਉਣ ਵਾਲੇ ਸਮੇਂ ਵਿਚ ਹਥਿਆਰਬੰਦ ਹੋਣ ਦੀ ਸ਼ੁਰੂਆਤ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇ ਧਰਮ ਸੰਕਲਪ ਨੂੰ ਜਿੰਦਾ ਰੱਖਣ ਲਈ ਅਦੁੱਤੀ ਕੁਰਬਾਨੀ ਦਿੱਤੀ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਸ਼ਾਮਲ ਕਵੀਆਂ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਅਮਰਜੀਤ ਸਿੰਘ ਮੁਲਤਾਨੀ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਧਾਰਮਿਕ ਤੇ ਸ਼ਹੀਦੀ ਰੰਗ ਦੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।



ਸੰਗਤ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਇਕ ਪ੍ਰੋਗਰਾਮ ਸਫ਼ਲਤਾ ਨਾਲ ਸਿਰੇ ਚੜ੍ਹਿਆ। ਮੁੱਖ ਸੇਵਾਦਾਰ ਅਮਰਜੀਤ ਸਿੰਘ ਮੁਲਤਾਨੀ ਵਲੋਂ ਪ੍ਰੋਗਰਾਮ ਦੀ ਸਫਲਤਾ ਉਤੇ ਖੁਸ਼ੀ ਪ੍ਰਗਟਾਈ ਗਈ ਅਤੇ ਆਏ ਕਵੀਆਂ ਦਾ ਸਨਮਾਨ ਕੀਤਾ ਗਿਆ।


# WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205

## ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਕਨਿਸ਼ਕ ਕਾਂਡ ਦੀ ਬਰਸੀ 'ਤੇ ਪੀੜਤਾਂ ਨੂੰ ਸ਼ਰਧਾਂਜਲੀ

**ਓਟਾਵਾ/ਬਿਊਰੋ ਨਿਊਜ਼ :** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 1985 'ਚ ਏਅਰ ਇੰਡੀਆ ਦੀ ਉਡਾਣ ਨੂੰ ਬੰਬ ਧਮਾਕੇ ਨਾਲ ਉਡਾਉਣ ਦੀ ਘਟਨਾ ਨੂੰ ਦੇਸ਼ ਦੇ ਇਤਿਹਾਸ ਦਾ ਸਭ ਤੋਂ ਘਿਨਾਉਣਾ ਦਹਿਸ਼ਤੀ ਹਮਲਾ ਕਰਾਰ ਦਿੰਦਿਆਂ ਇਸ ਹਮਲੇ 'ਚ



ਮਾਰੇ ਗਏ 329 ਵਿਅਕਤੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਹਰ ਕਿਸਮ ਦੇ ਅਤਿਵਾਦ ਦੀ ਨਿੰਦਾ ਕਰਦਾ ਹੈ ਤੇ ਹਰ ਕਿਤੇ ਕੱਟੜਵਾਦ ਤੇ ਅਤਿਵਾਦ ਖਿਲਾਫ਼ ਲੜਾਈ ਵਿਚ ਸਾਥ ਦੇਣ ਦਾ ਅਹਿਦ ਦ੍ਰਿੜਾਉਂਦਾ ਹੈ। ਜ਼ਿਕਰਯੋਗ ਹੈ ਕਿ ਏਅਰ ਇੰਡੀਆ ਦੀ ਉਡਾਣ 182 ਲੰਡਨ ਜਾ ਰਹੀ ਸੀ ਇਸ ਨੇ ਟੋਰਾਂਟੋ ਅਤੇ ਮੌਂਟਰੀਅਲ ਤੋਂ ਸਵਾਰੀਆਂ ਲਈਆਂ ਸਨ। ਇਸ ਜਹਾਜ਼ ਵਿੱਚ 329 ਵਿਅਕਤੀ ਸਵਾਰ ਸਨ। ਜੂਨ 23, 1985 ਨੂੰ ਇਹ ਜਹਾਜ਼ ਕੋਸਟ ਆਫ ਆਇਰਲੈਂਡ ਦੇ ਰਾਡਾਰ ਤੋਂ ਗਾਇਬ ਹੋ ਗਿਆ। ਕੈਨੇਡਾ ਵਿੱਚ ਇਸ ਜਹਾਜ਼ ਵਿਚ ਬੰਬ ਰੱਖਿਆ ਗਿਆ ਸੀ ਜੋ ਉਡਾਣ ਭਰਦੇ ਹੀ ਫਟ ਗਿਆ ਤੇ ਇਸ ਵਿਚ ਸਾਰੇ ਸਵਾਰ 329 ਵਿਅਕਤੀ ਮਾਰੇ ਗਏ ਜਿਨ੍ਹਾਂ ਵਿਚੋਂ 280 ਕੈਨੇਡਾ ਦੇ ਨਿਵਾਸੀ ਸਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੰਬ ਧਮਾਕੇ ਦੀ ਇਸ ਘਟਨਾ ਨੂੰ ਦੇਸ਼ ਦੇ ਇਤਿਹਾਸ ਦਾ ਸਭ ਤੋਂ ਘਿਨਾਉਣਾ ਦਹਿਸ਼ਤੀ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਭਿਆਨਕ, ਘਿਨਾਉਣੀ ਅਤੇ ਤਬਾਹਕੁਨ ਘਟਨਾ ਨੇ ਪਰਿਵਾਰਾਂ ਅਤੇ ਦੋਸਤਾਂ ਨੂੰ ਉਨ੍ਹਾਂ ਦੇ ਆਪਣਿਆਂ ਦੇ ਜਾਣ ਦਾ ਦਰਦ ਦੇ ਕੇ ਦੁਖੀ ਕੀਤਾ, ਇਹ ਦਰਦ ਕਦੇ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਹਾਦਸੇ ਅਤੇ ਪਰਖ ਦੀ ਘੜੀ ਵਿੱਚ ਕੈਨੇਡਾ ਵਾਸੀਆਂ ਨੇ ਅਜਿਹੀਆਂ ਕਦਰਾਂ ਦਾ ਮੁਜ਼ਾਹਰਾ ਕੀਤਾ ਜੋ ਉਨ੍ਹਾਂ ਨੂੰ ਨੇੜੇ ਲਿਆਈਆਂ। ਉਨ੍ਹਾਂ ਕਿਹਾ,"ਤਰਸ, ਨਿਆਂ ਅਤੇ ਸਮਾਨਤਾ ਉਨ੍ਹਾਂ ਤਾਕਤਾਂ ਤੋਂ ਵਧੇਰੇ ਮਜ਼ਬੂਤ ਹਨ ਜੋ ਸਾਡੇ ਵਿੱਚ ਪਾੜਾ ਪਾਉਣ ਵਿਚ ਨਾਕਾਮ ਰਹੀਆਂ।"

ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਕਿਹਾ ਕਿ ਕੇਵਲ ਇਕ ਵਿਅਕਤੀ ਨੂੰ ਨਿਆਂ ਦੇ ਸਨਮੁਖ ਲਿਆਂਦਾ ਗਿਆ ਤੇ ਅਜੇ ਬਹੁਤ ਸਾਰੇ ਆਜ਼ਾਦ ਘੁੰਮ ਰਹੇ ਹਨ। ਜਾਂਚ ਉਦੋਂ ਤਕ ਪੂਰੀ ਨਹੀਂ ਹੋ ਸਕਦੀ ਜਦੋਂ ਤਕ ਇਨ੍ਹਾਂ ਨੂੰ ਨਿਆਂ ਦੇ ਸਨਮੁੱਖ ਨਹੀਂ ਲਿਆਂਦਾ ਜਾਂਦਾ।

*ਭਾਰਤੀ ਹਾਈ ਕਮਿਸ਼ਨਰ ਨੂੰ ਗੁਰਦੁਆਰਾ ਪੰਜਾ ਸਾਹਿਬ 'ਚ ਦਾਖਲ ਨਾ ਹੋਣ ਦੇਣ ਦਾ ਮਾਮਲਾ*

# ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਲੌਂਗੋਵਾਲ ਪਾਕਿਸਤਾਨ 'ਤੇ ਬੇਵਜ੍ਹਾ ਭੜਕਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਪਾਕਿਸਤਾਨ ਵਿੱਚ ਭਾਰਤੀ ਹਾਈ ਕਮਿਸ਼ਨਰ ਅਜੈ ਬਿਸਾਰੀਆ ਨੂੰ ਗੁਰਦੁਆਰਾ ਪੰਜਾ ਸਾਹਿਬ, ਹਸਨ ਅਬਦਾਲ ਵਿੱਚ ਦਾਖ਼ਲ ਹੋਣ ਤੋਂ ਰੋਕੇ ਜਾਣ 'ਤੇ ਭਾਰਤ ਵੱਲੋਂ ਪਾਕਿਸਤਾਨ ਕੋਲ ਸਖ਼ਤ ਰੋਸ ਪ੍ਰਗਟਾਇਆ ਗਿਆ ਹੈ। ਦੂਸਰੇ ਪਾਸੇ ਪਾਕਿਸਤਾਨ ਸਰਕਾਰ ਨੇ ਭਾਰਤੀ ਰੋਸ-ਪੱਤਰ ਨੂੰ ਰੱਦ ਕੀਤਾ ਹੈ। ਬਿਸਾਰੀਆ ਹਸਨ ਅਬਦਾਲ ਭਾਰਤੀ ਸਿੱਖਾਂ ਦੇ ਉਸ ਜਥੇ ਨੂੰ ਮਿਲਣ ਗਏ ਸਨ ਜੋ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਪਾਕਿਸਤਾਨ ਗਿਆ ਹੋਇਆ ਹੈ। ਮਹਾਰਾਜੇ ਦੀ ਸਮਾਧ ਭਾਵੇਂ ਲਾਹੌਰ ਵਿੱਚ ਹੈ ਪਰ ਰਵਾਇਤਾਂ ਮੁਤਾਬਿਕ ਮਹਾਰਾਜੇ ਦੀ ਬਰਸੀ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ ਸਿੱਖ ਜਥਿਆਂ ਨੂੰ ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨ ਜ਼ਰੂਰ ਕਰਵਾਏ ਜਾਂਦੇ ਹਨ। ਇਹ ਤੀਰਥ ਅਸਥਾਨ, ਇਸਲਾਮਾਬਾਦ ਤੋਂ ਮਹਿਜ਼ 65 ਕਿਲੋਮੀਟਰ ਦੀ ਦੂਰੀ 'ਤੇ ਹੈ। ਮੀਡੀਆ ਰਿਪੋਰਟਾਂ ਅਨੁਸਾਰ ਦੋ ਮਹੀਨਿਆਂ ਦੌਰਾਨ ਇਹ ਦੂਜੀ ਵਾਰ ਹੈ ਜਦੋਂ ਬਿਸਾਰੀਆ ਨਾਲ ਅਜਿਹਾ ਵਿਹਾਰ ਕੀਤਾ ਗਿਆ। ਭਾਰਤੀ ਹਾਈ ਕਮਿਸ਼ਨਰ ਤੇ ਹੋਰ ਸਫ਼ਾਰਤੀ ਅਧਿਕਾਰੀ ਪਾਕਿਸਤਾਨੀ ਵਿਦੇਸ਼ ਮੰਤਰਾਲੇ ਤੋਂ ਮਨਜ਼ੂਰੀ ਲੈ ਕੇ ਹਸਨ ਅਬਦਾਲ ਗਏ ਸਨ ਪਰ ਉਨ੍ਹਾਂ ਨੂੰ ਉੱਥੇ ਗੁਰਦਆਰੇ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ ਗਿਆ।

ਭਾਰਤ ਸਰਕਾਰ ਨੇ ਪਾਕਿਸਤਾਨੀ ਡਿਪਟੀ ਹਾਈ ਕਮਿਸ਼ਨਰ ਨੂੰ ਵਿਦੇਸ਼ ਦਫ਼ਤਰ ਤਲਬ ਕਰਕੇ ਸੌਂਪੇ ਰੋਸ ਪੱਤਰ ਵਿੱਚ ਪਾਕਿਸਤਾਨੀ ਕਾਰਵਾਈ ਨੂੰ ਵੀਏਨਾ ਕਨਵੈਨਸ਼ਨ ਦੀ ਉਲੰਘਣਾ ਦੱਸਿਆ ਹੈ। ਦੂਜੇ ਪਾਸੇ ਪਾਕਿਸਤਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸੁਰੱਖਿਆ ਕਾਰਨਾਂ ਕਰਕੇ ਅਜਿਹਾ ਕੀਤਾ ਹੈ, ਕਿਉਂਕਿ ਗਰਮਖਿਆਲੀ ਸਿੱਖਾਂ ਵੱਲੋਂ ਭਾਰਤੀ ਸਫ਼ਾਰਤੀ ਅਧਿਕਾਰੀਆਂ ਉੱਪਰ ਹਮਲੇ ਕਰਨ ਦੀਆਂ ਘਟਨਾਵਾਂ ਪਹਿਲਾਂ ਵਾਪਰ ਚੁੱਕੀਆਂ ਹਨ। ਜਿਵੇਂ ਕਿ ਭਾਰਤ ਵਿਚ ਵਿਵਾਦਗ੍ਰਸਤ ਫ਼ਿਲਮ ਦੇ ਰਿਲੀਜ਼ ਖਿਲਾਫ਼ ਸਿੱਖ ਸ਼ਰਧਾਲੂਆਂ ਵਲੋਂ ਕੀਤੇ ਜਾ ਰਹੇ ਪ੍ਰਦਰਸ਼ਨ ਕਾਰਨ ਭਾਰਤੀ ਰਾਜਦੂਤ ਆਪਣਾ ਦੌਰਾ ਰੱਦ ਕਰਨ ਲਈ ਸਹਿਮਤ ਹੋ ਗਏ ਸਨ।

ਸੱਚ ਇਹ ਵੀ ਹੈ ਕਿ ਭਾਰਤੀ ਵਿਦੇਸ਼ ਮੰਤਰਾਲੇ ਵਾਂਗ ਪਾਕਿਸਤਾਨੀ ਵਿਦੇਸ਼ ਦਫ਼ਤਰ ਵੱਲੋਂ ਵੀ ਭਾਰਤ ਉੱਤੇ ਅਜਮੇਰ ਸ਼ਰੀਫ਼ ਜਾਂ ਫਤਹਿਪੁਰ ਸੀਕਰੀ ਜਾਂ ਦਿੱਲੀ ਦੀ ਹਜ਼ਰਤ ਨਿਜ਼ਾਮੂਦੀਨ ਔਲੀਆ ਦਰਗਾਹ 'ਤੇ ਉਰਸਾਂ ਮੌਕੇ ਸ਼ਰੀਕ ਹੋਣ ਵਾਲੇ ਪਾਕਿਸਤਾਨੀ ਨਾਗਰਿਕਾਂ ਨੂੰ ਭਾਰਤੀ ਏਜੰਸੀਆਂ ਵੱਲੋਂ ਪ੍ਰੇਸ਼ਾਨ ਕੀਤੇ ਜਾਣ ਦੇ ਦੋਸ਼ ਲੱਗਦੇ ਆਏ ਹਨ। ਕੁਝ ਮਹੀਨੇ ਪਹਿਲਾਂ ਇੱਕ ਪ੍ਰਮੁੱਖ ਪਾਕਿਸਤਾਨੀ ਸਿਆਸਤਦਾਨ ਦਾ ਅਜਮੇਰ ਸ਼ਰੀਫ਼ ਯਾਤਰਾ ਲਈ ਵੀਜ਼ਾ



ਐਨ ਆਖ਼ਰੀ ਮੌਕੇ ਰੱਦ ਕੀਤੇ ਜਾਣ ਦਾ ਘਟਨਾਕ੍ਰਮ ਵਾਪਰ ਚੁੱਕਾ ਹੈ। ਦੋਵਾਂ ਦੇਸ਼ਾਂ ਦਰਮਿਆਨ ਰਿਸ਼ਤਾ ਪਹਿਲਾਂ ਹੀ ਕੱਟੜ ਦੁਸ਼ਮਣੀ ਵਾਲੇ ਪੱਧਰ 'ਤੇ ਪੁੱਜਿਆ ਹੋਇਆ ਹੈ, ਇਸ ਨੂੰ ਹੋਰ ਨਿਘਰਨ ਤੋਂ ਰੋਕਿਆ ਜਾਣਾ ਚਾਹੀਦਾ ਹੈ।

**ਲੌਂਗੋਵਾਲ ਬੇਵਜ੍ਹਾ ਭੜਕਿਆ :** ਭਾਰਤੀ ਹਾਈ ਕਮਿਸ਼ਨਰ ਦਾ ਪੰਜਾ ਸਾਹਿਬ ਵਿਚ ਜਾਣ ਤੋਂ ਰੋਕਣ ਦਾ ਮਾਮਲਾ ਦੋ ਦੇਸ਼ਾਂ ਦਾ ਆਪਣਾ ਮਾਮਲਾ ਹੈ ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਬੇਵਜ੍ਹਾ ਟੰਗ ਫਸਾ ਲਈ ਹੈ। ਹਾਲਾਂਕਿ ਪਾਕਿਸਤਾਨ ਵਿਚ ਕਦੇ ਵੀ ਸਿੱਖ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਿਆ, ਉਥੋਂ ਦੇ ਲੋਕ, ਉਥੋਂ ਦੀ ਸਰਕਾਰ ਸਿੱਖਾਂ ਨਾਲ ਵਧੀਆ ਸਲੂਕ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਇਸ ਬਿਆਨ ਦੇ ਨਾਲ ਸਿੱਖਾਂ ਤੇ ਪਾਕਿਸਤਾਨ ਸਰਕਾਰ ਦੇ ਰਿਸ਼ਤੇ ਵਿਗੜ ਸਕਦੇ ਹਨ ਕਿਉਂਕਿ ਬਹੁਤ ਮੁਸ਼ਕਲ ਦੇ ਨਾਲ ਸਿੱਖਾਂ ਨੂੰ ਵਿਛੜੇ ਹੋਏ ਗੁਰਦੁਆਰਿਆਂ ਨੂੰ ਦਰਸ਼ਨ ਕਰਨ ਦੇ ਮੌਕੇ ਨਸੀਬ ਹੋਏ ਹਨ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਇਹੋ ਜਿਹੇ ਬਿਆਨ ਠੋਕ ਕੇ ਸਿੱਖ ਪੰਥ ਲਈ ਨਵੀਆਂ ਮੁਸ਼ਕਲਾਂ ਖੜੀਆਂ ਕਰ ਰਿਹਾ ਹੈ, ਜਦ ਕਿ ਇਹ ਮਾਮਲਾ ਦੋ ਸਰਕਾਰਾਂ ਦਾ ਹੈ ਤੇ ਦੋਵੇਂ ਸਰਕਾਰਾਂ ਆਪਸ ਵਿਚ ਮਿਲ ਬੈਠ ਕੇ ਇਹ ਮਸਲਾ ਹੱਲ ਕਰ ਸਕਦੀਆਂ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸਿੱਖ ਸ਼ਰਧਾਲੂਆਂ ਦਾ ਜਥਾ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਗਿਆ ਹੋਇਆ ਹੈ ਅਤੇ ਇਸ ਵੇਲੇ ਗੁਰਦੁਆਰਾ ਪੰਜਾ ਸਾਹਿਬ ਵਿਖੇ ਰੁਕਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਵਿੱਚ ਭਾਰਤੀ ਹਾਈ ਕਮਿਸ਼ਨਰ ਨੇ ਭਾਰਤੀ ਸ਼ਰਧਾਲੂਆਂ ਨੂੰ ਮਿਲਣ ਦਾ ਯਤਨ ਕੀਤਾ ਹੈ ਪਰ ਉਨ੍ਹਾਂ ਨੂੰ ਮੁਲਾਕਾਤ ਕਰਨ ਤੋਂ ਰੋਕ ਦਿੱਤਾ ਗਿਆ ਹੈ, ਜੋ ਕਿ ਨਿੰਦਣਯੋਗ ਹੈ। ਉਨ੍ਹਾਂ ਆਖਿਆ ਕਿ ਪਾਕਿਸਤਾਨ ਗਏ ਸਿੱਖ ਸ਼ਰਧਾਲੂਆਂ ਨੂੰ ਉਥੇ ਭਾਰਤੀ ਹਾਈ ਕਮਿਸ਼ਨਰ ਨਾਲ ਮਿਲਣ ਵਿੱਚ ਪਾਕਿਸਤਾਨ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਭਾਰਤੀ ਸਫ਼ੀਰ ਅਤੇ ਉਨ੍ਹਾਂ ਦੇ ਅਧਿਕਾਰੀ ਆਪਣਾ ਫਰਜ਼ ਸਮਝਦੇ ਹੋਏ ਭਾਰਤ ਤੋਂ ਆਏ ਸਿੱਖ ਸ਼ਰਧਾਲੂਆਂ ਨੂੰ ਮਿਲਣ ਲਈ ਗਏ ਸਨ ਤਾਂ ਜੋ ਉਨ੍ਹਾਂ ਦੀ ਸਾਰ ਲਈ ਜਾ ਸਕੇ। ਦੱਸਣਯੋਗ ਹੈ ਕਿ ਇਸ ਵਰ੍ਹੇ ਵਿੱਚ ਇਹ ਦੂਜੀ ਵਾਰ ਹੋਇਆ ਹੈ ਕਿ ਜਦੋਂ ਭਾਰਤੀ ਸਫ਼ੀਰ ਨੂੰ ਪਾਕਿਸਤਾਨ ਗਏ ਸਿੱਖ ਸ਼ਰਧਾਲੂਆਂ ਨਾਲ ਮਿਲਣ ਤੋਂ ਰੋਕਿਆ ਗਿਆ ਹੈ। ਪਿਛਲੀ ਵਾਰ ਅਪਰੈਲ ਵਿੱਚ ਵਾਪਰੀ ਅਜਿਹੀ ਘਟਨਾ 'ਤੇ ਭਾਰਤ ਸਰਕਾਰ ਵੱਲੋਂ ਵੀ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ ਸੀ।


ALL STATE INSURANCE

Allstate. You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS
CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com

## ਪੁਰਖਿਆਂ ਦੀ ਧਰਤੀ ਨੂੰ ਨਤਮਸਤਕ ਹੋਣ ਆਵੇਗੀ ਬਰਤਾਨਵੀ ਪੰਜਾਬੀਆਂ ਦੀ ਨਵੀਂ ਪੀੜ੍ਹੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਵਿਚ ਵਸਦੇ ਨੌਜਵਾਨਾਂ ਨੂੰ ਆਪਣੇ ਪੁਰਖਿਆਂ ਦੀ ਮਾਤ-ਭੂਮੀ ਨਾਲ ਜੋੜਨ ਲਈ ਸ਼ੁਰੂ ਕੀਤੀ 'ਆਪਣੀਆਂ ਜੜ੍ਹਾਂ ਨਾਲ ਜੁੜੋ' ਸਕੀਮ ਤਹਿਤ ਬਰਤਾਨੀਆ ਤੋਂ ਐੱਨਆਰਆਈ ਨੌਜਵਾਨਾਂ ਦਾ ਪਹਿਲਾ ਬੈਚ 6 ਤੋਂ 17 ਅਗਸਤ 2018 ਤੱਕ ਪੰਜਾਬ ਦੀ ਫੇਰੀ 'ਤੇ ਆਵੇਗਾ। ਐੱਨਆਰਆਈ ਮਾਮਲਿਆਂ ਦੇ ਪ੍ਰਮੁੱਖ ਸਕੱਤਰ ਐੱਸਆਰ ਲੱਧੜ ਨੇ ਦੱਸਿਆ ਕਿ ਇਹ ਬੈਚ 16 ਤੋਂ 22 ਸਾਲ ਦੀ ਉਮਰ ਵਾਲੇ 10 ਲੜਕੇ-ਲੜਕੀਆਂ 'ਤੇ ਆਧਾਰਤ ਹੋਵੇਗਾ ਤੇ ਨੌਜਵਾਨਾਂ ਦੇ ਆਉਣ-ਜਾਣ ਤੇ ਰਹਿਣ-ਸਹਿਣ ਦਾ ਸਾਰਾ ਖਰਚਾ ਸੂਬਾ ਸਰਕਾਰ ਸਹਿਣ ਕਰੇਗੀ। ਸਰਕਾਰ ਨੇ




'ਆਪਣੀਆਂ ਜੜ੍ਹਾਂ ਨਾਲ ਜੁੜੋ' ਪ੍ਰੋਗਰਾਮ ਤਹਿਤ ਬਰਤਾਨੀਆ ਆਧਾਰਤ ਐੱਨਆਰਆਈ ਵਰਿੰਦਰ ਸਿੰਘ ਖੇੜਾ ਨੂੰ ਸਥਾਨਕ ਕੋਆਰਡੀਨੇਟਰ ਨਿਯੁਕਤ ਕੀਤਾ ਹੈ ਜੋ ਪੰਜਾਬ ਆਉਣ ਵਾਲੇ ਨੌਜਵਾਨਾਂ ਦੇ ਗਰੁੱਪ ਅਤੇ ਸੂਬੇ ਦੇ ਐੱਨਆਰਆਈ ਮਾਮਲਿਆਂ ਬਾਰੇ ਵਿਭਾਗ ਦਰਮਿਆਨ ਤਾਲਮੇਲ ਬਿਠਾਉਣਗੇ। ਸ੍ਰੀ ਖੇੜਾ ਨੂੰ ਪੰਜਾਬ ਆਉਣ ਵਾਲੇ ਨੌਜਵਾਨਾਂ ਬਾਰੇ ਸਮੁੱਚੀ ਜਾਣਕਾਰੀ 30 ਜੂਨ ਤਕ ਮੁਹੱਈਆ ਕਰਵਾਉਣ ਲਈ ਕਿਹਾ ਗਿਆ ਹੈ। ਪੰਜਾਬ ਆਉਣ ਵਾਲੇ ਐੱਨਆਰਆਈ ਨੌਜਵਾਨ ਅੰਮ੍ਰਿਤਸਰ 'ਚ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣਗੇ। ਇਸ ਤੋਂ ਇਲਾਵਾ ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ, ਜੰਗੀ ਯਾਦਗਾਰ, ਜੰਗ-ਏ-ਆਜ਼ਾਦੀ ਕਰਤਾਰਪੁਰ (ਜਲੰਧਰ), ਸ਼ਹੀਦ-ਏ-ਆਜ਼ਮ ਭਗਤ ਸਿੰਘ ਯਾਦਗਾਰ ਬੰਗਾ, ਖਾਲਸਾ ਵਿਰਾਸਤ ਕੰਪਲੈਕਸ ਸ੍ਰੀ ਅਨੰਦਪੁਰ ਸਾਹਿਬ, ਪੰਜਾਬ ਸਿਵਲ ਸਕੱਤਰੇਤ, ਪੰਜਾਬ ਤੇ ਹਰਿਆਣਾ ਹਾਈ ਕੋਰਟ ਆਦਿ ਵੀ ਜਾਣਗੇ। ਇਹ ਨੌਜਵਾਨ ਇਕ ਜਾਂ ਦੋ ਦਿਨ ਆਪਣੇ ਪੁਰਖਿਆਂ ਦੇ ਪਿੰਡ ਵਿਚ ਬਿਤਾਉਣਗੇ ਅਤੇ 15 ਅਗਸਤ ਨੂੰ ਸਬੰਧਤ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਆਜ਼ਾਦੀ ਦਿਹਾੜੇ 'ਤੇ ਹੋਣ ਵਾਲੇ ਸਮਾਗਮਾਂ ਵਿਚ ਵੀ ਸ਼ਿਰਕਤ ਕਰਨਗੇ। ਇਹ ਨੌਜਵਾਨ ਪੰਜਾਬ ਦੇ ਰਵਾਇਤੀ ਤੇ ਲਜ਼ੀਜ਼ ਖਾਣੇ ਦਾ ਆਨੰਦ ਲੈਣਗੇ। ਇਨ੍ਹਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਭਾਖੜਾ ਡੈਮ ਨੰਗਲ ਅਤੇ ਸੂਬੇ ਦੀਆਂ ਇਕ ਜਾਂ ਦੋ ਸਨਅਤੀ ਯੂਨਿਟਾਂ ਵਿਚ ਵੀ ਲਿਜਾਣ ਦੇ ਯਤਨ ਕੀਤੇ ਜਾਣਗੇ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਤੰਬਰ 2017 ਨੂੰ ਲੰਡਨ (ਇੰਗਲੈਂਡ) ਤੋਂ 'ਆਪਣੀਆਂ ਜੜ੍ਹਾਂ ਨਾਲ ਜੁੜੋ' ਨਾਂ ਹੇਠ ਨਿਵੇਕਲੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ ਜਿਥੇ ਉਨ੍ਹਾਂ ਨੌਜਵਾਨ ਲੜਕੇ-ਲੜਕੀਆਂ ਖਾਸ ਕਰਕੇ ਕਦੇ ਵੀ ਭਾਰਤ ਨਾ ਆਉਣ ਵਾਲੇ ਨੌਜਵਾਨਾਂ ਨੂੰ ਦੋ ਹਫ਼ਤਿਆਂ ਦੇ ਪ੍ਰੋਗਰਾਮ ਤਹਿਤ ਪੰਜਾਬ ਆਉਣ ਦਾ ਸੱਦਾ ਦਿੱਤਾ ਸੀ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਿਖੇ ਗੁਰਮਤਿ ਕੈਂਪ 2 ਜੁਲਾਈ ਤੋਂ, ਰਜਿਸਟ੍ਰੇਸ਼ਨ ਸ਼ੁਰੂ

**ਨਿਊਯਾਰਕ/ਬਿਊਰੋ ਨਿਊਜ਼ :**
ਜੀਵਨ ਦਾ ਮਿਆਰ ਉੱਚਾ ਚੁੱਕਣ ਲਈ ਦੁਨਿਆਵੀ ਸਿੱਖਿਆ ਜ਼ਰੂਰੀ ਹੈ, ਉਸਦੇ ਨਾਲ-ਨਾਲ ਗੁਰਮਤਿ ਸਿੱਖਿਆ ਦੀ ਵੀ ਓਨੀ ਹੀ ਅਹਿਮੀਅਤ ਹੈ। ਇਸੇ ਗੱਲ ਦਾ ਧਿਆਨ ਰੱਖਦੇ ਹੋਏ ਗੁਰਦੁਅਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊਯਾਰਕ ਵਲੋਂ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਵਿਚ ਬੱਚਿਆਂ ਲਈ ਗੁਰਮਤਿ ਕੈਂਪ ਲਗਾਇਆ ਜਾਂਦਾ ਹੈ। ਇਸ ਕੈਂਪ ਵਿਚ 6 ਤੋਂ 16 ਸਾਲ ਤੱਕ ਦੀ ਉਮਰ ਦੇ ਬੱਚੇ ਸ਼ਾਮਲ ਹੁੰਦੇ ਹਨ। ਇਥੇ ਬੱਚਿਆਂ ਨੂੰ ਪੂਰੇ ਸਕੂਲ ਵਾਲੇ ਮਾਹੌਲ ਵਿਚ ਬੜੇ ਹੀ ਸੁਲਝੇ ਹੋਏ ਨਿਪੁੰਨ ਅਧਿਆਪਕਾਂ ਦੁਆਰਾ ਪੜ੍ਹਾਇਆ ਜਾਂਦਾ ਹੈ। ਇਸ ਕੈਂਪ ਵਿਚ ਹਰ ਰੋਜ਼ ਸਵੇਰੇ ਜਪੁਜੀ ਸਾਹਿਬ ਦਾ ਪਾਠ ਕਰਵਾ ਕੇ ਬੱਚਿਆਂ ਦੇ ਦਿਨ ਦੀ ਸ਼ੁਰੂਆਤ ਕੀਤੀ ਜਾਂਦੀ ਹੈ।

ਇਸ ਕੈਂਪ ਵਿਚ ਬੱਚਿਆਂ ਨੂੰ ਗੁਰਮੁਖੀ ਸਿੱਖਿਆ ਤੋਂ ਇਲਾਵਾ ਕੀਰਤਨ ਕਰਨਾ ਅਤੇ ਤਬਲਾ ਵਜਾਉਣਾ ਵੀ ਸਿਖਾਇਆ ਜਾਂਦਾ ਹੈ। ਕੈਂਪ ਵਿਚ ਦਸਤਾਰ ਸਜਾਉਣ ਦੀ ਸਿਖਲਾਈ, ਆਰਟ ਦੀਆਂ ਕਲਸਾਂ ਅਤੇ ਹੋਰ ਵੀ ਬਹੁਤ ਸਾਰੀਆਂ ਗਤੀਵਿਧੀਆਂ ਹੁੰਦੀਆਂ ਹਨ। ਇਸ ਕੈਂਪ ਵਿਚ ਗੁਰਮਤਿ ਸਿੱਖਿਆ ਦੇ ਨਾਲ-ਨਾਲ ਬੱਚਿਆਂ ਦੇ ਸਰੀਰਕ ਵਿਕਾਸ ਦਾ ਧਿਆਨ ਰੱਖਦੇ ਹੋਏ ਸਮੋਕੀ ਪਾਰਕ ਵਿਚ ਖੇਡ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਇਸ ਸਾਲ ਫਾਸਟਵੇਅ ਟੀਵੀ. ਯੂਐਸਏ. ਵਲੋਂ ਬੱਚਿਆਂ ਨੂੰ ਸਿੱਖ ਇਤਿਹਾਸ, ਗੁਰਬਾਣੀ ਅਤੇ ਗੁਰ ਇਤਿਹਾਸ, ਗੁਰਬਾਣੀ ਅਤੇ ਗੁਰ ਇਤਿਹਾਸ, ਸਿੱਖੀ ਬਾਰੇ ਸਵਾਲ ਪੁੱਛ ਕੇ ਇਨਾਮ ਦੇਣ ਦਾ ਪ੍ਰੋਗ੍ਰਾਮ ਵੀ ਉਲੀਕਿਆ ਗਿਆ ਹੈ, ਜਿਸ ਵਿਚ 5 ਤੋਂ 15 ਸਾਲ ਤੱਕ ਦੇ ਬੱਚੇ ਭਾਗ ਲੈਣਗੇ ਅਤੇ ਇਹ 20 ਅਤੇ 21 ਜੁਲਾਈ ਨੂੰ ਗੁਰਦੁਆਰਾ ਸਾਹਿਬ ਵਿਚ ਹੋਵੇਗਾ। ਇਸ ਸਾਲ ਵੀ ਇਹ ਗੁਰਮਤਿ ਕੈਂਪ 2 ਜੁਲਾਈ 2018 ਤੋਂ 27 ਜੁਲਾਈ 20 18 ਤੱਕ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ ਦਾ ਸਮਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 08:30 ਵਜੇ ਤੋਂ ਦੁਪਹਿਰ 2:30 ਵਜੇ ਤੱਕ ਹੈ, ਜਿਸ ਦੇ ਰਜਿਸਟ੍ਰੇਸ਼ਨ ਫਾਰਮ ਗੁਰਦੁਆਰਾ ਸਾਹਿਬ ਦੇ ਦਫ਼ਤਰ ਵਿਚੋਂ ਕਿਸੇ ਵੀ ਸਮੇਂ ਪ੍ਰਾਪਤ ਕੀਤੇ ਜਾ ਸਕਦੇ ਹਨ। ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਆਪਣੇ ਬੱਚਿਆਂ ਨੂੰ ਇਸ ਕੈਂਪ ਵਿਚ ਭੇਜ ਕੇ ਲਾਹਾ ਲੈਣ ਦਾ ਸੱਦਾ ਦਿਤਾ ਗਿਆ ਹੈ। ਇਸੇ ਤਰ੍ਹਾਂ ਇਸ ਗੁਰਮਤਿ ਕੈਂਪ ਵਿਚ ਗੁਰਮਤਿ ਦੀ ਪੜ੍ਹਾਈ ਕਰਵਾਉਣ ਵਾਸਤੇ ਯੋਗ ਅਧਿਆਪਕ ਆਪਣਾ ਬਾਇਓ ਡਾਟਾ ਅਤੇ ਅਰਜ਼ੀ ਗੁਰਦੁਆਰਾ ਸਾਹਿਬ ਕਾਊਂਟਰ 'ਤੇ ਜਮਾਂ ਕਰਵਾਉਣ। ਕੈਂਪ ਨਾਲ ਸਬੰਧਤ ਸੇਵਾਦਾਰਾਂ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਫੋਨ ਨੰ. 718-846-3333, ਮੁੱਖ ਸੇਵਾਦਾਰ ਦੁਲਦੀਪ ਸਿੰਘ ਢਿਲੋਂ ਨਾਲ ਫੋਨ ਨੰ. 347-324-2405, ਜੋਗਿੰਦਰ ਸਿੰਘ ਮੱਲ੍ਹੀ ਚੇਅਰਮੈਨ ਐਜੂਕੇਸ਼ਨ ਨਾਲ ਫੋਨ ਨੰ. 917-577-1365 ਅਤੇ ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਨਾਲ ਫੋਨ ਨੰ. 347-837-5615 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬ 'ਚ ਕਾਂਗਰਸ ਸਰਕਾਰ ਬਣਨ 'ਤੇ ਭੈਅ ਦਾ ਮਾਹੌਲ ਖ਼ਤਮ ਹੋਇਆ : ਟਿੱਕਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਤੇ ਲੁਧਿਆਣਾ ਤੋਂ ਕਾਂਗਰਸੀ ਆਗੂ ਅਮਰਜੀਤ ਸਿੰਘ ਟਿੱਕਾ ਅੱਜ-ਕੱਲ੍ਹ ਅਮਰੀਕਾ ਵਿਚ ਹਨ।



ਉਹ ਆਪਣੀ ਫੇਰੀ ਦੌਰਾਨ ਸੈਕਰਾਮੈਂਟੋ ਵਿਖੇ ਪਹੁੰਚੇ, ਜਿਥੇ ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿਚ ਅਕਾਲੀ-ਭਾਜਪਾ ਰਾਜ ਦੌਰਾਨ ਜੋ ਲੋਕ ਨਿਆਂ ਲੈਣ ਲਈ ਜਥੇਦਾਰਾਂ ਤੋਂ ਭੈਅ ਖਾਂਦੇ ਸੀ ਅਤੇ ਥਾਣਿਆਂ ਵਿਚ ਭੈਅ ਦਾ ਮਾਹੌਲ ਸੀ, ਹੁਣ ਕਾਂਗਰਸ ਦੀ ਸਰਕਾਰ ਆਉਣ ਨਾਲ ਇਹ ਡਰ ਖ਼ਤਮ ਹੋ ਗਿਆ ਹੈ ਅਤੇ ਲੋਕਾਂ ਦੇ ਕੰਮ ਹੋਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਕਰਜ਼ੇ ਮੁਆਫ਼ ਹੋਣੇ ਵੱਡੀ ਗੱਲ ਹੈ, ਜਿਸ ਨਾਲ ਆਮ ਅਤੇ ਗਰੀਬ ਲੋਕਾਂ ਨੂੰ ਭਾਰੀ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਪੰਜਾਬੀਆਂ ਨੂੰ ਸ਼ਰ੍ਹੇਆਮ ਲੁੱਟਿਆ ਹੈ ਅਤੇ ਫੰਡਾਂ ਦੀ ਦੁਰਵਰਤੋਂ ਕੀਤੀ। ਸ. ਟਿੱਕਾ ਨੇ ਕਿਹਾ ਕਿ ਕਾਂਗਰਸ ਦੇ ਇਮਾਨਦਾਰ ਪ੍ਰਸ਼ਾਸਨ ਨੇ ਪੰਜਾਬੀਆਂ ਨੂੰ ਰਾਹਤ ਦਿੱਤੀ ਹੈ ਜੋ ਕਿ ਪਾਰਟੀ ਦੀ ਵੱਡੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਐਨਆਰਆਈ. ਵੀਰ ਕਾਂਗਰਸ ਦੀ ਵੱਧ ਤੋਂ ਵੱਧ ਹਮਾਇਤ ਕਰਨ ਤਾਂ ਜੋ ਪੰਜਾਬ ਦੇ ਕਈ ਲਟਕਦੇ ਮਸਲੇ ਹੱਲ ਹੋ ਸਕਣ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਦੀਆਂ ਯਾਤਰਾਵਾਂ ਪਾਬੰਦੀਆਂ ਨੂੰ ਜਾਇਜ਼ ਠਹਿਰਾਇਆ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :** ਅਮਰੀਕੀ ਸੁਪਰੀਮ ਕੋਰਟ ਨੇ ਡੋਨਲਡ ਟਰੰਪ ਪ੍ਰਸ਼ਾਸਨ ਦੀ ਅਮਰੀਕਾ ਵਿਚ ਯਾਤਰਾ ਪਾਬੰਦੀਆਂ ਨੂੰ ਜਾਇਜ਼ ਠਹਿਰਾਇਆ, ਜੋ ਅਮਰੀਕਾ ਦੇ ਕਈ ਮੁਸਲਿਮ ਦੇਸ਼ਾਂ ਦੇ ਨਾਗਰਿਕਾਂ ਦੇ ਇਥੇ ਆਉਣ ’ਤੇ ਲਗਾਈਆਂ ਗਈਆਂ ਸੀ। ਪਹਿਲਾਂ ਹੇਠਲੀ ਅਦਾਲਤ ਨੇ ਟਰੰਪ ਪ੍ਰਸ਼ਾਸ਼ਨ ਦੇ ਫੈਸਲੇ ਨੂੰ ਗ਼ੈਰ ਸੰਵਿਧਾਨਕ ਕਰਾਰ ਦਿੱਤਾ ਸੀ ਪਰ ਅਮਰੀਕੀ ਸੁਪਰੀਮ ਕੋਰਟ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਪਲਟਦਿਆਂ ਟਰੰਪ ਪ੍ਰਸ਼ਾਸਨ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਜੱਜ ਜਾਨ ਰੌਬਰਟਸ ਨੇ ਕਿਹਾ ਹੈ ਕਿ ਟਰੰਪ ਦਾ ਫ਼ੈਸਲਾ ਮੁਸਲਿਮ ਬਹੁਗਿਣਤੀ ਨਾਗਰਿਕਾਂ ਨੂੰ ਸੰਯੁਕਤ ਰਾਜ ਅਮਰੀਕਾ ਨਹੀਂ ਆਉਣ ਦੇਣ ਦੀ ਪ੍ਰਵਾਨਗੀ ਰਾਸ਼ਟਰਪਤੀ ਦੇ ਅਧਿਕਾਰ ਖੇਤਰ ਵਿਚ ਹੈ। ਉਨ੍ਹਾਂ ਨੇ ਆਪਣੇ ਫੈਸਲੇ ਵਿਚ ਲਿਖਿਆ ਸੀ ਕਿ, ‘ਸਰਕਾਰ ਨੇ ਇਸ ਫੈਸਲੇ ਦੇ ਹੱਕ ਵਿਚ ਰਾਸ਼ਟਰੀ ਸੁਰੱਖਿਆ ਦੇ ਮੱਦੇਨਜ਼ਰ ਕਾਫ਼ੀ ਸਬੂਤ ਅਤੇ ਦਲੀਲਾਂ ਦਿੱਤੀਆਂ ਹਨ ਤੇ ਸਾਡੇ ਕੋਲ ਇਸ ਨੀਤੀ ਬਾਰੇ ਹੁਣ ਕੁਝ ਵੀ ਨਹੀਂ ਹੈ।’

ਅਮਰੀਕੀ ਸਿਵਲ ਲਿਬਰਟੀਜ਼ ਯੂਨੀਅਨ (ਏਸੀਐਲਯੂ) ਦੇ ਓਵਰਸੀਜ਼ ਰਾਈਟਸ ਪ੍ਰਾਜੈਕਟ ਦੇ ਡਾਇਰੈਕਟਰ ਓਮਰ ਜਧਵ ਨੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਦੀ ‘ਬਹੁਤ ਵੱਡੀ ਅਸਫ਼ਲਤਾ’ ਦੱਸਿਆ ਹੈ। ਉਨ੍ਹਾਂ ਨੇ ਕਿਹਾ, ‘ਅਦਾਲਤ ਅੱਜ ਉਦੋਂ ਅਸਫ਼ਲ ਹੋ ਗਈ ਜਦੋਂ ਲੋਕਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੈ।

ਦੂਸਰੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਇਸ ਫੈਸਲੇ ਤੋਂ ਖੁਸ਼ ਹਨ ਜਿਸ ਵਿਚ ਉਨ੍ਹਾਂ ਦੁਆਰਾ ਈਰਾਨ, ਲਿਬੀਆ, ਸੋਮਾਲੀਆ, ਸੀਰੀਆ ਅਤੇ ਯਮਨ ਦੇ ਲੋਕਾਂ ਨੂੰ ਅਮਰੀਕਾ ਯਾਤਰਾ ਪਾਬੰਦੀਆਂ ਤਹਿਤ ਦੇਸ਼ ਵਿਚ ਦਾਖ਼ਲ ਹੋਣ ਤੋਂ ਰੋਕਿਆ ਗਿਆ ਸੀ। ਟਰੰਪ ਪ੍ਰਸ਼ਾਸਨ ਦੇ ਇਸ ਫੈਸਲੇ ਦੀ ਸ਼ਰਨਾਰਥੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੁਆਰਾ ਕਾਫ਼ੀ ਨਿੰਦਾ ਹੋ ਰਹੀ ਹੈ।

## ਏਸ਼ੀਅਨ-ਅਮਰੀਕਨ ਅਡਵਾਂਸਡ ਜਸਟਿਸ ਸੁਸਾਇਟੀ ਨੇ ਮੁਸਲਮਾਨਾਂ ਦੇ ਹੱਕ ‘ਚ ਮਾਰਿਆ ‘ਹਾਅ ਦਾ ਨਾਅਰਾ’

ਵੱਖ-ਵੱਖ ਮੁਸਲਿਮ ਮੁਲਕਾਂ ਦੇ ਵਾਸ਼ਿੰਦਿਆਂ ਦੇ ਅਮਰੀਕਾ ਵਿਚ ਦਾਖ਼ਲੇ ‘ਤੇ ਅਮਰੀਕੀ ਸਦਰ ਡੋਨਲਡ ਟਰੰਪ ਵੱਲੋਂ ਲਾਈ ਵਿਵਾਦਗ੍ਰਸਤ ਪਾਬੰਦੀ ਨੂੰ ਅਮਰੀਕੀ ਸੁਪਰੀਮ ਕੋਰਟ ਨੇ ਸਹੀ ਕਰਾਰ ਦੇ ਦਿੱਤਾ ਹੈ। ਸੁਪਰੀਮ ਕੋਰਟ ਨੇ ਇਹ ਫ਼ੈਸਲਾ 5-4 ਦੇ ਬਹੁਮਤ ਨਾਲ ਸੁਣਾਇਆ, ਜਿਸ ਨੂੰ ਸ੍ਰੀ ਟਰੰਪ ਨੇ ਆਪਣੀ ਟਵੀਟ ਰਾਹੀਂ ‘ਸ਼ਾਨਦਾਰ’ ਫ਼ੈਸਲਾ ਕਰਾਰ ਦਿੱਤਾ ਹੈ। ਇਸ ਤਰ੍ਹਾਂ ਯੂਨਾਈਟਿਡ ਸਟੇਟ ਦੇ ਸੁਪਰੀਮ ਕੋਰਟ ਨੇ ਇਕ ਫੈਸਲੇ ਵਿਚ ਟਰੰਪ ਪ੍ਰਸ਼ਾਸਨ ਦੀ ਕੁਝ ਮੁਸਲਿਮ ਦੇਸ਼ਾਂ ਦੇ ਨਾਗਰਿਕਾਂ ਦਾ ਅਮਰੀਕੀ ਵੀਜ਼ਾ ਬੰਦ ਕਰਨ ਦੀ ਨੀਤੀ ਨੂੰ ਬਰਕਰਾਰ ਰੱਖਿਆ ਹੈ। ਏਸ਼ੀਅਨ-ਅਮਰੀਕਨ ਅਡਵਾਂਸਡ ਜਸਟਿਸ ਸੁਸਾਇਟੀ ਨੇ ਅਦਾਲਤ ਦੇ ਇਸ ਫੈਸਲੇ ਉਤੇ ਨਾ-ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪ੍ਰੈਸ ਬਿਆਨ ਜਾਰੀ ਕੀਤਾ ਹੈ। ਸੁਸਾਇਟੀ ਦੇ ਜੇਸਿਕਾ ਜਿਨ, ਮਿਖਾਇਲ ਬੁਆਇਕਿਨਸ, ਕ੍ਰਿਸਟਨਾ ਸੋ, ਬਰੈਂਡਨ ਲੀ ਅਤੇ ਜੇਮਸ ਵੂ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਵਿਚਾਰ ਨੂੰ ਮਜ਼ਬੂਤ ਕਰਨ ਦੀ ਬਜਾਏ ਕਿ ਅਮਰੀਕਾ ਉਹਨਾਂ ਸਾਰੇ ਲੋਕਾਂ ਦਾ ਸੁਆਗਤ ਕਰਦਾ ਹੈ ਜੋ ਭਾਵੇਂ ਕਿਤੇ ਵੀ ਪੈਦਾ ਹੋਏ ਹਨ, ਉਹ ਕਿਹੋ ਜਿਹੇ ਵੀ ਦਿਖਾਈ ਦਿੰਦੇ ਹਨ ਜਾਂ ਉਹ ਕਿਵੇਂ ਪ੍ਰਾਰਥਨਾ ਕਰਦੇ ਹਨ, ਸੁਪਰੀਮ ਕੋਰਟ ਨੇ ਮੁਸਲਿਮ ਵਿਰੋਧੀ ਲਗਾਈ ਗਈ ਪਾਬੰਦੀ ਨੂੰ ਬਰਕਰਾਰ ਰੱਖਿਆ ਹੈ। ਇਹ ਫੈਸਲਾ ਅਮਰੀਕਾ ਦੇ ਸਮਾਨਤਾ ਦੇ ਅਧਿਕਾਰ ਨੂੰ ਰੱਦ ਕਰਦਾ ਹੈ। ਇਸ ਕਰਕੇ ਏਸ਼ੀਅਨ-ਅਮਰੀਕਨ ਐਡਵਾਂਸਿੰਗ ਜਸਟਿਸ ਸੁਸਾਇਟੀ ਇਹ ਬਿਆਨ ਜਾਰੀ ਕਰਦੀ ਹੈ ਕਿ,“ਅਸੀਂ ਸੁਪਰੀਮ ਕੋਰਟ ਦੇ ਫੈਸਲੇ ਅਤੇ ਸਾਡੇ ਸੰਵਿਧਾਨਿਕ ਮੁੱਲਾਂ ਨਾਲ ਭੇਦਭਾਵ ਨੂੰ ਕਾਇਮ ਰੱਖਣ ਦੀ ਸਖਤ ਨਿੰਦਾ ਕਰਦੇ ਹਾਂ।.ਇਸ ਫੈਸਲੇ ਵਿਚ ਧਾਰਮਿਕ ਅਤੇ ਨਸਲੀ ਭੇਦਭਾਵ ਹਨ ਜੋ ਸਾਡੇ ਦੇਸ਼ ਦੀ ਇੱਛਾ ਅਨੁਸਾਰ ਅਸੰਵੇਦਨਸ਼ੀਲ ਹਨ ਤੇ ਸਿਧਾਂਤਾਂ ਦੇ ਉਲਟ ਹਨਾ ਸਾਨੂੰ ਕੌਮੀ ਮੂਲ ਦੇ ਆਧਾਰ ਤੇ ਅਜਿਹੀਆਂ ਨਸਲੀ ਅਤੇ ਪੱਖਪਾਤੀ ਨੀਤੀਆਂ ਨੂੰ ਦੁਹਰਾਉਣਾ ਨਹੀਂ ਚਾਹੀਦਾ ਜੋ ਸਾਡੇ ਰਾਸ਼ਟਰੀ ਇਤਿਹਾਸ ਵਿਚ ਦਰਜ ਏਸ਼ੀਆਈ-ਅਮਰੀਕੀ ਭਾਈਚਾਰੇ ਬਾਰੇ ਦਿਤੀ ਗਈ ਸਿੱਖਿਆ ਦੇ ਬਿਲਕੁਲ ਉਲਟ ਹਨ।”

ਸੁਪਰੀਮ ਕੋਰਟ ਨੂੰ ਇਕ ਹੋਰ ਫੈਸਲੇ ਦਾ ਹਵਾਲਾ ਦਿੰਦੇ ਹੋਏ ਸੁਸਾਇਟੀ ਨੇ ਕਿਹਾ ਕਿ 75 ਸਾਲ ਪਹਿਲਾਂ ਵੀ ਗੰਭੀਰ ਬੇਇਨਸਾਫੀ ਨੂੰ ਮੰਨਣ ਲਈ ਮਜਬੂਰ ਕੀਤਾ ਗਿਆ ਸੀ। ਇਹ ਇਕ ਹੋਰ ਬਹੁਤ ਹੀ ਗਲਤ ਗ਼ਲਤ ਫੈਸਲਾ ਹੈ। ਇਸ ਤਰ੍ਹਾਂ ਇਤਿਹਾਸ ਦੇ ਸਬਕਾਂ ਤੋਂ ਸਿੱਖਣ ਦੀ ਬਜਾਏ, ਟਰੰਪ ਪ੍ਰਸ਼ਾਸਨ ਨੇ ਦੇਸ਼ ਦੇ ਧਾਰਮਿਕ ਵਿਸ਼ਵਾਸਾਂ ਅਤੇ ਨਸਲੀ ਪਛਾਣਾਂ ਦੇ ਅਧਾਰਤ ਭਾਈਚਾਰਿਆਂ ਖਿਲਾਫ ਇੱਕ ਹੋਰ ਵਿਤਕਰੇਪੂਰਨ ਨੀਤੀ ਨੂੰ ਲਾਗੂ ਕੀਤਾ ਹੈ। ਉਨ੍ਹਾਂ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਅੱਜ ਇਕ ਖਾਸ ਏਜੰਡੇ ਨੂੰ ਅੱਗੇ ਵਧਾਉਣ ਵਾਲੀ ਇਕ ਅਨੈਤਿਕ ਚਤਰਾਈ ਨੂੰ ਮਜ਼ਬੂਤੀ ਦਿਤੀ ਹੈ ਜੋ ਸਾਡੇ ਰਾਸ਼ਟਰ ਦੇ ਮਾਣਮੱਤੇ ਬਹੁ-ਨਸਲੀ ਭਾਈਚਾਰੇ ਖਿਲਾਫ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੁਸਾਇਟੀ ਧਾਰਮਿਕ ਆਜ਼ਾਦੀ ਦੇ ਮੁੱਲਾਂ ਲਈ ਵਚਨਬੱਧ ਹੈ ਤੇ ਅਸੀਂ “ਮੁਸਲਿਮ ਬੈਨ” ਦੀ ਨੀਤੀ ਦੁਆਰਾ ਪ੍ਰਭਾਵਿਤ ਭਾਈਚਾਰਿਆਂ ਦੀ ਰੱਖਿਆ ਕਰਨੀ ਜਾਰੀ ਰੱਖਾਂਗੇ। ਅਸੀਂ ਇਸ ਪੱਖਪਾਤੀ ਨੀਤੀ ਨੂੰ ਚੁਣੌਤੀ ਦੇਣਾ ਜਾਰੀ ਰੱਖਾਂਗੇ ਅਤੇ ਆਪਣੇ ਮੁਸਲਮਾਨ ਭਰਾਵਾਂ ਅਤੇ ਭੈਣਾਂ ਨਾਲ ਰਲ ਕੇ ਲੜਾਂਗੇ। ਸਾਡੇ ਸੰਵਿਧਾਨਕ ਅਧਿਕਾਰਾਂ ਦਾ ਉਲੰਘਣ ਕੀਤਾ ਜਾ ਰਿਹਾ ਹੈ ਅਤੇ ਨਿਆਂ ਲਈ ਸੰਘਰਸ਼ ਕਦੇ ਵੀ ਆਸਾਨ ਨਹੀਂ ਹੁੰਦਾ ਪਰੰਤੂ ਇਸ ਸੰਘਰਸ਼ ਵਿਚ ਇਕਮੁੱਠ ਹੋ ਕੇ ਅਸੀਂ ਮੁਸਲਮਾਨਾਂ ਦੀ ਬਾਂਹ ਫੜਨ ਲਈ ਤਿਆਰ ਹਾਂ।

# ਬਰਤਾਨੀਆ ’ਚ ਗੁੰਮਨਾਮ ਚਿੱਠੀ ਰਾਹੀਂ ਸਿੱਖ ਖ਼ਿਲਾਫ਼ ਨਸਲੀ ਟਿੱਪਣੀਆਂ

**ਲੰਡਨ/ਬਿਊਰੋ ਨਿਊਜ਼ :** ਯੂਕੇ ਵਿੱਚ ਫੁਟਬਾਲ ਦੇ ਪ੍ਰਸ਼ੰਸਕ ਸਿੱਖ ਨੌਜਵਾਨ ਨੂੰ ਉਸ ਦੇ ‘ਚਮੜੀ ਦੇ ਰੰਗ’ ਨੂੰ ਲੈ ਕੇ ਨਿਸ਼ਾਨਾ ਬਣਾਉਂਦਿਆਂ ਇਕ ਗੁੰਮਨਾਮ ਪੱਤਰ ਲਿਖ ਕੇ ਉਸ ਖ਼ਿਲਾਫ਼ ਨਸਲੀ ਟਿੱਪਣੀਆਂ ਕੀਤੀਆਂ ਗਈਆਂ ਹਨ। ਉਂਜ ਸਿੱਖ ਨੌਜਵਾਨ ਨੂੰ ਮਹਿਜ਼ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਸ ਨੇ ਆਪਣੀ ਦੁਕਾਨ ਦੇ ਬਾਹਰ ਬਰਤਾਨਵੀ ਝੰਡਾ ਲਾਇਆ ਸੀ। ਗਗਨ (31 ਸਾਲ) ਨੂੰ ਇਹ ਗੁੰਮਨਾਮ ਚਿੱਠੀ ਪਿਛਲੇ ਹਫ਼ਤੇ ਮਿਲੀ ਸੀ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਇਕ ਭਾਰਤੀ ਹੋਣ ਕਰਕੇ ਉਸ ਨੂੰ ਵਿਸ਼ਵ ਕੱਪ ਦੌਰਾਨ ਇੰਗਲੈਂਡ ਦੀ ਹਮਾਇਤ ਨਹੀਂ ਕਰਨੀ ਚਾਹੀਦੀ। ‘ਦਿ ਸਨ’ ਦੀ ਰਿਪੋਰਟ ਮੁਤਾਬਕ ਚਿੱਠੀ ‘ਚ ਅੱਗੇ ਲਿਖਿਆ ਹੈ ਕਿ ਜੇਕਰ ਉਹ ਅਜਿਹਾ ਕਰਦਾ ਹੈ ਤਾਂ ਇਹ ਏਸ਼ੀਆਈ ਭਾਈਚਾਰੇ ਨਾਲ ਧੋਖੇਬਾਜ਼ੀ ਹੋਵੇਗੀ। ਜੀਐਮਐਸ ਹੀਟਿੰਗ ਤੇ ਪਲੰਬਿੰਗ ਦੇ ਮੈਨੇਜਰ ਨੂੰ ਲਿਖੀ ਜ਼ਹਿਰ ਉਗਲਦੀ ਇਸ ਚਿੱਠੀ ਵਿਚ ਇਹ ਦੋਸ਼ ਵੀ ਲਾਇਆ ਗਿਆ ਹੈ ਕਿ ਉਹ ਆਪਣੇ ਧਰਤੀ ਮਾਂ ਤੇ ਚਮੜੀ ਦੇ ਰੰਗ ਨੂੰ ਭੁੱਲ ਗਿਆ ਹੈ। ਸਿੱਖ ਨੌਜਵਾਨ ਨੇ ਪੂਰਬੀ ਲੰਡਨ ਦੇ ਇਲਫੋਰਡ ਸਥਿਤ ਆਪਣੇ ਸਟੋਰ ਦੇ ਬਾਹਰ ਇਹ ਝੰਡਾ ਲੰਘੇ ਬੁੱਧਵਾਰ ਨੂੰ ਲਾਇਆ ਸੀ ਤੇ ਗੁੰਮਨਾਮ ਚਿੱਠੀ ਉਸ ਨੂੰ ਅਗਲੇ ਦਿਨ ਮਿਲੀ। ਚਿੱਠੀ ‘ਚ ਲਿਖਿਆ, “ਤੂੰ ਭਾਰਤ ਤੋਂ ਆਇਆ ਹੈਂ ਪਰ ਤੂੰ ਆਪਣੀ ਦੁਕਾਨ ਦੇ ਬਾਹਰ ਗ਼ਲਤ ਝੰਡਾ ਲਾਇਆ ਹੈ। ਕੀ ਤੂੰ ਆਪਣੇ ਚਮੜੀ ਦੇ ਰੰਗ ਨੂੰ ਭੁੱਲ ਗਿਆ ਹੈ ? ਤੈਨੂੰ ਆਪਣੀ ਦੁਕਾਨ ਦੇ ਬਾਹਰ ਬਰਤਾਨਵੀ ਝੰਡੇ ਦੀ ਥਾਂ ਪਾਕਿਸਤਾਨ ਦਾ ਝੰਡਾ ਲਾਉਣਾ ਚਾਹੀਦਾ ਸੀ। ” ਗਗਨ ਮੁਤਾਬਕ ਚਿੱਠੀ ਦੀ ਨਿਵੇਕਲੀ ਗੱਲ ਇਹ ਹੈ ਕਿ ਇਹ ‘ਪਿਆਰੇ ਅੰਕਲ’ ਨੂੰ ਸੰਬੋਧਤ ਕੀਤੀ ਗਈ ਹੈ ਤੇ ਇਸ ਵਿੱਚ ਵਿਆਕਰਣ ਦੀਆਂ ਅੰਤਾਂ ਦੀਆਂ ਗ਼ਲਤੀਆਂ ਹਨ।




ਸਿੱਖ ਨੌਜਵਾਨ ਦੀ ਦੁਕਾਨ ਦੇ ਬਾਹਰ ਲੱਗਾ ਬਰਤਾਨਵੀ ਝੰਡਾ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਦਰਬਾਰ ਸਾਹਿਬ ਦੇ ਗੁਰੂ ਰਾਮਦਾਸ ਲੰਗਰ ਹਾਲ ਦੀ ਕਾਰ ਸੇਵਾ ਸ਼ੁਰੂ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸਥਾਪਤ ਗੁਰੂ ਰਾਮਦਾਸ ਲੰਗਰ ਘਰ ਦੇ ਵਿਸਥਾਰ ਤਹਿਤ ਨਵੀਂ ਤਿਆਰ ਕੀਤੀ ਗਈ ਇਮਾਰਤ ਦੇ ਬਾਹਰੀ ਹਿੱਸੇ ਨੂੰ ਪਹਿਲਾਂ ਬਣੀ ਇਮਾਰਤ ਵਾਂਗ ਪੁਰਾਤਨ ਦਿੱਖ ਦੇਣ ਲਈ ਅੱਜ ਸ਼੍ਰੋਮਣੀ ਕਮੇਟੀ ਵੱਲੋਂ ਕਾਰ ਸੇਵਾ ਆਰੰਭ ਦਿੱਤੀ ਗਈ ਹੈ। ਇਹ ਕਾਰ ਸੇਵਾ ਬਾਬਾ ਬਚਨ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਦਿੱਲੀ ਵਾਲਿਆਂ ਨੂੰ ਸੌਂਪੀ ਗਈ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਲੋਂ ਲੰਗਰ ਘਰ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਕੰਮ ਕਾਰ ਸੇਵਾ ਦੀ ਥਾਂ ਠੇਕੇਦਾਰਾਂ ਨੂੰ ਸੌਂਪਿਆ ਗਿਆ ਸੀ। ਜਦਕਿ ਹੁਣ ਇਸ ਇਮਾਰਤ ਦੀ ਬਾਹਰੀ ਦਿੱਖ ਦੀ ਉਸਾਰੀ ਦਾ ਕੰਮ ਮੁੜ ਕਾਰ ਸੇਵਾ ਰਾਹੀਂ ਕਰਵਾਇਆ ਜਾ ਰਿਹਾ ਹੈ। ਨਵੀਂ ਇਮਾਰਤ ਦੇ ਸ਼ੁਰੂ ਹੋਣ ਨਾਲ ਇੱਥੇ ਲੰਗਰ ਛਕਣ ਵਾਲੇ ਸ਼ਰਧਾਲੂਆਂ ਦੀ ਸਮਰੱਥਾ ਵੱਧ ਸਕੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਮੌਕੇ ਕਿਹਾ ਕਿ ਹਰਿਮੰਦਰ ਸਾਹਿਬ ਵਿਖੇ ਸੰਗਤ ਦੀ ਆਮਦ ਦਿਨੋਂ-ਦਿਨ ਵੱਧ ਰਹੀ ਹੈ, ਇਸ ਲਈ ਗੁਰੂ ਰਾਮਦਾਸ ਲੰਗਰ ਘਰ ਦੀ ਇਮਾਰਤ ਦਾ ਵਿਸਥਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਲਗਭਗ ਪੰਜ ਹਜ਼ਾਰ ਸੰਗਤ ਇੱਕੋ ਸਮੇਂ ਲੰਗਰ ਛਕ ਸਕੇਗੀ। ਉੱਪਰਲੀਆਂ ਮੰਜ਼ਲਾਂ ਉਤੇ ਜਾਣ ਲਈ ਸੰਗਤ ਦੀ ਸਹੂਲਤ ਲਈ ਨਵੀਂ ਇਮਾਰਤ ਵਿਚ ਲਿਫ਼ਟਾਂ ਵੀ ਲਾਈਆਂ ਜਾਣਗੀਆਂ। ਲੰਗਰ ਘਰ ਦੀ ਰਸੋਈ ਦਾ ਆਕਾਰ ਵੀ ਪਹਿਲਾਂ ਨਾਲੋਂ ਦੋ ਗੁਣਾ ਕਰ ਦਿੱਤਾ ਗਿਆ ਹੈ ਤੇ ਇਹ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗੀ। ਕਾਰ ਸੇਵਾ ਦੀ ਆਰੰਭਤਾ ਮੌਕੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਬਚਨ ਸਿੰਘ ਤੇ ਬਾਬਾ ਮਹਿੰਦਰ ਸਿੰਘ ਦਿੱਲੀ ਵਾਲੇ ਅਤੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਖ਼ਾਲਸਾ ਤੇ ਹੋਰ ਹਾਜ਼ਰ ਸਨ।



ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਗੁਰੂ ਰਾਮਦਾਸ ਲੰਗਰ ਹਾਲ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਦੇ ਹੋਏ।

# ਸ਼ਾਂਤਮਈ ਢੰਗ ਨਾਲ ਵੱਖਰੇ ਦੇਸ਼ ਦੀ ਮੰਗ ਕਰਨੀ ਬਿਲਕੁਲ ਜਾਇਜ਼ : ਐਮਪੀ ਧਰਮਵੀਰ ਗਾਂਧੀ

**ਪਟਿਆਲਾ/ਬਿਊਰੋ ਨਿਊਜ਼ :** ਪਟਿਆਲਾ ਤੋਂ ਭਾਰਤ ਦੀ ਪਾਰਲੀਮੈਂਟ ਦੇ ਵਿਧਾਇਕ ਡਾ. ਧਰਮਵੀਰ ਗਾਂਧੀ ਨੇ ਕਿਹਾ ਹੈ ਕਿ ਸ਼ਾਂਤਮਈ ਢੰਗ ਨਾਲ ਵੱਖਰੇ ਰਾਜ ਦੀ ਮੰਗ ਕਰਨਾ ਵਾਜਿਬ ਹੈ। ਉਹਨਾਂ ਦਾ ਇਹ ਬਿਆਨ ਪੰਜਾਬ ਵਿਚ ਪਿਛਲੇ ਕੁਝ ਦਿਨਾਂ ਤੋਂ ਭਾਰਤ ਪੱਖੀ ਸਿਆਸਤਦਾਨਾਂ ਵਲੋਂ ਸਿੱਖਾਂ ਦੀ ਵੱਖਰੇ ਰਾਜ ਦੀ ਮੰਗ ਖਿਲਾਫ ਕੀਤੀ ਜਾ ਰਹੀ ਬਿਆਨਬਾਜੀ ਦੌਰਾਨ ਆਇਆ ਹੈ।ਡਾ. ਧਰਮਵੀਰ ਗਾਂਧੀ ਨੇ ਕਿਹਾ, "ਮੈਂ ਸੰਘੀ ਢਾਂਚੇ ਅਤੇ ਲੋਕਤੰਤਰ ਵਿਚ ਵਿਸ਼ਵਾਸ ਰੱਖਦਾ ਹਾਂ। ਮੈਨੂੰ ਖ਼ਾਲਿਸਤਾਨ ਨਾਲ ਕੋਈ ਮਤਲਬ ਨਹੀਂ। ਸੁਪਰੀਮ ਕੋਰਟ ਦਾ ਫੈਸਲਾ ਹੈ ਕਿ ਬੋਲੀ, ਧਰਮ, ਖਿੱਤੇ ਅਤੇ ਨਸਲ ਦੇ ਅਧਾਰ 'ਤੇ ਵੱਖਰਾ ਰਾਜ ਮੰਗਣਾ ਕਾਨੂੰਨ ਦੇ ਅਧੀਨ ਹੈ।"



ਡਾ. ਗਾਂਧੀ ਨੇ ਕਿਹਾ, "ਮੈਂ ਉਨ੍ਹਾਂ ਦਾ ਵਿਰੋਧ ਕਰਦਾ ਹਾਂ ਜੋ ਸਿਰਫ ਧਰਮ ਦੇ ਅਧਾਰ 'ਤੇ ਵੱਖਰਾ ਰਾਜ ਬਣਾਉਣ ਲਈ ਵੋਟਾਂ ਮੰਗਦੇ ਹਨ ਜਾ ਲੋਕਾਂ ਨੂੰ ਉਕਸਾਉਂਦੇ ਹਨ। ਪਰ ਕੀ ਤੁਹਾਨੂੰ ਨਹੀਂ ਲਗਦਾ ਕਿ ਸਾਰਿਆਂ 'ਤੇ ਇਕੋ ਜਿਹਾ ਮਾਪਦੰਡ ਲਾਗੂ ਹੋਣਾ ਚਾਹੀਦਾ ਹੈ? ਉਨ੍ਹਾਂ ਲੋਕਾਂ ਨੂੰ ਹੀ ਦੇਸ਼ਧ੍ਰੋਹ ਦੇ ਕੇਸਾਂ ਨਾਲ ਕਿਉਂ ਡਰਾਇਆ ਜਾਂਦਾ ਹੈ ਜੋ ਸਿੱਖ ਰਾਜ ਦੀ ਮੰਗ ਕਰਦੇ ਹਨ, ਜਦੋਂ ਕਿ ਹੋਰ ਲੋਕ ਹਿੰਦੂ ਰਾਜ ਬਣਾਉਣਾ ਚਾਹੁੰਦੇ ਹਨ?"

# ਪਾਕਿਸਤਾਨੀ ਬੈਂਕ 'ਚ ਜਗਜੀਤ ਕੌਰ ਬਣੀ ਪਹਿਲੀ ਸਿੱਖ ਅਫਸਰ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੇ ਨਿਵਾਸੀ ਅਵਤਾਰ ਸਿੰਘ ਦੀ ਪੁੱਤਰੀ ਬੀਬੀ ਜਗਜੀਤ ਕੌਰ ਪਾਕਿ ਦੇ ਮਾਨਤਾ ਪ੍ਰਾਪਤ ਸਰਕਾਰੀ ਬੈਂਕ 'ਚ ਡੀਈਓ. ਦੇ ਅਹੁਦੇ 'ਤੇ ਨਿਯੁਕਤ ਹੋਣ ਵਾਲੀ ਪਹਿਲੀ ਸਿੱਖ ਕੁੜੀ ਬਣੀ ਹੈ। ਲਾਹੌਰ ਤੋਂ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਅੰਜੁਮ ਗਿੱਲ 'ਅੰਮ੍ਰਿਤਸਰੀ' ਤੇ ਬਾਬਰ ਜਲੰਧਰੀ ਨੇ ਦੱਸਿਆ ਕਿ ਪਾਕਿ 'ਚ ਲਗਾਤਾਰ ਇਕ ਤੋਂ ਬਾਅਦ ਇਕ ਸਿੱਖ ਬੀਬੀਆਂ ਆਪਣੀ ਮਿਹਨਤ, ਪੜ੍ਹਾਈ ਤੇ ਸੂਝ-ਬੂਝ ਸਦਕਾ ਉੱਚ ਅਹੁਦਿਆਂ 'ਤੇ ਨਿਯੁਕਤ ਹੋ ਰਹੀਆਂ ਹਨ।



ਅੰਜੁਮ ਗਿੱਲ ਨੇ ਦੱਸਿਆ ਕਿ ਬੀਬੀ ਜਗਜੀਤ ਕੌਰ ਦੀ ਨਿਯੁਕਤੀ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੇ ਖ਼ੁਸ਼ਹਾਲੀ ਮਾਈਕਰੋ ਫਾਈਨਾਂਸ ਬੈਂਕ 'ਚ ਡਾਟਾ ਐਂਟਰੀ ਅਫ਼ਸਰ ਵਜੋਂ ਕੀਤੀ ਗਈ ਹੈ। ਉਕਤ ਸਿੱਖ ਬੀਬੀ ਨੇ ਸਕੂਲੀ ਪੜ੍ਹਾਈ ਸ੍ਰੀ ਨਨਕਾਣਾ ਸਾਹਿਬ ਦੇ ਗੁਰੂ ਨਾਨਕ ਜੀ ਪਬਲਿਕ ਸਕੂਲ ਤੋਂ ਕੀਤੀ ਤੇ ਉਸ ਉਪਰੰਤ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਚੰਗੇ ਅੰਕਾਂ 'ਚ ਬੀ.ਕਾਮ ਦੀ ਪੜ੍ਹਾਈ ਪੂਰੀ ਕਰਕੇ ਬੈਂਕ ਦੀ ਨੌਕਰੀ ਲਈ ਲਿਖਤੀ ਟੈਸਟ ਤੇ ਇੰਟਰਵਿਊ ਦਿੱਤੀ। ਬਾਬਰ ਜਲੰਧਰੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਸ੍ਰੀ ਨਨਕਾਣਾ ਸਾਹਿਬ ਦੇ ਨਿਵਾਸੀ ਈਸ਼ਰ ਸਿੰਘ ਦੀ ਪੁੱਤਰੀ ਬੀਬੀ ਸਤਵੰਤ ਕੌਰ ਪੋਸਟ ਗ੍ਰੈਜੂਏਸ਼ਨ ਕਰਨ ਉਪਰੰਤ ਐਮ.ਫਿਲ ਕਰਨ ਵਾਲੀ ਪਾਕਿ ਦੀ ਪਹਿਲੀ ਸਿੱਖ ਕੁੜੀ ਵਜੋਂ ਤੇ ਸੂਬਾ ਖ਼ੈਬਰ ਪਖ਼ਤੂਨਖਵਾ ਦੇ ਪਿਸ਼ਾਵਰ ਸ਼ਹਿਰ ਦੀ ਮਨਮੀਤ ਕੌਰ ਪਾਕਿ ਨਿਊਜ਼ ਚੈਨਲ ਹਮ ਟੀ.ਵੀ. 'ਤੇ ਪੱਤਰਕਾਰ ਵਜੋਂ ਸੇਵਾਵਾਂ ਦੇਣ ਵਾਲੀ ਪਾਕਿ ਦੀ ਪਹਿਲੀ ਸਿੱਖ ਕੁੜੀ ਵਜੋਂ ਆਪਣੀ ਇਕ ਵੱਖਰੀ ਪਹਿਚਾਣ ਕਾਇਮ ਕਰ ਚੁੱਕੀਆਂ ਹਨ।

## ਬਰੈਂਪਟਨ ਵਿੱਚ ਵਿਦਿਆਰਥੀ ਹਿੰਸਾ ਉਤੇ ਹੋਈ ਵਿਚਾਰ-ਚਰਚਾ

**ਬਰੈਂਪਟਨ/ਬਿਊਰੋ ਨਿਊਜ਼ :** ਬਰੈਂਪਟਨ ਵਿੱਚ 'ਯੂਨਾਈਟਿਡ ਸਿੱਖਸ' ਅਤੇ ਉਂਟਾਰੀਓ ਗੁਰਦੁਆਰਿਆਂ ਦੀ ਕਮੇਟੀ ਦੇ ਸੱਦੇ 'ਤੇ ਇੱਕ ਮੀਟਿੰਗ ਕੀਤੀ ਗਈ। ਇਸ ਵਿੱਚ ਸਥਾਨਕ ਲੋਕਾਂ, ਸੰਸਦ ਮੈਂਬਰ ਰੂਬੀ ਸਹੋਤਾ, ਰਾਜ ਗਰੇਵਾਲ, ਸੋਨੀਆ ਸਿੱਧੂ, ਵਿਧਾਇਕ ਗੁਰਰਤਨ ਸਿੰਘ, ਸਾਰਾ ਸਿੰਘ, ਦੀਪਕ ਆਨੰਦ, ਅਮਰਜੋਤ ਸੰਧੂ, ਕੌਂਸਲਰ ਗੁਰਪ੍ਰੀਤ ਢਿੱਲੋਂ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਵਿਚਾਰ-ਚਰਚਾ ਲਈ ਕਾਇਮ ਕੀਤੇ ਪੈਨਲ ਵਿੱਚ ਪੁਲੀਸ ਅਫ਼ਸਰ ਮਨਜੀਤ ਬਸਰਾ, ਸੁਪਰਡੈਂਟ ਸਟੀਵ ਬਲੌਮ, ਹੈਰੀ ਧਾਲੀਵਾਲ ਤੇ ਵਿਦਿਆਰਥੀ ਪ੍ਰਤੀਨਿਧ ਜਸਪ੍ਰੀਤ ਸਿੰਘ ਨੇ ਹਿੱਸਾ ਲਿਆ। ਮਨਜੀਤ ਬਸਰਾ ਨੇ ਇਸ ਮੌਕੇ ਮੰਨਿਆ ਕਿ ਪਿਛਲੇ ਕੁਝ ਵਰ੍ਹਿਆਂ ਵਿਚ ਵਿਦਿਆਰਥੀ ਦਰਮਿਆਨ ਹਿੰਸਾ ਵਧੀ ਹੈ ਤੇ ਇਸ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ।
ਵਿਦਿਆਰਥੀਆਂ ਦਾ ਪੱਖ ਰੱਖਦਿਆਂ ਜਸਪ੍ਰੀਤ ਨੇ ਕਿਹਾ ਕਿ ਉਹ ਮਜਬੂਰ ਹੋ ਕੇ ਕਰਜ਼ਾ ਚੁੱਕ ਕੇ ਚੰਗੇ ਭਵਿੱਖ ਦੀ ਆਸ ਵਿੱਚ ਇੱਥੇ ਪੜ੍ਹਨ ਆਏ ਹਨ। ਪਰ ਇੱਥੇ ਆ ਕੇ ਵੀ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣਾ ਬਹੁਤ ਦੁਖਦਾਈ ਹੈ।

# ਜੋਧਪੁਰ ਦੇ ਨਜ਼ਰਬੰਦਾਂ ਦੀ ਮਦਦ ਲਈ ਤਿੰਨ ਮੈਂਬਰੀ ਕਾਨੂੰਨੀ ਸੈੱਲ ਕਾਇਮ

**ਲੁਧਿਆਣਾ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੋਧਪੁਰ ਵਿੱਚ ਨਜ਼ਰਬੰਦ ਰਹੇ ਸਿੱਖਾਂ ਦੀ ਕਾਨੂੰਨੀ ਮਦਦ ਲਈ ਤਿੰਨ ਮੈਂਬਰੀ ਕਮੇਟੀ ਬਣਾ ਕੇ ਕਾਨੂੰਨੀ ਸੈੱਲ ਬਣਾਇਆ ਗਿਆ ਹੈ, ਜੋ ਉਨ੍ਹਾਂ ਦੀ ਹਰ ਲੋੜੀਂਦੀ ਕਾਨੂੰਨੀ ਮਦਦ ਕਰੇਗਾ। ਇਸ ਸਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪਿਛਲੇ ਲੰਮੇ ਸਮੇਂ ਤੋਂ ਜੋਧਪੁਰ ਤੋਂ ਰਿਹਾਅ ਹੋ ਕੇ ਆਏ ਸਿੱਖਾਂ ਦੀ ਆਰਥਿਕ ਅਤੇ ਕਾਨੂੰਨੀ ਮਦਦ ਕਰਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਕਈ ਨਜ਼ਰਬੰਦ ਸਿੱਖਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਨੌਕਰੀਆਂ ਦਿੱਤੀਆਂ ਗਈਆਂ ਹਨ ਤੇ ਇਕ-ਇਕ ਲੱਖ ਰੁਪਏ ਦੀ ਆਰਥਿਕ ਸਹਾਇਤਾ ਵੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕੁੱਲ 365 ਸਿੱਖਾਂ ਵਿੱਚੋਂ 40 ਨੂੰ ਅਦਾਲਤੀ ਹੁਕਮਾਂ ਤਹਿਤ ਕੇਂਦਰ ਸਰਕਾਰ ਨੇ 4-4 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੇ 325 ਸਿੱਖਾਂ ਨੂੰ ਇਹ ਮੁਆਵਜ਼ਾ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਇਆ ਕਾਨੂੰਨੀ ਸੈੱਲ ਹਰ ਸੰਭਵ ਕਾਰਵਾਈ ਕਰੇਗਾ।
ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਹੇਠਲੇ ਵਫ਼ਦ ਵੱਲੋਂ ਵੀ ਕੇਂਦਰੀ ਮੰਤਰੀਆਂ ਨੂੰ ਮਿਲ ਕੇ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਤਿੰਨ ਮੈਂਬਰੀ ਕਮੇਟੀ ਵਿੱਚ ਭਾਈ ਗੁਰਚਰਨ ਸਿੰਘ ਗਰੇਵਾਲ, ਭਗਵੰਤ ਸਿੰਘ ਸਿਆਲਕਾ ਤੇ ਜਗਜੀਤ ਸਿੰਘ ਪੀਏ ਨੂੰ ਸ਼ਾਮਲ ਕੀਤਾ ਗਿਆ ਹੈ। ਗੁਰੂ ਰਾਮਦਾਸ ਲੰਗਰ ਲਈ ਜੀਐੱਸਟੀ ਰਿਫ਼ੰਡ ਦੇ ਮਾਮਲੇ ਸਬੰਧੀ ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰੀ ਵਿੱਤ ਮੰਤਰੀ ਵੱਲੋਂ ਲੰਗਰ ਦੀ ਰਸਦ ਉੱਪਰ ਅਦਾ ਕੀਤੇ ਸਾਰੇ ਜੀਐੱਸਟੀ ਨੂੰ ਰਿਫ਼ੰਡ ਕਰਨ ਦਾ ਵਾਅਦਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਲੌਂਗ ਵਿਚ ਘੱਟ ਗਿਣਤੀਆਂ ਉਪਰ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਹਰਕਤ ਵਿਚ ਹੈ ਤੇ ਸ਼ਿਲੌਂਗ ਦੇ ਨੁਕਸਾਨੇ ਗੁਰਦੁਆਰੇ 10 ਲੱਖ ਰੁਪਏ ਦੀ ਮਦਦ ਦਿੱਤੀ ਗਈ ਹੈ, ਜਦੋਂਕਿ ਜਿਸ ਸਿੰਘ ਦੇ ਘਰ ਨੂੰ ਨੁਕਸਾਨ ਪੁੱਜਾ ਹੈ, ਉਸ ਨੂੰ ਵੀ 2 ਲੱਖ ਰੁਪਏ ਅਤੇ 21-21 ਹਜ਼ਾਰ ਰੁਪਏ ਦੀ ਹੋਰ ਕਈ ਲੋਕਾਂ ਨੂੰ ਮਦਦ ਦਿੱਤੀ ਹੈ। ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਕਿਸੇ ਵੀ ਦਲਿਤ ਸਿੱਖ ਨੂੰ ਵੱਖਰਾ ਅੰਮ੍ਰਿਤ ਨਹੀਂ ਛਕਾਇਆ ਗਿਆ। ਉਨ੍ਹਾਂ ਕਿਹਾ ਸੋਸ਼ਲ ਮੀਡੀਆ 'ਤੇ ਚੱਲ ਰਹੀ ਚਰਚਾ ਦੀ ਪੜਤਾਲ ਕਰਵਾਈ ਜਾਵੇਗੀ। ਉਨ੍ਹਾਂ ਮੋਗਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਹੋਈ ਘਟਨਾ ਦੀ ਨਿੰਦਾ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਸਖ਼ਤ ਕਦਮ ਚੁੱਕੇ। ਉਨ੍ਹਾਂ ਪਾਕਿਸਤਾਨ ਸਰਕਾਰ ਵੱਲੋਂ ਭਾਰਤੀ ਹਾਈ ਕਮਿਸ਼ਨਰ ਨੂੰ ਪੰਜਾ ਸਾਹਿਬ ਵਿਖੇ ਜਾਣ ਤੋਂ ਰੋਕਣ ਦੀ ਨਿੰਦਾ ਕੀਤੀ। ਇਸ ਮੌਕੇ ਭਾਈ ਗੁਰਚਰਨ ਸਿੰਘ ਗਰੇਵਾਲ ਵੀ ਹਾਜ਼ਰ ਸਨ।



# ਪਰਵਾਸੀ ਮਜ਼ਦੂਰਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਲੁੱਟਿਆ, ਝੋਨੇ ਦੀ ਲਵਾਈ ਲਈ ਸਮੇਂ ਸਿਰ ਪੁੱਜਣ ਦਾ ਵਾਅਦਾ ਕਰਕੇ ਐਡਵਾਂਸ ਪੈਸੇ ਲਏ

## ਭਈਆਂ ਦੀ ਉਡੀਕ ਲਈ ਕਿਸਾਨਾਂ ਨੇ ਸਟੇਸ਼ਨਾਂ 'ਤੇ ਡਾਹੀਆ ਮੰਜੀਆਂ

**ਬਠਿੰਡਾ/ਬਿਊਰੋ ਨਿਊਜ਼ :** ਪੰਜਾਬ ਵਿੱਚ ਐਤਕੀਂ ਪਰਵਾਸੀ ਮਜ਼ਦੂਰਾਂ ਨੇ ਵੱਡੀ ਗਿਣਤੀ ਕਿਸਾਨਾਂ ਨੂੰ ਠੱਗ ਲਿਆ ਹੈ। ਝੋਨੇ ਦੀ ਲਵਾਈ ਲਈ ਮਜ਼ਦੂਰਾਂ ਤੋਂ ਸਮੇਂ ਸਿਰ ਪੁੱਜਣ ਦਾ ਵਾਅਦਾ ਲੈ ਕੇ ਐਡਵਾਂਸ ਪੈਸੇ ਭੇਜਣ ਵਾਲੇ ਕਿਸਾਨ ਠੱਗੇ ਗਏ ਹਨ ਕਿਉਂਕਿ ਨਾ ਮਜ਼ਦੂਰ ਆ ਰਹੇ ਹਨ ਅਤੇ ਨਾ ਪੈਸੇ ਮੋੜ ਰਹੇ ਹਨ। ਕਿਸਾਨਾਂ ਨੇ ਭਰੋਸਾ ਕਰਕੇ ਮਜ਼ਦੂਰਾਂ ਦੇ ਬੈਂਕ ਖਾਤਿਆਂ ਵਿੱਚ ਆਨਲਾਈਨ ਐਡਵਾਂਸ ਪੈਸੇ ਪਾ ਦਿੱਤੇ ਸਨ। ਹੁਣ ਮਜ਼ਦੂਰਾਂ ਨੇ ਕਿਸਾਨਾਂ ਦੇ ਫੋਨ ਚੁੱਕਣੇ ਬੰਦ ਕਰ ਦਿੱਤੇ ਹਨ। ਓਧਰ ਕਿਸਾਨਾਂ ਦੀ ਝੋਨੇ ਦੀ ਪਨੀਰੀ ਪੱਕਣ ਲੱਗੀ ਹੈ। ਪੰਜਾਬ ਵਿੱਚ ਲੇਬਰ ਸੰਕਟ ਏਨਾ ਡੂੰਘਾ ਹੋ ਗਿਆ ਹੈ ਕਿ ਰੇਲ ਜੰਕਸ਼ਨਾਂ 'ਤੇ ਪਰਵਾਸੀ ਮਜ਼ਦੂਰਾਂ ਦੀ ਦਿਹਾੜੀ ਦੀ ਬੋਲੀ ਲੱਗਦੀ ਹੈ।
ਬਠਿੰਡਾ, ਮਲੋਟ, ਪਟਿਆਲਾ, ਲੁਧਿਆਣਾ, ਖੰਨਾ, ਜਾਖੜ ਅਤੇ ਅੰਬਾਲਾ ਦੇ ਰੇਲਵੇ ਸਟੇਸ਼ਨ 'ਤੇ ਰਾਤ ਨੂੰ ਕਿਸਾਨਾਂ ਦੀ ਭੀੜ ਨਜ਼ਰ ਆਉਂਦੀ ਹੈ। ਪੰਜਾਬ ਸਰਕਾਰ ਵੱਲੋਂ ਬੀਤੇ ਹਫਤੇ ਤੋਂ ਝੋਨੇ ਦੀ ਲਵਾਈ ਸ਼ੁਰੂ ਕਰਨ ਦਾ ਫ਼ੈਸਲਾ ਹੁਣ ਕਿਸਾਨਾਂ ਦੇ ਹਾੜੇ ਕਢਾ ਰਿਹਾ ਹੈ। ਇਨ੍ਹਾਂ ਦਿਨਾਂ ਵਿੱਚ ਪਿੰਡ ਖ਼ਾਲੀ ਹੋ ਗਏ ਹਨ ਅਤੇ ਖੇਤਾਂ ਵਿੱਚ ਰੌਣਕਾਂ ਲੱਗ ਗਈਆਂ ਹਨ। ਬਿਹਾਰ ਤੇ ਉਤਰ ਪ੍ਰਦੇਸ਼ ਵਿੱਚੋਂ ਹਰ ਵਰ੍ਹੇ ਸੀਜ਼ਨ ਦੌਰਾਨ ਪਰਵਾਸੀ ਮਜ਼ਦੂਰ ਪੂਰੇ ਪੰਜਾਬ ਵਿੱਚ ਪੁੱਜਦੇ ਹਨ ਪਰ ਐਤਕੀਂ ਪੁੱਜਣ ਵਾਲੇ ਮਜ਼ਦੂਰ ਕਾਫੀ ਘੱਟ ਹਨ। ਗੋਨਿਆਣਾ ਖ਼ੁਰਦ ਦੇ ਕਿਸਾਨ ਖ਼ੁਸ਼ਵੰਤ ਸਿੰਘ ਨੇ ਇੱਕ ਲੱਖ ਰੁਪਏ ਨਕਦ ਦੇ ਕੇ 12 ਪਰਵਾਸੀ ਮਜ਼ਦੂਰ ਅਗਾਊਂ ਲਿਆਂਦੇ ਸਨ। 23 ਹਜ਼ਾਰ ਦਾ ਹੋਰ ਰਾਸ਼ਨ ਅਤੇ ਭਾਂਡੇ ਲੈ ਕੇ ਦਿੱਤੇ। ਕਿਸਾਨ ਦੱਸਦਾ ਹੈ ਕਿ ਹਫ਼ਤਾ ਪਹਿਲਾਂ ਰਾਤੋ-ਰਾਤ ਸਾਰੇ ਮਜ਼ਦੂਰ ਗ਼ਾਇਬ ਹੋ ਗਏ।
ਪਿੰਡ ਧੰਨ ਸਿੰਘ ਖਾਨਾ ਦੇ ਕਿਸਾਨ ਸੁਖਵਿੰਦਰ ਸਿੰਘ ਤੇ ਅਤਿੰਦਰਪਾਲ ਸਿੰਘ ਨੇ 50 ਹਜ਼ਾਰ ਐਡਵਾਂਸ ਦੇ ਕੇ 55 ਪਰਵਾਸੀ ਮਜ਼ਦੂਰ ਅਗਾਊਂ ਬੁੱਕ ਕੀਤੇ ਸਨ। ਕਿਸਾਨਾਂ ਨੇ ਦੱਸਿਆ ਕਿ 49 ਹਜ਼ਾਰ ਰੁਪਏ ਹੋਰ ਇਨ੍ਹਾਂ ਮਜ਼ਦੂਰਾਂ ਦੇ ਬੈਂਕ ਖਾਤੇ ਵਿੱਚ ਟਰਾਂਸਫ਼ਰ ਕੀਤੇ। ਹੁਣ ਨਾ ਮਜ਼ਦੂਰ ਆਏ ਅਤੇ ਨਾ ਪੈਸੇ ਵਾਪਸ ਹੋਏ ਹਨ। ਹਲਕਾ ਲੰਬੀ ਦੇ ਪਿੰਡ ਸਿੰਘੇਵਾਲਾ ਵਿੱਚ ਦਰਜਨਾਂ ਕਿਸਾਨ ਠੱਗੀ ਦਾ ਸ਼ਿਕਾਰ ਹੋਏ ਹਨ। ਕਿਸਾਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ 10 ਹਜ਼ਾਰ ਰੁਪਏ ਅਗਾਊਂ ਆਨਲਾਈਨ ਭੇਜੇ ਸਨ ਅਤੇ ਇਵੇਂ ਪਿੰਡ ਦੇ ਹੋਰਨਾਂ ਕਿਸਾਨਾਂ ਨੇ ਕਰੀਬ 50 ਹਜ਼ਾਰ ਰੁਪਏ ਪਰਵਾਸੀ ਮਜ਼ਦੂਰਾਂ ਦੇ ਖਾਤਿਆਂ ਵਿੱਚ ਪਾਏ ਸਨ। ਹੁਣ ਕੋਈ ਵੀ ਪੱਲਾ ਨਹੀਂ ਫੜਾ ਰਿਹਾ। ਪਿੰਡ ਤੁੰਬਾ ਦੇ ਕਿਸਾਨ ਗੁਰਮੀਤ ਸਿੰਘ ਤੋਂ ਪਰਵਾਸੀ ਮਜ਼ਦੂਰਾਂ ਦਾ 'ਲੰਬੜਦਾਰ' 50 ਹਜ਼ਾਰ ਰੁਪਏ ਐਡਵਾਂਸ ਲੈ ਗਿਆ ਸੀ ਅਤੇ ਹੁਣ 25 ਮਜ਼ਦੂਰਾਂ ਦੀ ਥਾਂ ਸਿਰਫ਼ ਪੰਜ ਮਜ਼ਦੂਰ ਭੇਜ ਦਿੱਤੇ ਹਨ।
ਪਿੰਡ ਤਿਉਣਾ ਵਿੱਚ ਪਰਵਾਸੀ ਮਜ਼ਦੂਰਾਂ ਨੇ ਦੱਸਿਆ ਕਿ ਖੰਨਾ ਸਟੇਸ਼ਨ 'ਤੇ ਤਾਂ ਪੁਲੀਸ ਕਿਸਾਨਾਂ ਦੇ ਵਾਹਨਾਂ ਵਿੱਚ ਧੱਕੇ ਨਾਲ ਮਜ਼ਦੂਰਾਂ ਨੂੰ ਬਿਠਾ ਰਹੀ ਹੈ। ਬਠਿੰਡਾ ਜੰਕਸ਼ਨ 'ਤੇ ਰਾਤ ਨੂੰ ਕਿਸਾਨਾਂ ਵੱਲੋਂ ਪਰਵਾਸੀ ਮਜ਼ਦੂਰਾਂ ਨੂੰ ਪ੍ਰਤੀ ਏਕੜ ਲਵਾਈ ਦੀ ਬੋਲੀ 4 ਹਜ਼ਾਰ ਤੱਕ ਚਲੀ ਜਾਂਦੀ ਹੈ। ਮਾਲਵਾ ਖ਼ਿੱਤੇ ਵਿਚੋਂ ਸੈਂਕੜੇ ਕਿਸਾਨ ਅੰਬਾਲਾ ਅਤੇ ਜਾਖੜ ਦੇ ਰੇਲਵੇ ਸਟੇਸ਼ਨਾਂ 'ਤੇ ਵੀ ਰਾਤਾਂ ਕੱਟ ਰਹੇ ਹਨ ਤੇ ਉੱਥੇ ਹੀ ਆਪਣੀਆਂ ਮੰਜੀਆਂ ਡਾਹ ਲਈਆਂ ਹਨ। ਬਰਨਾਲਾ ਦੇ ਪਿੰਡ ਰੁੜੇਕੇ ਕਲਾਂ ਦੇ ਹਰਨਾਗ ਸਿੰਘ ਨੇ ਰਾਜਸਥਾਨ ਵਿਚੋਂ 40 ਮਜ਼ਦੂਰ ਲਿਆਂਦੇ ਹਨ। ਇਸੇ ਪਿੰਡ ਦੇ ਕਿਸਾਨ ਹਰਬੰਸ ਸਿੰਘ ਨੇ ਦੱਸਿਆ ਕਿ ਬਿਹਾਰ ਤੋਂ ਲਿਆਂਦੇ ਮਜ਼ਦੂਰ ਐਤਕੀਂ ਹੁਕਮ ਚਲਾਉਂਦੇ ਹਨ। ਪਹਿਲਾਂ ਸਾਰੇ ਮਜ਼ਦੂਰਾਂ ਦੇ ਮੋਬਾਈਲ ਰੀਚਾਰਜ ਕਰਾਏ, ਫਿਰ ਸ਼ਾਮ ਨੂੰ ਸ਼ਰਾਬ ਤੇ ਮੀਟ ਆਦਿ ਦਾ ਪ੍ਰਬੰਧ ਕਰਕੇ ਦਿੱਤਾ। ਕਈ ਖ਼ਿੱਤਿਆਂ ਵਿੱਚ ਪਰਵਾਸੀ ਮਜ਼ਦੂਰ 2300 ਤੋਂ 2500 ਰੁਪਏ ਪ੍ਰਤੀ ਏਕੜ ਝੋਨੇ ਦੀ ਲਵਾਈ ਲੈ ਰਹੇ ਹਨ ਜਦੋਂਕਿ ਕਈ ਪਿੰਡਾਂ ਵਿੱਚ ਇਹ ਪ੍ਰਤੀ ਏਕੜ ਲਵਾਈ ਠੇਕਾ 4200 ਰੁਪਏ ਤੱਕ ਪੁੱਜਾ ਹੈ। ਮਾਨਸਾ ਦੇ ਪਿੰਡ ਅਤਲਾ ਖ਼ੁਰਦ ਦੇ ਕਿਸਾਨ ਭਿੰਦਰ ਸਿੰਘ ਨੇ 12 ਏਕੜ ਖੇਤ ਤਿਆਰ ਕੀਤਾ ਹੋਇਆ ਹੈ ਅਤੇ ਹੁਣ ਲੇਬਰ ਨਹੀਂ ਮਿਲ ਰਹੀ।



# ਬਰਗਾੜੀ ਕਾਂਡ : ਗੁਰੂ ਗ੍ਰੰਥ ਸਾਹਿਬ ਬਾਰੇ ਅਪਮਾਨਜਨਕ ਭਾਸ਼ਾ 'ਚ ਪੋਸਟਰ ਲਿਖਣ ਵਾਲੇ ਦੀ ਸ਼ਨਾਖਤ

### ਕਾਟਜੂ ਜਾਂਚ ਕਮਿਸ਼ਨ ਦੀ ਰਿਪੋਰਟ ਵੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਕੋਲ ਪੁੱਜੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਤਕਰੀਬਨ ਤਿੰਨ ਸਾਲਾਂ ਦੇ ਇੰਤਜ਼ਾਰ ਤੋਂ ਬਾਅਦ ਬਰਗਾੜੀ ਬੇਅਦਬੀ ਕਾਂਡ ਸਬੰਧੀ ਪੰਜਾਬ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ 10 ਸ਼ੱਕੀ ਵਿਅਕਤੀਆਂ ਵਿੱਚੋਂ ਇਕ ਦੀ ਲਿਖਾਈ ਸਤੰਬਰ 2015 ਵਿੱਚ ਪਿੰਡ ਬਰਗਾੜੀ 'ਚ ਚਿਪਕਾਏ ਗਏ ਉਨ੍ਹਾਂ ਪੋਸਟਰਾਂ ਨਾਲ ਮਿਲ ਗਈ ਹੈ ਜਿਨ੍ਹਾਂ ਵਿੱਚ ਗੁਰੂ ਗ੍ਰੰਥ ਸਾਹਿਬ ਬਾਰੇ ਅਪਮਾਨਜਨਕ ਭਾਸ਼ਾ ਵਰਤੀ ਗਈ ਸੀ। ਪੁਲੀਸ ਸੂਤਰਾਂ ਅਨੁਸਾਰ ਘਟਨਾ ਤੋਂ ਬਾਅਦ ਸ਼ੱਕੀ ਵਿਅਕਤੀਆਂ ਤੋਂ ਇਲਾਵਾ ਪਿੰਡ ਬਰਗਾੜੀ ਵਿੱਚੋਂ ਲਿਖਾਈ ਦੇ 100 ਤੋਂ ਵੱਧ ਨਮੂਨੇ ਲਏ ਜਾ ਚੁੱਕੇ ਸਨ ਪਰ ਇਨ੍ਹਾਂ ਵਿੱਚੋਂ ਕੋਈ ਲਿਖਾਈ ਪੋਸਟਰਾਂ ਦੀ ਲਿਖਾਈ ਨਾਲ ਨਹੀਂ ਸੀ ਮਿਲ ਰਹੀ। ਪੁਲੀਸ ਨੂੰ ਇਹ ਕਾਮਯਾਬੀ ਪਿਛਲੇ ਹਫ਼ਤੇ ਗ੍ਰਿਫ਼ਤਾਰ ਕੀਤੇ ਗਏ ਦਸ ਸ਼ੱਕੀ ਵਿਅਕਤੀਆਂ ਦੀ ਲਿਖਾਈ ਦੀ ਫੋਰੈਂਸਿਕ ਰਿਪੋਰਟ ਦੇਖਣ ਤੋਂ ਬਾਅਦ ਮਿਲੀ। ਪੁਲੀਸ ਨੇ ਇਹ ਜਾਂਚ ਰਿਪੋਰਟ ਨੋਡਲ ਏਜੰਸੀ ਸੀਬੀਆਈ ਨੂੰ ਸੌਂਪ ਦਿੱਤੀ ਹੈ ਜੋ ਕਿ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਹੈ। ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਸੀਬੀਆਈ ਕੋਲ ਅਸਲੀ ਪੋਸਟਰ ਹਨ, ਕਿਉਂ 2016 ਵਿੱਚ ਕੇਸ ਸਬੰਧੀ ਸਾਰਾ ਰਿਕਾਰਡ ਉਸ ਨੂੰ ਸੌਂਪ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਵੇਲੇ ਉਸ ਵਿਅਕਤੀ ਦੀ ਪਛਾਣ ਜਨਤਕ ਨਹੀਂ ਕੀਤੀ ਜਾ ਸਕਦੀ ਹੈ। ਡੀਜੀਪੀ (ਇੰਟੈਲੀਜੈਂਸ) ਦਿਨਕਰ ਗੁਪਤਾ ਨੇ ਕਿਹਾ ਕਿ ਮਾਮਲੇ ਦੀ ਵੱਖ ਵੱਖ ਪਹਿਲੂਆਂ ਤੋਂ ਜਾਂਚ



ਚੱਲ ਰਹੀ ਸੀ ਅਤੇ ਇਸ ਸਬੰਧੀ ਕੋਈ ਵੀ ਨਵੀਂ ਪੇਸ਼ਕਦਮੀ ਬਾਰੇ ਜਾਣਕਾਰੀ ਸਿਰਫ਼ ਸੀਬੀਆਈ ਹੀ ਦੇ ਸਕਦੀ ਹੈ। ਘਟਨਾ ਲਈ ਗ੍ਰਿਫ਼ਤਾਰ ਕੀਤੇ ਗਏ ਸਾਰੇ 10 ਸ਼ੱਕੀ ਵਿਅਕਤੀਆਂ ਦੀ ਅਗਵਾਈ ਮਹਿੰਦਰ ਪਾਲ ਉਰਫ਼ ਬਿੱਟੂ ਕਰਦਾ ਸੀ ਜੋ ਡੇਰਾ ਸਿਰਸਾ ਦੀ ਸੂਬਾ ਕਮੇਟੀ ਦਾ ਮੈਂਬਰ ਹੈ। ਉਹ ਗਰਮ ਖ਼ਿਆਲੀ ਸਿੱਖ ਜਥੇਬੰਦੀਆਂ ਖ਼ਿਲਾਫ਼ ਡੇਰਾ ਪ੍ਰੇਮੀਆਂ ਵੱਲੋਂ ਦਿੱਤੇ ਜਾਂਦੇ ਧਰਨਿਆਂ ਤੇ ਮੁਜ਼ਾਹਰਿਆਂ ਦੀ ਪ੍ਰਧਾਨਗੀ ਵੀ ਕਰਦਾ ਰਿਹਾ ਹੈ।

ਬਰਗਾੜੀ 'ਚ ਬੇਅਦਬੀ ਦੀ ਘਟਨਾ ਖ਼ਿਲਾਫ਼ ਰੋਸ ਪ੍ਰਗਟਾਵੇ ਦੌਰਾਨ ਬਹਿਬਲ ਕਲਾਂ ਵਿੱਚ ਵਾਪਰੇ ਗੋਲੀ ਕਾਂਡ ਵਿੱਚ ਕਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਦੀ ਹੋਈ ਮੌਤ ਸਬੰਧੀ 'ਸਿੱਖਜ਼ ਫਾਰ ਹਿਊਮਨ ਰਾਈਟਸ' ਵੱਲੋਂ ਸੁਪਰੀਮ ਕੋਰਟ ਦੇ ਸਾਬਕਾ ਜੱਜ ਮਾਰਕੰਡੇ ਕਾਟਜੂ ਦੀ ਅਗਵਾਈ ਹੇਠ ਬਣਾਏ ਜਾਂਚ ਕਮਿਸ਼ਨ ਦੀ ਰਿਪੋਰਟ ਅੱਜ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸੌਂਪੀ ਗਈ ਹੈ। ਬਹਿਬਲ ਕਾਂਡ ਦੀ ਜਾਂਚ ਲਈ ਮੌਜੂਦਾ ਸਰਕਾਰ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ ਗਿਆ ਹੈ। ਇਹ ਰਿਪੋਰਟ 'ਸਿੱਖਜ਼ ਫਾਰ ਹਿਊਮਨ ਰਾਈਟਸ' ਦੇ ਐਡਵੋਕੇਟ ਅਮਰ ਸਿੰਘ ਚਹਿਲ ਤੇ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਸੌਂਪੀ ਗਈ।

## ਸਾਬਕਾ ਨਿਰੰਕਾਰੀ ਪ੍ਰਮੁੱਖ ਦੀ ਕੁੜੀ ਨੇ ਪਤੀ 'ਤੇ ਲਾਇਆ ਦੋ ਹਜ਼ਾਰ ਕਰੋੜ ਦੀ ਠੱਗੀ ਦਾ ਇਲਜ਼ਾਮ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਆਪਣੇ ਜਿਹੜੇ ਜਵਾਈ ਨਾਲ ਕਾਰ ਵਿਚ ਕੈਨੇਡਾ ਜਾਂਦਿਆਂ ਨਿਰੰਕਾਰੀ ਮੁਖੀ ਹਰਦੇਵ ਸਿੰਘ ਦੀ ਐਕਸੀਡੈਂਟ ਦੌਰਾਨ ਮੌਤ ਹੋਈ ਸੀ, ਉਸੇ ਸੰਦੀਪ ਖਿੰਡਾ ਉਤੇ 'ਬਾਬੇ' ਦੀ ਵੱਡੀ ਧੀ ਸਮਤਾ ਨੇ ਦੋ ਹਜ਼ਾਰ ਕਰੋੜ ਦੀ ਠੱਗੀ ਦਾ ਕੇਸ ਦਰਜ ਕਰਨ ਵਾਸਤੇ ਪੁਲਿਸ ਕੋਲ ਸ਼ਿਕਾਇਤ ਦਿਤੀ ਹੈ। ਪੁਲਿਸ ਸੂਤਰਾਂ ਮੁਤਾਬਕ ਕਥਿਤ ਠੱਗੀ ਦੀ ਰਕਮ ਦੋ ਹਜ਼ਾਰ ਕਰੋੜ ਤੋਂ ਵੀ ਵੱਧ ਹੈ, ਇਸ ਦੀ ਵਿਸਥਾਰ 'ਚ ਹਾਲਾਂ ਤਫਤੀਸ਼ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀ ਉਪਰਲੇ ਹੁਕਮ ਕਹਿ ਕੇ ਕੇਸ ਬਾਰੇ ਕੋਈ ਜਾਣਕਾਰੀ ਦੇਣ ਤੋਂ ਵੀ ਬਚਦੇ ਨਜ਼ਰ ਆਏ।

ਸਮਤਾ ਨੇ ਦੋਸ਼ ਲਾਇਆ ਹੈ ਕਿ ਸੰਦੀਪ ਨੇ 'ਜੈਨ ਫਲੋਰੋਕਲਚਰ ਲਿਮਟਿਡ' (ਜੇਐਫਐਲ) ਨਾ ਦੀ ਇਕ ਕੰਪਨੀ ਖਰੀਦੀ ਸੀ ਤੇ ਇਸ ਵਿਚ ਉਸ (ਸਮਤਾ) ਤੋਂ ਕਰੋੜਾਂ ਰੁਪਏ ਇਨਵੈਸਟ ਕਰਵਾ ਲਏ। ਸਮਤਾ ਮੁਤਾਬਕ ਕੰਪਨੀ ਦੇ ਸੌ ਫੀਸਦੀ ਸ਼ੇਅਰਜ਼ ਉਸ ਦੇ ਸਨ, ਜੋ ਬਾਅਦ



ਵਿਚ ਡਿਜੀਟਲ ਹਸਤਾਖਰ ਦੇ ਜ਼ਰੀਏ ਸੰਦੀਪ ਨੇ ਆਪਣੇ ਨਾਮ ਕਰਵਾ ਲਏ।

ਸਮਤਾ ਨੇ ਕਿਹਾ ਕਿ ਜਦੋਂ ਦੋਵੇਂ ਉਹ ਇਕੱਠੇ ਰਹਿੰਦੇ ਸਨ, ਤਾਂ ਮੇਰੇ ਸਾਰੇ ਸਰਟੀਫਿਕੇਟ ਤੇ ਹੋਰ ਦਸਤਾਵੇਜ਼ ਸੰਦੀਪ ਦੇ ਕੋਲ ਸਨ। ਇਸੇ ਦੌਰਾਨ ਹੀ ਸੰਦੀਪ ਨੇ ਇਹ ਧੋਖਾਧੜੀ ਕੀਤੀ। ਸਮਤਾ ਨੇ ਹਸਤਾਖਰ ਤਸਦੀਕ ਕਰਨ ਵਾਲੀ ਕੰਪਨੀ 'ਸਿਫੀ ਤਕਨਾਲੋਜੀ' ਨੂੰ ਵੀ ਸ਼ਿਕਾਇਤ ਵਿਚ ਨਾਲ ਰੱਖਿਆ ਹੈ ਤੇ ਆਪਣੇ ਡਿਜੀਟਲ ਹਸਤਾਖਰ ਝੂਠੇ ਦੱਸੇ ਹਨ। ਉਸ ਨੇ ਦਾਅਵਾ ਕੀਤਾ ਕਿ ਕਦੇ ਵੀ ਡਿਜੀਟਲ ਹਸਤਾਖਰ ਤਸਦੀਕ ਕਰਨ ਵਾਸਤੇ ਉਸ ਨੇ ਉਕਤ ਕੰਪਨੀ ਨਾਲ ਸੰਪਰਕ ਨਹੀਂ ਕੀਤਾ।

ਪੁਲਿਸ ਵਿਭਾਗ 'ਚ ਜਿੱਥੇ ਇੰਨੀ ਵੱਡੀ ਕਥਿਤ ਠੱਗੀ ਦੇ ਕੇਸ ਨੂੰ ਹੱਲ ਕਰਨ ਨੂੰ ਲੈ ਕੇ ਉਚ ਪੱਧਰ ਦੀ ਸਰਗਰਮੀ ਹੈ, ਉਥੇ ਆਮ ਲੋਕਾਂ ਵਿਚ ਕਥਿਤ ਡੇਰੇਦਾਰਾਂ ਤੇ 'ਧਰਮ ਗੁਰੂਆਂ' ਕੋਲ ਲੱਗੇ ਪੈਸੇ ਦੇ ਅੰਬਾਰ ਨੂੰ ਲੈ ਕੇ ਵੀ ਚੁੰਜ ਚਰਚਾ ਛਿੜੀ ਹੋਈ ਹੈ।

## ਸਿੱਖਾਂ ਵੱਲੋਂ ਨਮਕੀਨ ਦੇ ਪੈਕੇਟ 'ਤੇ ਹਰਿਮੰਦਰ ਸਾਹਿਬ ਦੀ ਤਸਵੀਰ ਛਾਪਣ ਦਾ ਵਿਰੋਧ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਖਾਣ ਪੀਣ ਵਾਲੀਆਂ ਵਸਤਾਂ ਤਿਆਰ ਕਰਨ ਵਾਲੀ ਨਾਮੀ ਕੰਪਨੀ ਵੱਲੋਂ ਆਪਣੇ ਨਮਕੀਨ ਦੇ ਪੈਕੇਟ 'ਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਬਣਾਉਣ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲਿਆ ਅਤੇ ਇਸ ਸਬੰਧੀ ਕੰਪਨੀ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਇਸ ਦੌਰਾਨ ਸਿੱਖ ਸੰਗਤ ਨੂੰ ਅਪੀਲ ਕੀਤੀ ਗਈ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਾਲਾ ਇਹ ਪੈਕੇਟ ਨਾ ਖਰੀਦ ਕੇ ਇਸ ਦਾ ਵਿਰੋਧ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਹਲਦੀਰਾਮ ਨਾਂ ਦੀ ਕੰਪਨੀ ਵੱਲੋਂ ਆਪਣੇ ਇਕ ਨਮਕੀਨ ਦੇ ਪੈਕੇਟ 'ਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਛਾਪੀ ਗਈ ਹੈ। ਇਹ ਮਾਮਲਾ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ। ਸੋਸ਼ਲ ਮੀਡੀਆ 'ਤੇ ਪੈਕੇਟ ਦੀ ਤਸਵੀਰ ਵਾਇਰਲ ਹੋਈ ਹੈ, ਜਿਸ ਉੱਪਰ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਛਾਪੀ ਹੋਈ ਹੈ। ਹੇਠਾਂ ਕੰਪਨੀ ਦਾ ਨਾਂ ਅਤੇ ਪਤਾ ਆਦਿ ਲਿਖਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿਚ ਸਿੱਖ ਸੰਗਤ ਨੇ ਸਖ਼ਤ ਇਤਰਾਜ਼ ਜਤਾਇਆ ਹੈ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਇਸ ਕੰਪਨੀ ਨੂੰ ਕਾਨੂੰਨੀ ਨੋਟਿਸ ਵੀ ਭੇਜਿਆ ਹੈ। ਉਨ੍ਹਾਂ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਹੀ ਨਹੀਂ ਸਗੋਂ ਸਮੁੱਚੀ ਮਨੁੱਖਤਾ ਦਾ ਸਾਂਝਾ ਧਾਰਮਿਕ ਅਸਥਾਨ ਹੈ, ਜਿੱਥੇ ਹਰ ਵਰਗ ਦੇ ਲੋਕ ਨਤਮਸਤਕ ਹੁੰਦੇ ਹਨ।


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਨ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279



CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਦਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates




Kuldeep Singh Kang
Sewa Singh Bhinder

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

ਅੰਮ੍ਰਿਤਸਰ ਟਾਈਮਜ਼
AMRITSAR TIMES
27 ਜੂਨ 2018 ਤੋਂ 03 ਜੁਲਾਈ 2018

### ਪੰਜਾਬ 'ਚ ਨਸ਼ਿਆਂ ਦਾ ਕਹਿਰ

## 'ਰੋਮ ਸੜ ਰਿਹਾ ਹੈ, ਨੀਰੋ ਬੰਸਰੀ ਵਜਾ ਰਿਹਾ ਹੈ'

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਭਾਰਤੀ ਪਾਸੇ ਵਾਲੇ 'ਢਾਈ-ਆਬ' ਲੰਮੇ ਸਮੇਂ ਤੋਂ ਨਸ਼ਿਆਂ ਦੇ ਖੌਫਨਾਕ ਤੇ ਸ਼ੂਕਦੇ ਛੇਵੇਂ ਦਰਿਆ ਦੀ ਜ਼ੱਦ ਵਿਚ ਆ ਕੇ ਖੁਰਦੇ ਜਾ ਰਹੇ ਹਨ। ਜਿਸ ਧਰਤੀ ਉਤੇ ਕਦੇ ਦੁੱਧ ਦੀਆਂ ਨਦੀਆਂ ਵਗਦੀਆਂ ਸਨ, ਹੁਣ ਉਥੇ ਸ਼ਰਾਬ, ਸਿੰਥੈਟਿਕ ਡਰੱਗ 'ਚਿੱਟਾ' ਅਤੇ ਦੂਜੇ ਮੈਡੀਕਲ ਨਸ਼ਿਆਂ ਦੀ ਭਰਮਾਰ ਨੇ ਨੌਜਵਾਨੀ ਨੂੰ ਬੁਰੀ ਤਰ੍ਹਾਂ ਵਲ੍ਹੇਟਿਆ ਹੋਇਆ ਹੈ। "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਵਾਲੀ ਕਹਾਵਤ ਬਣਨ ਵੇਲੇ ਸ਼ਾਇਦ ਹੀ ਕਿਸੇ ਨੇ ਪੰਜਾਬ ਦੇ ਜੰਮੇ ਜਾਇਆਂ ਨੂੰ ਨਸ਼ੇ ਰੂਪੀ ਅਜਿਹੀ ਭਿਆਨਕ ਮੌਤ ਦੀ ਮੁਹਿੰਮ ਉਤੇ ਜਾਣਾ ਤਸੱਵਰ ਕੀਤਾ ਹੋਵੇਗਾ। ਸਮੇਂ ਦੇ ਸਿਕੰਦਰਾਂ ਮੂਹਰੇ ਹਿੱਕਾਂ ਡਾਹ ਕੇ ਜੂਝ ਜਾਣ ਵਾਲਾ ਪੰਜਾਬੀ 'ਪੋਰਸ' ਅੱਜ ਦੀ ਘੜੀ ਨਸ਼ੇ ਦਾ ਆਦੀ ਹੋ ਕੇ ਜ਼ਿੰਦਗੀ ਦੀ ਲੜਾਈ 'ਚ ਹਥਿਆਰ ਸੁੱਟਦਾ ਜਾ ਰਿਹਾ ਹੈ। ਬੇਸ਼ੱਕ ਪੰਜਾਬ ਵਿਚ ਨਸ਼ਿਆਂ ਦਾ ਮਾਮਲਾ ਇਕ ਸਿਆਸੀ ਮੁੱਦਾ ਬਣਿਆ ਹੋਇਆ ਹੈ ਪਰ ਕੋਈ ਵੀ ਸਿਆਸੀ ਧਿਰ ਇਸ ਦੀ ਰੋਕਥਾਮ ਨੂੰ ਲੈ ਕੇ ਸੰਜੀਦਾ ਨਹੀਂ ਜਾਪ ਰਹੀ ਹੈ। ਰੋਜ਼ ਮਰ ਰਹੇ ਨੌਜਵਾਨਾਂ ਦੇ ਸਿਵਿਆਂ ਦੀ ਅੱਗ ਉਤੇ ਸੱਤਾ ਦੀਆਂ ਰੋਟੀਆਂ ਸੇਕਣ ਲਈ ਤਾਂ ਹਰ ਨੇਤਾ ਕਾਹਲਾ ਪਿਆ ਹੋਇਆ ਹੈ ਪਰ ਕਿਸੇ ਕੋਲ ਵੀ ਪੰਜਾਬ ਨੂੰ ਇਸ ਦਲਦਲ ਵਿਚੋਂ ਕੱਢਣ ਦੀ ਰਾਹ ਨਹੀਂ ਹੈ। ਜਦੋਂ ਡੇਢ-ਕੁ ਸਾਲ ਪਹਿਲਾਂ ਰਾਜ ਵਿਚ ਅਕਾਲੀ-ਭਾਜਪਾ ਸਰਕਾਰ ਸੀ ਤਾਂ ਜਿਹੜੀ ਕਾਂਗਰਸ ਪਾਰਟੀ ਸਰਕਾਰੀ ਧਿਰ ਦੇ ਜਿਨ੍ਹਾਂ ਦਾਅਵਿਆਂ ਬਾਰੇ ਨੁਕਤਾਚੀਨੀ ਕਰਦਿਆਂ ਕਦੇ ਵੀ ਸਹਿਮਤ ਨਹੀਂ ਸੀ ਹੁੰਦੀ, ਉਹ ਹੀ ਪਾਰਟੀ ਹੁਣ ਆਪ ਖੁਦ "ਕਾਰਵਾਈ ਕਰ ਰਹੇ ਹਾਂ," "ਤਸਕਰੀ ਦੀ ਸਪਲਾਈ ਲਾਇਨ ਬੰਦ ਕਰ ਰਹੇ ਹਾਂ" ਆਦਿ ਥੋਥੇ ਤੇ ਵੇਲਾ ਵਿਹਾ ਚੁੱਕੇ ਦਮਗਜ਼ਿਆਂ ਸਹਾਰੇ ਵਕਤ ਗੁਜ਼ਾਰ ਰਹੀ ਹੈ। ਕਈ ਆਗੂ ਰਵਾਇਤੀ ਨਸ਼ਿਆਂ 'ਤੇ ਲਾਈ ਪਾਬੰਦੀ ਚੁੱਕਣ ਨੂੰ ਹੀ ਇਸ ਵਿਕਰਾਲ ਸਮੱਸਿਆ ਦਾ ਇਕ ਮਾਤਰ ਹੱਲ ਸਮਝੀ ਬੈਠੇ ਹਨ।

ਅਜਿਹੇ ਹਾਲਾਤ ਵਿਚ ਪੰਜਾਬ ਸਿਰ ਚੜ੍ਹ ਕੇ ਬੋਲ ਰਹੀ ਨਸ਼ਾ ਰੂਪੀ ਆਫਤ ਦੀਆਂ ਗਹਿਰੀਆਂ ਜੜ੍ਹਾਂ ਪਿੱਛੇ ਕਿਸੇ ਵੱਡੀ ਸਾਜ਼ਿਸ਼ ਹੋਣ ਦੀਆਂ ਸੰਭਾਵਨਾਵਾਂ ਵੀ ਪ੍ਰਬਲ ਹੋ ਰਹੀਆਂ ਹਨ। ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਦੀ ਨਸਲਕੁਸ਼ੀ ਕਰਨ ਦਾ ਇਤਿਹਾਸ ਲਗਭਗ ਹਰ ਕਾਲ ਵਿਚ ਆਪਣੇ-ਆਪ ਨੂੰ ਮੁੜ-ਮੁੜ ਦੁਹਰਾਉਂਦਾ ਆ ਰਿਹਾ ਹੈ। ਸਿੱਖਾਂ ਦੇ ਮਿੱਥ ਕੇ ਕੀਤੇ ਗਏ ਕਤਲੇਆਮ ਦਾ ਸੰਨ ੧੯੮੪ ਤੇ ਉਸ ਤੋਂ ਬਾਅਦ ਦਾ ਦਹਾਕਾ ਭਰ ਦਾ ਸਮਾਂ ਕਿਸੇ ਤੋਂ ਭੁੱਲਿਆ ਨਹੀਂ ਹੈ। ਜਿਸ ਤਰ੍ਹਾਂ ਨਿੱਠ ਕੇ ਪੰਜਾਬੀ ਬੋਲੀ, ਸੱਭਿਆਚਾਰ ਤੇ ਸਿੱਖ ਪਹਿਚਾਣ ਉਤੇ ਲਗਾਤਾਰ ਹਮਲੇ ਹੋ ਰਹੇ ਹਨ, ਤਾਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਸ਼ੇ ਨੂੰ ਹਥਿਆਰ ਦੇ ਰੂਪ ਵਿਚ ਪੰਜਾਬੀਆਂ ਦੀ ਨਸਲਕੁਸ਼ੀ ਕਰਨ ਵਾਸਤੇ ਵਰਤਿਆ ਜਾ ਰਿਹਾ ਹੋਵੇ। ਪੰਜਾਬ ਨਾਲ ਲਗਦੇ ਗਵਾਂਢੀ ਰਾਜਾਂ ਹਿਮਾਚਲ, ਹਰਿਆਣਾ ਤੇ ਰਾਜਸਥਾਨ ਵਿਚ ਕਿਹੜੇ ਬਹੁਤੇ ਵੱਖਰੇ ਹਾਲਾਤ ਤੇ ਪ੍ਰਬੰਧ ਸਿਰਜੇ ਗਏ ਹਨ ਕਿ ਉਥੋਂ ਦੇ ਨੌਜਵਾਨ ਪੰਜਾਬੀਆਂ ਵਾਂਗ ਨਸ਼ੇ ਪਿੱਛੇ ਸ਼ੁਦਾਈ ਹੋਏ ਨਹੀਂ ਫਿਰ ਰਹੇ ਹਨ। ਇਕੱਲੇ ਪੰਜਾਬ ਵਿਚ ਹੀ ਤਾਂ ਬੇਰੁਜ਼ਗਾਰੀ, ਗਰੀਬੀ ਤੇ ਅਨਪੜ੍ਹਤਾ ਨਹੀਂ ਹੈ। ਇਕੱਲੇ ਪੰਜਾਬ ਦੇ ਕੈਮਿਸਟ ਹੀ ਤਾਂ ਬੇਈਮਾਨ ਨਹੀਂ ਹਨ। ਇਕੱਲਾ ਪੰਜਾਬ ਹੀ ਤਾਂ ਸਰਹੱਦੀ ਸੂਬਾ ਨਹੀਂ ਹੈ। ਨਿਰਸੰਦੇਹ ਪੰਜਾਬ 'ਚ ਵਿਕਰਾਲ ਰੂਪ ਧਾਰ ਚੁੱਕੀ ਨਸ਼ੇ ਦੀ ਬਿਮਾਰੀ ਨੂੰ ਠੱਲ੍ਹਣ ਲਈ ਇਕ ਸਰਬ-ਵਿਆਪੀ ਨੀਤੀ ਬਣਾਉਣ ਤੇ ਉਸ ਨੂੰ ਲਾਗੂ ਕਰਨ ਵਾਸਤੇ ਦ੍ਰਿੜ ਰਾਜਸੀ ਇੱਛਾ ਸ਼ਕਤੀ ਦੀ ਜ਼ਰੂਰਤ ਹੈ। ਹੁਣ ਤਕ ਦੀਆਂ ਸਰਕਾਰਾਂ ਤੇ ਸਾਡੇ ਆਗੂ ਇਸ ਮਾਮਲੇ ਵਿਚ ਫੇਲ੍ਹ ਹੋਏ ਹਨ। ਇਸ ਸਮੱਸਿਆ ਦੇ ਸਮਾਜਕ, ਆਰਥਕ, ਮਨੋਵਿਗਿਆਨਕ ਅਤੇ ਰਾਜਨੀਤਿਕ ਪੱਖਾਂ ਦੀ ਹਰ ਨਜ਼ਰੀਏ ਤੋਂ ਘੋਖ ਕਰਨ ਵਾਸਤੇ ਡਾਕਟਰਾਂ, ਵਿਦਵਾਨਾਂ ਅਤੇ ਉੱਚ ਅਫ਼ਸਰਾਂ ਦੀ ਨੁਮਾਇੰਦਗੀ ਵਾਲੀ ਕਮੇਟੀ ਬਣੇ। ਅੱਗੇ ਇਸ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਸਰਕਾਰ ਅਤੇ ਸਾਰੀਆਂ ਸਿਆਸੀ ਪਾਰਟੀਆਂ ਮਿਲ ਕੇ ਓਟਣ।

ਸਮੇਂ-ਸਮੇਂ ਦੀਆਂ ਸਰਕਾਰਾਂ ਉਤੇ ਨਸ਼ਾ ਤਸਕਰਾਂ ਦੀ ਪੁਸ਼ਤ-ਪਨਾਹੀ ਕਰਨ ਦੇ ਇਲਜ਼ਾਮ ਲਗਦੇ ਆ ਰਹੇ ਹਨ। ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚ ਕੋਈ ਆਪਸੀ ਤਾਲਮੇਲ ਹੀ ਨਹੀਂ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਡਰੱਗ ਮਾਮਲੇ ਵਿੱਚ ਇੱਕ ਰਿਪੋਰਟ ਦਿੱਤੀ ਗਈ ਸੀ। ਇਸ ਰਿਪੋਰਟ ਬਾਰੇ ਈਡੀ ਦੇ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਨੇ ਮਾਨਯੋਗ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਸ ਰਿਪੋਰਟ ਬਾਰੇ ਕੁਝ ਵੀ ਪਤਾ ਨਹੀਂ ਹੈ। ਨਿਰੰਜਨ ਸਿੰਘ ਦੇ ਬਿਆਨ ਤੋਂ ਬਾਅਦ ਈਡੀ ਦੇ ਵਕੀਲ ਚੇਤਨ ਮਿੱਤਲ ਨੇ ਅਦਾਲਤ ਨੂੰ ਦੱਸਿਆ ਕਿ ਰਾਬਤੇ ਦੀ ਘਾਟ ਕਰਕੇ ਸ਼ਾਇਦ ਨਿਰੰਜਨ ਸਿੰਘ ਨੂੰ ਇਸ ਰਿਪੋਰਟ ਬਾਰੇ ਪਤਾ ਹੀ ਨਹੀਂ ਲੱਗਿਆ।

ਇਸ ਦੇ ਨਾਲ ਹੀ ਪੰਜਾਬ ਵਿਜੀਲੈਂਸ ਵੱਲੋਂ ਵੀ ਇੰਸਪੈਕਟਰ ਇੰਦਰਜੀਤ ਤੇ ਰਾਜਜੀਤ ਖਿਲਾਫ ਚੱਲ ਰਹੀ ਕਾਰਵਾਈ ਦੀ ਸੀਲਬੰਦ ਰਿਪੋਰਟ ਪੇਸ਼ ਕੀਤੀ ਹੋਈ ਹੈ। ਚੱਟੋਪਾਧਿਆ ਅਧਾਰਤ ਐਸਆਈਟੀ ਤੇ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਇਨਕਮ ਟੈਕਸ ਵਿਭਾਗ ਤੋਂ ਜਾਣਕਾਰੀ ਮੰਗੀ ਸੀ। ਇਸ ਦਾ ਜ਼ਿਕਰ ਅਦਾਲਤ ਵਿੱਚ ਹੋ ਚੁੱਕਾ ਹੈ। ਇਸ ਬਾਰੇ ਇਨਕਮ ਟੈਕਸ ਮਹਿਕਮੇ ਵੱਲੋਂ ਪੇਸ਼ ਹੋਏ ਅਸਿਸਟੈਂਟ ਡਾਇਰੈਕਟਰ ਨੇ ਕੋਰਟ ਨੂੰ ਦੱਸਿਆ ਕਿ ਕਿਸੇ ਇੱਕ ਬੰਦੇ ਨਾਲ ਲਗਦੀ ਰਿਪੋਰਟ ਦੇਣੀ ਔਖੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਤੇ ਐਸਆਈਟੀ ਦੇ ਮੈਂਬਰ ਉਨ੍ਹਾਂ ਨਾਲ ਬੈਠ ਕੇ ਇਸ ਦਾ ਹੱਲ ਕਰ ਸਕਦੇ ਹਨ।ਹਾਈਪ੍ਰੋਫਾਈਲ ਡਰੱਗ ਕੇਸਾਂ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਖਾਮੋਸ਼ੀ 'ਤੇ ਹੁਣ ਪੰਜਾਬ ਤੋਂ ਲੈ ਕੇ ਦਿੱਲੀ ਤਕ ਸਵਾਲ ਉੱਠ ਰਹੇ ਹਨ ਕਿ ਆਖ਼ਰ ਵੱਡੇ ਅਫ਼ਸਰਾਂ ਤੇ ਨੇਤਾਵਾਂ ਵਿਰੁੱਧ ਨਸ਼ਿਆਂ ਦੇ ਮਾਮਲਿਆਂ ਬਾਰੇ ਰਿਪੋਰਟ ਆਉਣ ਤੋਂ ਬਾਅਦ ਵੀ ਕੈਪਟਨ ਕੋਈ ਕਾਰਵਾਈ ਕਿਉਂ ਨਹੀਂ ਕਰ ਰਹੇ ? ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਮੁੱਖ ਮੰਤਰੀ ਨੂੰ ਇਸ ਬਾਰੇ ਖੁੱਲ੍ਹੀ ਚਿੱਠੀ ਤਕ ਲਿਖੀ ਗਈ ਹੈ ਪਰ ਹਾਲਾਂ ਤਕ ਕੋਈ ਐਕਸ਼ਨ ਹੁੰਦਾ ਨਜ਼ਰ ਨਹੀਂ ਆ ਰਿਹਾ। ਸਾਫ ਜ਼ਾਹਰ ਹੈ ਕਿ ਸਰਕਾਰ ਨਸ਼ਾ ਤਸਕਰੀ ਵਿਚ ਸ਼ਾਮਲ 'ਵੱਡੇ ਬੰਦਿਆਂ' 'ਤੇ ਕਾਰਵਾਈ ਕਰਨ ਦੀ ਥਾਂ ਉਨ੍ਹਾਂ ਪੁਲਿਸ ਅਫ਼ਸਰਾਂ ਦੇ ਖੰਭ ਕੁਤਰਨ ਵਿਚ ਲੱਗੀ ਹੋਈ ਹੈ ਜੋ ਨਸ਼ਿਆਂ ਦੇ ਧੰਦੇ ਵਿਚ ਲੱਗੇ ਰਸੂਖਵਾਨਾਂ 'ਤੇ ਸ਼ਿਕੰਜਾ ਕਸ ਰਹੇ ਹਨ। ਐਸਟੀਐਫ ਚੀਫ਼ ਨੂੰ ਮਜੀਠੀਆ ਵਿਰੁੱਧ ਰਿਪੋਰਟ ਦੇਣ ਤੋਂ ਬਾਅਦ ਕਮਜ਼ੋਰ ਕੀਤਾ ਗਿਆ ਹੈ ਤੇ ਉਨ੍ਹਾਂ ਦੀ ਤਾਕਤ ਘਟਾ ਦਿੱਤੀ ਗਈ ਹੈ।

ਜੇਕਰ ਇਸ ਅਤਿ ਸੰਵੇਦਨਸ਼ੀਲ ਮਸਲੇ ਦੇ ਹੱਲ ਲਈ ਬਜਟ ਵਿਚ ਤਜਵੀਜ਼ ਫ਼ੰਡ 'ਤੇ ਨਜ਼ਰ ਮਾਰੀ ਜਾਵੇ ਤਾਂ ਪੰਜਾਬ ਸਰਕਾਰਾਂ ਦੇ ਪਿਛਲੇ ਲੰਮੇ ਸਮੇਂ ਤੋਂ ਨਸ਼ਾ ਮੁਕਤੀ ਤੇ ਮੁੜ ਵਸੇਬੇ ਦੇ ਸਾਰੇ ਦਾਅਵੇ ਹਵਾ ਹੁੰਦੇ ਨਜ਼ਰ ਆਉਂਦੇ ਹਨ। ਸਾਲ 2013-2014 ਤੋਂ 2017-2018 ਤੱਕ ਜਿੱਥੇ ਬਜਟ ਵਿਚ 326.11 ਕਰੋੜ ਦੀ ਵੰਡ ਕੀਤੀ ਗਈ ਸੀ, ਉੱਥੇ ਹੀ ਇਸ ਵਿਚ ਮਹਿਜ਼ 161.17 ਕਰੋੜ ਇਸ ਮੰਤਵ ਵਾਸਤੇ ਖ਼ਰਚ ਕੀਤੇ ਗਏ ਜੋ ਬਜਟ ਵੰਡ ਦਾ ਸਿਰਫ਼ 49 ਪ੍ਰਤੀਸ਼ਤ ਬਣਦਾ ਹੈ। ਇਸ ਤੋਂ ਵੱਧ ਹੈਰਾਨੀ ਇਸ ਗੱਲ਼ ਦੀ ਹੈ ਕਿ ਸਰਕਾਰ ਵੱਲੋਂ ਸਾਲ 2017-2018 ਵਾਸਤੇ ਇਸ ਮਕਸਦ ਲਈ ਸਿਰਫ਼ 6 ਕਰੋੜ ਰੁਪਏ ਰੱਖੇ ਸਨ। ਅੰਕੜੇ ਦਰਸਾ ਰਹੇ ਹਨ ਕਿ ਮੌਜੂਦਾ ਕਾਂਗਰਸ ਸਰਕਾਰ ਵੱਲੋਂ ਨਸ਼ੇ ਦੀ ਰੋਕਥਾਮ ਸਬੰਧੀ ਕੀਤੇ ਜਾ ਰਹੇ ਕਾਰਜ ਪਿਛਲੀ ਅਕਾਲੀ ਸਰਕਾਰ ਨਾਲੋਂ ਕਿਸੇ ਪ੍ਰਕਾਰ ਵੀ ਅਲੱਗ ਨਹੀਂ ਹਨ। ਭਾਵੇਂ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਹੱਥਾਂ ਵਿਚ ਗੁਟਕਾ ਸਾਹਿਬ ਫੜ ਕੇ ਸਹੁੰ ਖਾਧੀ ਸੀ ਕਿ ਉਹ 4 ਹਫ਼ਤਿਆਂ ਵਿਚ ਸਾਰਾ ਨਸ਼ਾ ਖ਼ਤਮ ਕਰ ਦੇਣਗੇ ਪਰ ਸਰਕਾਰ ਬਣਨ ਤੋਂ ਬਾਅਦ ਉਹ ਆਪਣੇ ਵਾਅਦੇ ਤੋਂ ਮੁੱਕਰਦੇ ਨਜ਼ਰ ਆ ਰਹੇ ਹਨ। ਪੰਜਾਬ ਦੇ ਮੌਜੂਦਾ ਹਾਲਾਤ ਉਤੇ ਇਹ ਵਿਸ਼ਵ ਪ੍ਰਸਿੱਧ ਕਹਾਵਤ ਪੂਰੀ ਤਰ੍ਹਾਂ ਢੁਕਦੀ ਹੈ ਕਿ, "ਰੋਮ ਸੜ ਰਿਹਾ ਹੈ, ਨੀਰੋ ਬੰਸਰੀ ਵਜਾ ਰਿਹਾ ਹੈ।"

# ਪੰਜਾਬ ਦੇ ਅਸਲੀ ਮੁੱਦੇ ਅਤੇ ਸਿਆਸਤਦਾਨਾਂ ਦੀ ਖ਼ਾਮੋਸ਼ੀ

**ਪੰਜਾਬ ਵਿੱਚ ਭ੍ਰਿਸ਼ਟਾਚਾਰ ਅਜਿਹਾ ਮਸਲਾ ਹੈ ਜਿਸ ਨੂੰ ਕਾਂਗਰਸ ਸਰਕਾਰ ਹੱਥ ਹੀ ਨਹੀਂ ਪਾਉਣਾ ਚਾਹੁੰਦੀ ਕਿਉਂਕਿ ਸਿਆਸੀ ਵਿਰੋਧੀਆਂ ਖ਼ਿਲਾਫ਼ ਕਾਰਵਾਈ ਕਰਨੀ ਪੈ ਜਾਵੇਗੀ ਜਿਸ ਨੂੰ ਫਿਰ ਕੋਈ ਵੀ ਬਦਲਾਖ਼ੋਰੀ ਵਾਲੀ ਸਿਆਸਤ ਦੇ ਖਾਤੇ ਪਾ ਦੇਵੇਗਾ। ਇਸ ਤੋਂ ਇਲਾਵਾ ਤੁਹਾਨੂੰ ਮੁੱਖ ਮੰਤਰੀ ਵੀ ਤਾਂ ਐਨ ਖ਼ਰਾ ਲੋੜੀਂਦਾ ਹੈ ਜਿਹੜਾ ਵਧੀਆ ਢੰਗ ਨਾਲ ਇਹ ਸਫ਼ਾਈ ਕਾਰਜ ਆਰੰਭ ਕਰੇ। ਪਹਾੜਾਂ ਵਿੱਚ ਜਾ ਕੇ ਲੁਤਫ਼ ਲੈਣ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਦੂਜੇ, ਤੇ ਸੰਭਵ ਤੌਰ 'ਤੇ ਆਖ਼ਿਰੀ ਕਾਰਜਕਾਲ ਦੌਰਾਨ ਪਰਦਾਪੋਸ਼ੀਆਂ ਦਾ ਇੱਕ ਹੋਰ ਸ਼ੌਕ ਪਾਲ ਲਿਆ ਹੈ। ਉਹ ਸਿਆਸਤ ਵਿੱਚ ਆਪਣੇ ਦੁਸ਼ਮਣ ਨਹੀਂ ਛੱਡ ਕੇ ਜਾਣਾ ਚਾਹੁੰਦੇ ਜਿਹੜੇ ਉਨ੍ਹਾਂ ਦੇ ਸੇਵਾਮੁਕਤੀ ਵਾਲੇ ਦਿਨਾਂ ਦੌਰਾਨ ਮਨ ਦਾ ਚੈਨ ਹੀ ਖੋਹ ਲੈਣ।**



**ਨਿਰਮਲ ਸੰਧੂ**
ਈਮੇਲ: nirmalssandhu'gmail.com
(ਲੇਖਕ ਸੀਨੀਅਰ ਪੱਤਰਕਾਰ ਹੈ)

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਤੇਲ ਕੀਮਤਾਂ ਬਾਰੇ ਅਕਾਲੀਆਂ ਦੀ ਖ਼ਾਮੋਸ਼ੀ ਉੱਤੇ ਸਵਾਲੀਆ ਨਿਸ਼ਾਨ ਲਾਇਆ ਹੈ। ਹੁਣ ਜਦੋਂ ਤੇਲ ਦੀ ਦਰਾਮਦੀ ਕੀਮਤ 69 ਡਾਲਰ ਫ਼ੀ ਬੈਰਲ ਹੈ ਤਾਂ ਮੋਦੀ ਸਰਕਾਰ ਡੀਜ਼ਲ 67 ਰੁਪਏ ਲਿਟਰ ਦੇ ਹਿਸਾਬ ਵੇਚ ਰਹੀ ਹੈ। ਜਾਖੜ ਦਾ ਦਾਅਵਾ ਹੈ ਕਿ ਯੂਪੀਏ ਦੀ ਸਰਕਾਰ ਵੇਲੇ ਜਦੋਂ ਤੇਲ ਦਾ ਦਰਾਮਦੀ ਭਾਅ 104 ਡਾਲਰ ਫ਼ੀ ਬੈਰਲ ਸੀ ਤਾਂ ਡੀਜ਼ਲ ਦੀ ਕੀਮਤ 41 ਰੁਪਏ ਲਿਟਰ ਸੀ। ਜਾਖੜ ਪੰਜਾਬ ਦੇ ਉਨ੍ਹਾਂ ਕੁਝ ਕੁ ਸੰਜਮੀ ਅਤੇ ਬੇਦਾਗ਼ ਲੀਡਰਾਂ ਵਿੱਚੋਂ ਹਨ ਜੋ ਦਲੀਲ ਅਤੇ ਤੱਥਾਂ ਨਾਲ ਆਪਣੀ ਗੱਲ ਕਰਦੇ ਹਨ। ਪਰ ਐਤਕੀਂ ਉਹ ਸਹੀ ਨਹੀਂ ਹਨ। ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ 2019 ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਾਈਵਾਲਾਂ ਨੂੰ ਪਤਿਆਉਣ ਲਈ ਚਲਾਏ ਮਿਸ਼ਨ ਤੋਂ ਬਾਅਦ, ਬਾਦਲਾਂ ਨੇ ਪ੍ਰਧਾਨ ਮੰਤਰੀ ਨਾਲ ਹਾਲ ਹੀ ਵਿੱਚ ਹੋਈ ਮੀਟਿੰਗ ਵਿੱਚ ਤੇਲ ਦਾ ਮਸਲਾ ਉਠਾਇਆ ਹੈ। ਜਿਵੇਂ ਕਿ ਜਾਪਦਾ ਹੀ ਸੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਈ ਪ੍ਰਵਾਹ ਹੀ ਨਹੀਂ ਕੀਤੀ ਕਿ ਬਾਦਲਾਂ ਨੇ ਕਿਹਾ ਕੀ ਹੈ। ਨਾ ਹੀ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਉਨ੍ਹਾਂ ਅੱਗੇ ਰੱਖੀ ਮੰਗਾਂ ਵਾਲੀ ਲੰਮੀ ਸੂਚੀ ਵੱਲ ਉਨ੍ਹਾਂ ਵੱਲੋਂ ਧਿਆਨ ਧਰਨ ਦੀ ਕੋਈ ਉਮੀਦ ਹੈ। ਪੰਜਾਬ ਦੇ ਭਾਜਪਾ ਲੀਡਰ ਮੋਦੀ ਜਾਂ ਸ਼ਾਹ ਨਾਲ ਪੰਜਾਬ ਦੇ ਹੱਕਾਂ ਲਈ ਗੱਲ ਕਰਨ, ਇਹ ਗੱਲ ਮੁਸ਼ਕਿਲ ਜਾਂ ਅਸੰਭਵ ਲੱਗਦੀ ਹੈ।

ਹੁਣ ਸਵਾਲ ਹੈ: ਜਦੋਂ ਤੁਹਾਨੂੰ ਅਣਗੌਲਿਆ ਕੀਤਾ ਜਾ ਰਿਹਾ ਹੋਵੇ ਤਾਂ ਤੁਸੀਂ ਕੀ ਕਰੋਗੇ ? ਬਾਦਲ ਵਾਂਗ ਮਕਰ ਕਰੋਗੇ ਕਿ ਸਭ ਅੱਛਾ ਹੈ ਅਤੇ ਲੰਗਰ ਨੂੰ ਜੀਐੱਸਟੀ ਤੋਂ ਛੋਟ ਦੇਣ 'ਤੇ ਪ੍ਰਧਾਨ ਮੰਤਰੀ ਦਾ ਧੰਨਵਾਦ ਕਰੋਗੇ, ਭਾਵੇਂ ਜੋ ਛੋਟ ਮੰਗੀ ਗਈ ਸੀ, ਦਿੱਤੀ ਗਈ ਛੋਟ ਉਸ ਤੋਂ ਬਿਲਕੁਲ ਵੱਖਰੀ ਹੈ ? ਜਾਂ ਫਿਰ ਤੋੜ-ਵਿਛੋੜਾ ਕਰੋਗੇ ਅਤੇ ਚੌਥੀ ਕੂਟ ਵੱਲ ਪੈਰ ਧਰਨ ਦੀ ਦਲੇਰੀ ਕਰੋਗੇ; ਜਾਂ ਕੇਜਰੀਵਾਲ ਵਾਲਾ ਰਾਹ ਅਪਣਾਓਗੇ ? ਪੰਜਾਬ ਦੇ ਕਾਂਗਰਸੀ, ਖਾਸ ਕਰਕੇ ਮੋਦੀ ਵੱਲ ਕੁਝ ਵਧੇਰੇ ਹੀ ਸਾਊ ਹਨ ਅਤੇ ਜਦੋਂ ਸੁਖਪਾਲ ਸਿੰਘ ਖਹਿਰਾ, ਦੋਹਾਂ ਬੈਂਸ ਭਰਾਵਾਂ ਜਾਂ ਇੱਥੋਂ ਤੱਕ ਕਿ ਇਨ੍ਹਾਂ ਦੇ ਆਪਣੇ ਨਵਜੋਤ ਸਿੰਘ ਸਿੱਧੂ ਦੀ ਗੱਲ ਹੁੰਦੀ ਹੈ ਤਾਂ ਵਿਹਾਰ ਉੱਕਾ ਹੀ ਵੱਖਰਾ ਹੁੰਦਾ ਹੈ।

ਇਹ ਸਮਝਣਾ ਕੋਈ ਬਹੁਤਾ ਔਖਾ ਨਹੀਂ ਕਿ ਅਕਾਲੀ ਦਲ ਉਨ੍ਹਾਂ ਮਸਲਿਆਂ ਵਿੱਚ ਹੀ ਰੁੱਝਿਆ ਰਹਿੰਦਾ ਹੈ ਜਿਨ੍ਹਾਂ ਦਾ ਪ੍ਰਧਾਨ ਮੰਤਰੀ ਜਾਂ ਭਾਜਪਾ ਪ੍ਰਧਾਨ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਕੇਂਦਰ ਵੱਲੋਂ ਪੰਜਾਬ ਨਾਲ ਵਿਤਕਰੇ ਜਾਂ ਸੂਬਿਆਂ ਨੂੰ ਵੱਧ ਤਾਕਤਾਂ ਦੀ ਕੋਈ ਗੱਲ ਹੀ ਨਹੀਂ, ਜਾਂ ਸਤਲੁਜ-ਯਮੁਨਾ ਲਿੰਕ ਨਹਿਰ ਜਾਂ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਨੂੰ ਮਹਿੰਗਾਈ ਨਾਲ ਜੋੜਨ ਜਾਂ ਪੰਜਾਬ ਨੂੰ ਕਿਸੇ ਪੈਕੇਜ ਦੀ ਵੀ ਕੋਈ ਗੱਲ ਨਹੀਂ। ਨਰਿੰਦਰ ਮੋਦੀ-ਅਮਿਤ ਸ਼ਾਹ ਦੀ ਜੋੜੀ ਸਿਆਸੀ ਦਿਸਹੱਦੇ ਉੱਤੇ ਆਉਣ ਤੋਂ ਪਹਿਲਾਂ ਇਹ ਮੁੱਦੇ ਬਹੁਤ ਸਾਰੇ ਸਾਲਾਂ ਤੋਂ ਅਕਾਲੀ ਸਿਆਸਤ ਦੇ ਅੰਗ-ਸੰਗ ਰਹੇ ਹਨ।

ਅੱਜ ਕੱਲ੍ਹ ਅਕਾਲੀ ਤਰਜਮਾਨ ਸਕੂਲ ਪੁਸਤਕਾਂ ਵਿੱਚ ਸਿੱਖ ਇਤਿਹਾਸ ਉਨ੍ਹਾਂ ਦੇ ਹਿਸਾਬ ਨਾਲ ਪੇਸ਼ ਨਾ ਹੋਣ 'ਤੇ ਥੋੜ੍ਹਾ ਖ਼ਫ਼ਾ ਹੋ ਕੇ ਹੀ ਤਸੱਲੀ ਕਰ ਲੈਂਦੇ ਹਨ। ਵਿਰੋਧੀ ਧਿਰ ਦੇ ਲੀਡਰ ਸੁਖਪਾਲ ਸਿੰਘ ਖਹਿਰਾ ਦੀ ਰਾਇਸ਼ੁਮਾਰੀ 2020 ਬਾਰੇ ਅਸਪੱਸ਼ਟ ਜਿਹੀ ਟਿੱਪਣੀ ਵਿੱਚੋਂ ਹੀ ਉਹ ਮੁਲਕ ਦੀ ਪ੍ਰਭੁਤਾ ਅਤੇ ਏਕਤਾ ਤੇ ਅਖੰਡਤਾ ਲਈ ਗੰਭੀਰ ਖ਼ਤਰਾ ਲੱਭ ਲੈਂਦੇ ਹਨ। ਬਹੁਤ ਘੱਟ ਜਣਿਆਂ ਨੂੰ ਇਸ ਬਾਰੇ ਖ਼ਬਰ ਹੁੰਦੀ ਹੈ ਪਰ ਇਸ ਮਸਲੇ 'ਤੇ ਸਿਆਸੀ ਲੜਾਈ ਬੜੀ ਬੇਕਿਰਕ ਹੋ ਨਿੱਬੜਦੀ ਹੈ।

ਅਕਾਲੀਆਂ ਨੇ ਕਿਉਂਕਿ ਸਭ ਲਈ ਸੁਰੱਖਿਅਤ ਅਤੇ ਲਾਭਦਾਇਕ ਮੁੱਖ ਮੰਤਰੀ ਖ਼ਿਲਾਫ਼ ਇੱਕ ਖਾਸ ਹੱਦ ਤੋਂ ਅੱਗੇ ਨਾ ਜਾਣ ਦਾ ਫ਼ੈਸਲਾ ਕੀਤਾ ਹੋਇਆ ਹੈ, ਇਸ ਲਈ ਜਦੋਂ ਉਹ ਸੱਤਾ ਤੋਂ ਬਾਹਰ ਹੋਣ ਕਾਰਨ ਰਤਾ ਕੁ ਅਕੇਵਾਂ ਮਹਿਸੂਸ ਕਰਦੇ ਹਨ ਤਾਂ ਆਪਣੀਆਂ ਤੋਪਾਂ ਦੇ ਮੂੰਹ ਹੋਰ ਪਾਸੇ (ਸਿੱਧੂ ਤੇ ਬੈਂਸ ਭਰਾਵਾਂ ਵੱਲ) ਮੋੜ ਲੈਂਦੇ ਹਨ। ਇਉਂ ਇੱਕ ਵਾਰ ਫਿਰ ਗੱਲ ਸਮਝ ਆਉਣ ਲੱਗਦੀ ਹੈ ਕਿ ਅਕਾਲੀ ਸਿਆਸਤ ਹੁਣ ਸਿਰਫ ਗ਼ੈਰਕਾਨੂੰਨੀ ਰੇਤ ਖਣਨ ਅਤੇ ਕਾਂਗਰਸ ਵੱਲੋਂ ਵਾਅਦੇ ਮੁਤਾਬਕ ਕਰਜ਼ਾ ਮੁਆਫ਼ੀ ਨਾ ਕੀਤੇ ਜਾਣ ਦੇ ਮਸਲਿਆਂ ਤੱਕ ਹੀ ਸੀਮਤ ਕਿਉਂ ਰਹਿੰਦੀ ਹੈ।

ਵਿਘਨਕਾਰੀ ਸਿੱਧੂ, ਖਹਿਰਾ ਅਤੇ ਬੈਂਸ ਭਰਾ ਅਕਸਰ ਨਿਸ਼ਾਨੇ 'ਤੇ ਰਹਿੰਦੇ ਹਨ ਕਿਉਂਕਿ ਉਹ ਆਪਣੇ ਹਿਸਾਬ ਨਾਲ ਮਾਹੌਲ ਬਦਲਣਾ ਚਾਹੁੰਦੇ ਹਨ। ਸਿੱਟੇ ਵਜੋਂ, ਉਹ ਉਨ੍ਹਾਂ ਲਈ ਗੰਭੀਰ ਖ਼ਤਰਾ ਬਣਦੇ ਹਨ ਜੋ ਇਸ ਸਿਸਟਮ ਤੋਂ ਲਾਹਾ ਲੈਂਦੇ ਹਨ। ਅਜਿਹੇ ਲੋਕ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵਿੱਚ ਹਨ ਅਤੇ ਇਨ੍ਹਾਂ ਦੇ ਪਿੱਛਲੱਗ ਇਨ੍ਹਾਂ ਬਾਹਰਲਿਆਂ ਉੱਤੇ ਝਪਟਣ ਲਈ ਸਦਾ ਆਪਸ ਵਿੱਚ ਮਿਲ ਜਾਂਦੇ ਹਨ ਅਤੇ ਇਨ੍ਹਾਂ ਦੀ ਇਮਦਾਦ ਸਰਕਾਰ ਵਿਚਲੀ ਤਬਦੀਲੀ-ਵਿਰੋਧੀ ਬਹੁਗਿਣਤੀ ਅਤੇ ਪੱਖਪਾਤੀ ਟੈਲੀਵਿਜ਼ਨ ਚੈਨਲਾਂ ਵੱਲੋਂ ਕੀਤੀ ਜਾਂਦੀ ਹੈ। ਹੈਰਾਨੀ ਵਾਲੀ ਗੱਲ ਨਹੀਂ ਕਿ ਇਨ੍ਹਾਂ (ਬਾਹਰਲਿਆਂ) ਵੱਲੋਂ ਕਦੀ-ਕਦਾਈਂ ਲਾਪ੍ਰਵਾਹੀ ਨਾਲ ਕੀਤੀਆਂ ਗ਼ਲਤੀਆਂ ਉੱਤੇ ਵੱਡਾ ਰੱਫੜ ਖੜ੍ਹਾ ਕਰ ਦਿੱਤਾ ਜਾਂਦਾ ਹੈ।

ਸੁਨੀਲ ਜਾਖੜ ਨੇ ਭਾਵੇਂ ਕੇਂਦਰ ਵੱਲੋਂ ਡੀਜ਼ਲ ਕੀਮਤਾਂ ਘਟਾ ਕੇ ਕਿਸਾਨਾਂ ਦੇ ਹੱਕ ਵਿੱਚ ਕੁਝ ਵੀ ਨਾ ਕਰਨ ਦੀ ਵਾਜਬ ਦਲੀਲ ਦਿੱਤੀ ਹੈ ਪਰ ਉਨ੍ਹਾਂ ਦੇ ਕਹੇ ਸ਼ਬਦਾਂ ਦਾ ਵਜ਼ਨ ਉਦੋਂ ਜ਼ਿਆਦਾ ਬਣਦਾ ਜੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਤੇਲ ਉੱਤੇ ਕਰ ਘਟਾਉਂਦੀ। ਕਾਂਗਰਸ ਸਰਕਾਰ ਦਿਖਾਵਾ ਤਾਂ ਕਿਸਾਨ-ਪੱਖੀ ਹੋਣ ਦਾ ਕਰਦੀ ਹੈ ਪਰ ਇਹ ਤੇਲ ਉੱਤੇ ਕਰ ਲਾ ਕੇ ਆਪਣੀ ਜੇਬ ਵੀ ਭਰ ਰਹੀ ਹੈ; ਭਾਵ ਜਿੰਨਾ ਮਹਿੰਗਾ ਤੇਲ, ਓਨੀ ਜ਼ਿਆਦਾ ਕਮਾਈ।

ਇਸ ਤੋਂ ਛੁੱਟ, ਸਰਕਾਰ ਨੂੰ ਆਸ ਹੈ ਕਿ ਸਾਰੇ ਦਿਹਾਤੀ ਖਪਤਕਾਰਾਂ ਉੱਤੇ 2 ਫ਼ੀਸਦੀ ਬਿਜਲੀ ਡਿਊਟੀ ਲਾ ਕੇ ਇਸ ਨੂੰ ਸਾਲਾਨਾ 200 ਕਰੋੜ ਰੁਪਏ ਮਿਲਣਗੇ। ਕਿਸਾਨਾਂ ਨੂੰ ਮੁਫ਼ਤ ਬਿਜਲੀ, ਸਨਅਤਾਂ ਨੂੰ ਸਬਸਿਡੀ 'ਤੇ ਬਿਜਲੀ ਅਤੇ ਭ੍ਰਿਸ਼ਟਾਚਾਰ ਦਾ ਭਾਰੀ ਖਾਮਿਆਜ਼ਾ ਖਪਤਕਾਰਾਂ ਨੂੰ ਭੁਗਤਣਾ ਪੈ ਰਿਹਾ ਹੈ। ਮੀਟਰ ਖਰੀਦਣ ਦੇ 16 ਕਰੋੜੀ ਘਪਲੇ ਤੋਂ ਬਾਅਦ, ਹੁਣ ਕੋਲੇ ਦਾ ਮਾਮਲਾ ਸਾਹਮਣੇ ਆ ਗਿਆ ਹੈ। ਇੱਕ ਹਿੰਦੀ ਅਖ਼ਬਾਰ ਦੀ ਰਿਪੋਰਟ ਮੁਤਾਬਿਕ, ਵਿਧਾਨ ਸਭਾ ਕਮੇਟੀ ਦੀ ਜਾਂਚ ਦੱਸਦੀ ਹੈ ਕਿ ਝਾਰਖੰਡ ਤੋਂ ਕੋਲਾ ਸਪਲਾਈ ਕਰ ਰਹੀ ਪ੍ਰਾਈਵੇਟ ਕੰਪਨੀ ਦੇ ਟੈਕਸ ਪੀਐੱਸਪੀਸੀਐੱਲ ਨੇ ਅਦਾ ਕੀਤੇ ਹਨ ਅਤੇ ਕੋਲੇ ਦਾ ਸਟਾਕ ਹੋਰ ਪਾਸੇ ਭੇਜ ਦਿੱਤਾ ਗਿਆ ਤੇ ਗੱਡੀਆਂ ਵਿੱਚ ਲੱਦਣ ਤੋਂ ਪਹਿਲਾਂ ਹੀ ਵੇਚ ਵੀ ਦਿੱਤਾ ਗਿਆ।

ਪੰਜਾਬ ਵਿੱਚ ਭ੍ਰਿਸ਼ਟਾਚਾਰ ਅਜਿਹਾ ਮਸਲਾ ਹੈ ਜਿਸ ਨੂੰ ਕਾਂਗਰਸ ਸਰਕਾਰ ਹੱਥ ਹੀ ਨਹੀਂ ਪਾਉਣਾ ਚਾਹੁੰਦੀ ਕਿਉਂਕਿ ਸਿਆਸੀ ਵਿਰੋਧੀਆਂ ਖ਼ਿਲਾਫ਼ ਕਾਰਵਾਈ ਕਰਨੀ ਪੈ ਜਾਵੇਗੀ ਜਿਸ ਨੂੰ ਫਿਰ ਕੋਈ ਵੀ ਬਦਲਾਖ਼ੋਰੀ ਵਾਲੀ ਸਿਆਸਤ ਦੇ ਖਾਤੇ ਪਾ ਦੇਵੇਗਾ। ਇਸ ਤੋਂ ਇਲਾਵਾ ਤੁਹਾਨੂੰ ਮੁੱਖ ਮੰਤਰੀ ਵੀ ਤਾਂ ਐਨ ਖ਼ਰਾ ਲੋੜੀਂਦਾ ਹੈ ਜਿਹੜਾ ਵਧੀਆ ਢੰਗ ਨਾਲ ਇਹ ਸਫ਼ਾਈ ਕਾਰਜ ਆਰੰਭ ਕਰੇ। ਪਹਾੜਾਂ ਵਿੱਚ ਜਾ ਕੇ ਲੁਤਫ਼ ਲੈਣ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਦੂਜੇ, ਤੇ ਸੰਭਵ ਤੌਰ 'ਤੇ ਆਖ਼ਿਰੀ ਕਾਰਜਕਾਲ ਦੌਰਾਨ ਪਰਦਾਪੋਸ਼ੀਆਂ ਦਾ ਇੱਕ ਹੋਰ ਸ਼ੌਕ ਪਾਲ ਲਿਆ ਹੈ। ਉਹ ਸਿਆਸਤ ਵਿੱਚ ਆਪਣੇ ਦੁਸ਼ਮਣ ਨਹੀਂ ਛੱਡ ਕੇ ਜਾਣਾ ਚਾਹੁੰਦੇ ਜਿਹੜੇ ਉਨ੍ਹਾਂ ਦੇ ਸੇਵਾਮੁਕਤੀ ਵਾਲੇ ਦਿਨਾਂ ਦੌਰਾਨ ਮਨ ਦਾ ਚੈਨ ਹੀ ਖੋਹ ਲੈਣ।

ਜ਼ਾਹਿਰ ਹੈ ਕਿ ਉਨ੍ਹਾਂ ਜਦੋਂ ਪ੍ਰਧਾਨ ਮੰਤਰੀ ਕੋਲ 31,000 ਕਰੋੜ ਰੁਪਏ ਦੇ ਕਰਜ਼ੇ ਵਾਲਾ ਮਾਮਲਾ ਉਠਾਇਆ ਤਾਂ ਉਨ੍ਹਾਂ ਸੁਨੀਲ ਜਾਖੜ ਵੱਲੋਂ ਇਸ ਮਸਲੇ ਵਿੱਚ ਸਨਾਖ਼ਤ ਕੀਤੇ ਘਪਲੇ ਦੀ ਭਾਫ਼ ਵੀ ਨਹੀਂ ਕੱਢੀ ਹੋਣੀ। ਮੀਡੀਆ ਰਿਪੋਰਟਾਂ ਵਿੱਚ ਮੀਟਿੰਗ ਦੌਰਾਨ 31,000 ਕਰੋੜ ਰੁਪਏ ਦੀ ਚਰਚਾ ਬਾਰੇ ਵੇਰਵੇ ਛਪੇ ਹਨ - 12,000 ਕਰੋੜ ਰੁਪਏ ਮੂਲ ਅਤੇ 19,000 ਕਰੋੜ ਰੁਪਏ ਵਿਆਜ। ਕਿਤੇ ਕੋਈ ਸੰਕੇਤ ਨਹੀਂ ਦਿੱਤਾ ਗਿਆ ਕਿ 12,000 ਕਰੋੜ ਰੁਪਏ ਦਾ ਅਨਾਜ ਆਖ਼ਿਰਕਾਰ ਕਿੱਥੇ ਗਾਇਬ ਹੋ ਗਿਆ। ਰਿਜ਼ਰਵ ਬੈਂਕ ਨੇ ਬੈਂਕਾਂ ਨੂੰ ਇਸ ਰਕਮ ਨੂੰ ਵੱਟੇ ਖਾਤੇ ਵਜੋਂ ਲੈਣ ਬਾਰੇ ਆਖਣ ਵੇਲੇ ਇਸ ਦਾ ਜ਼ਿਕਰ ਕੀਤਾ ਹੈ।

ਮੁੱਖ ਮੰਤਰੀ ਜਾਂ ਤਾਂ ਭੁੱਲ ਗਏ ਹਨ ਜਾਂ ਭੁੱਲ ਜਾਣਾ ਚਾਹੁੰਦੇ ਹਨ ਕਿ ਇਸ ਮਾਮਲੇ ਬਾਰੇ ਉਨ੍ਹਾਂ ਵੱਲੋਂ ਬਣਾਏ ਕਮਿਸ਼ਨ ਦਾ ਕੀ ਕਹਿਣਾ ਹੈ। ਪਿਛਲੀ ਸਰਕਾਰ ਦੀਆਂ ਕੋਤਾਹੀਆਂ ਅਤੇ ਗ਼ਲਤੀਆਂ ਦੀ ਪੁਣ-ਛਾਣ ਲਈ ਸਰਕਾਰ ਨੇ ਬਹੁਤ ਸਾਰੇ ਕਮਿਸ਼ਨ ਬਣਾਏ ਹਨ। ਹੁਣ 76 ਵਰ੍ਹਿਆਂ ਦੇ ਲੀਡਰ ਲਈ ਇਨ੍ਹਾਂ ਸਾਰੇ ਕਮਿਸ਼ਨਾਂ ਦੀ ਕਾਰਗੁਜ਼ਾਰੀ ਬਾਰੇ ਖ਼ਬਰ ਰੱਖਣਾ ਔਖਾ ਹੀ ਹੋਵੇਗਾ। ਇਸ ਮਸਲੇ ਬਾਰੇ ਕੇਥਆਰਥ ਲਖਨਪਾਲ ਦੀ ਅਗਵਾਈ ਹੇਠ ਬਣਾਏ ਪੰਜਾਬ ਪ੍ਰਸ਼ਾਸਨਿਕ ਸੁਧਾਰ ਤੇ ਸਦਾਚਾਰ ਕਮਿਸ਼ਨ ਨੇ 31,000 ਕਰੋੜ ਰੁਪਏ ਦੇ ਕੈਸ਼ ਕਰੈਡਿਟ ਲਿਮਿਟ ਪਾੜੇ ਤੇ ਇਸ ਦੇ ਨਿਪਟਾਰੇ ਬਾਰੇ ਜਾਂਚ ਕਰਵਾਉਣ ਲਈ ਕਿਹਾ ਹੈ। ਇਹ ਕਾਰਜ ਸਹਿਜੇ ਹੀ ਹੋ ਸਕਦਾ ਹੈ ਅਤੇ ਇਸ ਕਾਰਜ ਲਈ ਪ੍ਰਸ਼ਾਸਨ ਵਿੱਚ ਕਿਸੇ ਮਾਹਿਰ ਦੀ ਵੀ ਕੋਈ ਲੋੜ ਨਹੀਂ ਹੈ। ਅਸਲ ਸਵਾਲ ਹੁਣ ਇਹ ਹੈ: ਵਿਘਨਕਾਰੀਆਂ ਤੋਂ ਸਿਵਾ ਕੀ ਕਿਸੇ ਸ਼ਖ਼ਸ ਦੀ ਇਸ ਜਾਂਚ ਵਿੱਚ ਕੋਈ ਦਿਲਚਸਪੀ ਹੈ ? ਜੇ ਨਸ਼ਿਆਂ ਦੇ 70 ਫ਼ੀਸਦ ਕੇਸਾਂ ਵਿੱਚ ਮੁਲਜ਼ਮ ਬਰੀ ਹੋ ਸਕਦੇ ਹਨ ਤੇ ਇਸ ਬਾਰੇ ਕੋਈ ਛਾਣ-ਬੀਣ ਵੀ ਨਹੀਂ ਹੁੰਦੀ; ਜੇ ਕਾਂਗਰਸੀਆਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਵਾਲਿਆਂ ਨੂੰ ਕੋਈ ਸਜ਼ਾ ਨਹੀਂ ਮਿਲ ਸਕਦੀ; ਜੇ ਨਸ਼ਿਆਂ ਬਾਰੇ ਸਪੈਸ਼ਲ ਟਾਸਕ ਫੋਰਸ ਦੀ ਰਿਪੋਰਟ ਅਣਪੜ੍ਹੀ ਹੀ ਰਹਿ ਸਕਦੀ ਹੈ ਅਤੇ ਜੇ ਗ਼ੈਰਕਾਨੂੰਨੀ ਖਣਨ ਨਿਰਵਿਘਨ ਜਾਰੀ ਰਹਿ ਸਕਦੀ ਹੈ ਤਾਂ ਇਹ ਫ਼ਿਕਰ ਕਿਸ ਨੂੰ ਹੋਵੇਗਾ ਕਿ ਸੂਬੇ ਸਿਰ ਅਣਚਾਹੇ ਕਰਜ਼ੇ ਦਾ ਬੇਅੰਤ ਬੋਝ ਕਿਉਂ ਲੱਦ ਦਿੱਤਾ ਗਿਆ ਹੈ ?

*(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

# ਸੱਤਾ ਦੇ ਪਾਵੇ, ਸਿਆਸਤਦਾਨ ਅਤੇ ਨਸ਼ਿਆਂ ਦਾ ਮੱਕੜਜਾਲ

**ਮੋਹਨ ਸ਼ਰਮਾ**
ਸੰਪਰਕ: 94171-48866

ਕਿਸੇ ਵਿਦਵਾਨ ਦੇ ਬੋਲ ਹਨ: ਜੇ ਤੁਹਾਡੀ ਇੱਕ ਸਾਲ ਦੀ ਯੋਜਨਾ ਹੈ ਤਾਂ ਖੇਤਾਂ ਵਿੱਚ ਫਸਲ ਬੀਜੋ; ਦਸ ਸਾਲਾਂ ਦੀ ਯੋਜਨਾ ਹੈ ਤਾਂ ਦਰੱਖ਼ਤ ਬੀਜੋ; ਤੇ ਜੇ 100 ਸਾਲਾਂ ਦੀ ਯੋਜਨਾ ਹੈ ਤਾਂ ਨਸਲ ਤਿਆਰ ਕਰੋ। ਇਹ ਸੁਨੇਹਾ ਮਿਹਨਤਕਸ਼ ਲੋਕਾਂ, ਜ਼ਿੰਮੇਵਾਰ ਪਰਿਵਾਰ ਮੁਖੀਆਂ, ਦਾਨਿਸ਼ਵਰਾਂ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਸੂਝਵਾਨ ਸ਼ਖ਼ਸਾਂ ਲਈ ਹੈ। ਨਸਲਾਂ ਤਿਆਰ ਕਰਨ ਵਾਲਾ ਸੁਨੇਹਾ ਭਾਵੇਂ ਉਨ੍ਹਾਂ ਸਿਆਸਤਦਾਨਾਂ ਵੱਲ ਵੀ ਇਸ਼ਾਰਾ ਕਰਦਾ ਹੈ, ਜਿਨ੍ਹਾਂ ਨੇ ਵੋਟਾਂ ਦੀ ਮੰਡੀ ਵਿੱਚ ਸੁਨਹਿਰੇ ਭਵਿੱਖ ਦਾ ਸੌਦਾਗਰ ਬਣ ਕੇ ਲੋਕਾਂ ਨੂੰ ਲਾਰਿਆਂ ਰਾਹੀਂ ਸਰਸਬਜ਼ ਵਿਖਾਏ ਪਰ ਸੱਤਾ ਦੀ ਪੌੜੀ 'ਤੇ ਚੜ੍ਹ ਕੇ ਚੋਣ ਮਨੋਰਥ ਪੱਤਰਾਂ ਰਾਹੀਂ ਦਿਖਾਏ ਲਾਰੇ ਹਕੀਕਤ ਨਾਲ ਟਕਰਾ ਕੇ ਚਕਨਾਚੂਰ ਹੁੰਦੇ ਰਹੇ। ਮੁਲਕ ਅਤੇ ਸੂਬੇ ਦੀ ਵਿਕਾਸ ਦਰ ਭਾਵੇਂ 6-7 ਫੀਸਦੀ ਤੋਂ ਨਹੀਂ ਟੱਪੀ, ਪਰ ਬਹੁਤ ਸਾਰੇ ਆਗੂਆਂ ਦੀ ਵਿਕਾਸ ਦਰ 100 ਫੀਸਦੀ ਨੂੰ ਪਾਰ ਕਰ ਕੇ ਉਨ੍ਹਾਂ ਦੇ ਸਵਿਸ ਬੈਂਕ ਦੇ ਖਾਤਿਆਂ ਵਿੱਚ ਜਮ੍ਹਾਂ ਰਕਮ ਨਾਲ ਹਰ ਸਾਲ ਹੋਰ ਸਿਫ਼ਰਾਂ ਜੁੜਦੀਆਂ ਰਹੀਆਂ ਹਨ। ਪੰਜ ਸਾਲਾਂ ਦੀ ਇਸ ਯੋਜਨਾ ਵਿੱਚ 4 ਸਾਲ 10 ਮਹੀਨੇ ਆਗੂਆਂ ਨੇ ਸਿੱਧੇ-ਅਸਿੱਧੇ ਢੰਗ ਨਾਲ ਆਪਣਾ ਵਿਕਾਸ ਕੀਤਾ ਅਤੇ ਆਖ਼ਰੀ 2 ਮਹੀਨਿਆਂ ਵਿੱਚ 'ਇਲਾਕੇ ਦੇ ਵਿਕਾਸ' ਦਾ ਜ਼ਿਕਰ ਕਰਨ ਦੇ ਨਾਲ ਨਾਲ ਲੋਕਾਂ ਦੇ ਦੁੱਖ-ਸੁੱਖ ਦਾ ਭਾਈਵਾਲ ਅਤੇ ਸੱਚਾ-ਸੁੱਚਾ ਹਮਦਰਦ ਬਣ ਕੇ ਜਾਂ ਫਿਰ ਨਸ਼ਿਆਂ ਤੇ ਨੋਟਾਂ ਦੀ ਵਰਖਾ ਨਾਲ ਵੋਟ ਬੈਂਕ ਨੂੰ ਖੋਰਾ ਲੱਗਣ ਤੋਂ ਬਚਾਉਣ ਦਾ ਹਰ ਹੀਲਾ ਵਰਤਿਆ ਹੈ। ਇਸ ਵੇਲੇ ਪੰਜਾਬ ਏਸ਼ੀਆ ਮਹਾਂਦੀਪ ਦਾ ਉਹ ਖਿੱਤਾ ਬਣਿਆ ਹੋਇਆ ਹੈ ਜਿੱਥੇ ਨਸ਼ਿਆਂ ਕਾਰਨ ਸਭ ਤੋਂ ਵੱਧ ਜਾਨੀ ਅਤੇ ਮਾਲੀ ਨੁਕਸਾਨ ਪੰਜਾਬੀਆਂ ਨੂੰ ਭੁਗਤਣਾ ਪੈ ਰਿਹਾ ਹੈ। ਨਾਗਾਲੈਂਡ ਤੋਂ ਬਾਅਦ ਪੰਜਾਬ ਦੀ ਨਸ਼ਿਆਂ ਸਬੰਧੀ 'ਝੰਡੀ' ਜਿੱਥੇ ਪੰਜਾਬ ਦੇ ਮੱਥੇ 'ਤੇ ਧੱਬਾ ਹੈ, ਉੱਥੇ ਗੰਭੀਰ ਚਿੰਤਾ, ਚਿੰਤਨ ਅਤੇ ਚੇਤਨਾ ਦਾ ਵਿਸ਼ਾ ਵੀ ਹੈ। ਇਤਿਹਾਸ ਗਵਾਹ ਕਿ ਸਿਆਸੀ ਆਗੂਆਂ ਲਈ ਨਸ਼ਾ ਮੁੱਦਾ ਨਹੀਂ ਸਗੋਂ ਸਾਧਨ ਰਿਹਾ ਹੈ ਅਤੇ ਇਸ ਸਾਧਨ ਰਾਹੀਂ ਹੀ ਉਹ ਸੱਤਾ ਦੇ ਭਾਗੀਦਾਰ ਬਣਦੇ ਰਹੇ ਹਨ। ਦਰਅਸਲ ਮਹਿੰਗੀ ਹੋਈ ਸਿਆਸਤ ਨੇ ਸਿਆਸੀ ਆਗੂਆਂ, ਤਸਕਰਾਂ, ਗੈਂਗਸਟਰਾਂ, ਅਪਰਾਧੀਆਂ ਅਤੇ ਭ੍ਰਿਸ਼ਟ ਅਫ਼ਸਰਾਂ ਦੇ ਗੱਠਜੋੜ ਨੂੰ ਬਲ ਬਖ਼ਸ਼ਿਆ ਹੈ। ਵਿਧਾਨ ਸਭਾ ਜਾਂ ਲੋਕ ਸਭਾ ਚੋਣਾਂ ਲੜਨ ਵਾਲੇ ਵੱਡੀਆਂ ਪਾਰਟੀਆਂ ਨਾਲ ਸਬੰਧਤ ਉਮੀਦਵਾਰਾਂ ਨੇ ਤਾਂ ਜਿੰਨਾ ਪੈਸਾ ਚੋਣਾਂ ਵਿੱਚ ਖ਼ਰਚਣਾ ਹੁੰਦਾ ਹੈ, ਉਸ ਤੋਂ ਕਿਤੇ ਜ਼ਿਆਦਾ 'ਪਾਰਟੀ ਫੰਡ' ਵਜੋਂ ਸਿਆਸੀ ਆਕਾਵਾਂ ਨੂੰ ਦੇਣਾ ਪੈਂਦਾ ਹੈ।

ਮੁਲਕ ਦਾ ਲੋਕਤੰਤਰ ਅਸਲ ਵਿੱਚ, ਮੁੰਬਈ ਸ਼ੇਅਰ ਬਾਜ਼ਾਰ ਦਾ ਰੁਖ਼ ਕਰ ਰਿਹਾ ਹੈ। ਕਾਰਪੋਰੇਟ ਜਗਤ, ਤਸਕਰ ਅਤੇ ਕਾਲੇ ਧੰਦੇ ਨਾਲ ਜੁੜੇ ਕਾਰੋਬਾਰੀ ਚੋਣਾਂ ਵਿੱਚ ਰੇਸ ਦੇ ਘੋੜਿਆਂ ਵਾਂਗ ਸਿਆਸਤਦਾਨਾਂ 'ਤੇ ਖੁੱਲ੍ਹ ਕੇ ਪੈਸੇ ਖ਼ਰਚਦੇ ਹਨ ਅਤੇ ਫਿਰ ਤਾਕਤ ਵਿੱਚ ਆਉਣ ਤੇ ਉਨ੍ਹਾਂ ਦੇ ਅਹਿਸਾਨਾਂ ਦਾ ਬਦਲਾ ਤਸਕਰੀ ਵਿੱਚ ਖੁੱਲ੍ਹ ਦੇਣ ਦੇ ਨਾਲ ਨਾਲ ਭਾਈਵਾਲੀ ਕਾਇਮ ਕਰ ਕੇ, ਸਸਤੇ ਭਾਅ ਜ਼ਮੀਨਾਂ ਦਾ ਸੌਦਾ ਕਰਵਾ ਕੇ ਅਤੇ ਹੋਰ ਲਾਹੇਵੰਦ ਧੰਦਿਆਂ ਦੇ ਨਾਲ ਨਾਲ ਅਹਿਮ ਸ਼ਖ਼ਸੀਅਤਾਂ ਦੀ ਸੂਚੀ ਵਿੱਚ ਸ਼ਾਮਿਲ ਕਰ ਕੇ ਸਰਕਾਰੀ ਗੰਨਮੈਨ ਵੀ ਉਨ੍ਹਾਂ ਦੀ ਸੇਵਾ ਵਿੱਚ ਲਾ ਦਿੱਤੇ ਜਾਂਦੇ ਹਨ। ਅਜਿਹੇ ਸ਼ਖ਼ਸ ਜਦੋਂ ਸਮਾਗਮਾਂ ਵਿੱਚ ਸਿਆਸੀ ਆਗੂਆਂ ਨਾਲ 'ਪਤਵੰਤੇ ਸੱਜਣ' ਵਜੋਂ ਬੈਠੇ ਹੁੰਦੇ ਹਨ ਤਾਂ ਲੋਕ, ਲੋਕਤੰਤਰ ਦੇ ਨਿੱਕਲ ਰਹੇ ਜਨਾਜ਼ੇ ਤੋਂ ਦੁਖੀ ਹੁੰਦੇ ਹਨ। ਹੁਣ ਸਿਆਸਤ ਨਿਰੋਲ ਵਪਾਰ ਅਤੇ ਵੋਟਰ ਇਸ ਦੀ ਮੰਡੀ ਬਣ ਗਏ ਹਨ। 'ਰਾਜ ਨਹੀਂ ਸੇਵਾ' ਲਈ ਪਿੜ ਵਿੱਚ ਕੁੱਦੇ ਸਿਆਸੀ ਆਗੂਆਂ ਨੂੰ ਕੋਈ ਚਿੰਤਾ ਨਹੀਂ ਕਿ ਮੁਲਕ ਦਾ ਅੰਨਦਾਤਾ ਖ਼ੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ, ਨਸ਼ਿਆਂ ਦੇ ਡੰਗੇ ਨੌਜਵਾਨਾਂ ਦਾ ਹਰ 8 ਮਿੰਟ ਬਾਅਦ ਸਿਵਾ ਬਲ ਰਿਹਾ ਹੈ ਅਤੇ ਕੈਂਸਰ ਜਿਹੀ ਨਾਮੁਰਾਦ ਬਿਮਾਰੀ ਨੇ ਕਈ ਪਿੰਡਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਇੱਕ ਪਾਸੇ ਨਸ਼ਾ ਵੇਚਣ ਵਾਲੇ ਅਤੇ ਦੂਜੇ ਪਾਸੇ ਖਪਤਕਾਰਾਂ ਦੀ ਵਧਦੀ ਭੀੜ ਨੇ ਪੰਜਾਬ ਦੀ ਜਵਾਨੀ ਨੂੰ ਜਿੱਥੇ ਜਿਸਮਾਨੀ ਅਤੇ ਰੂਹਾਨੀ ਪੱਖ ਤੋਂ ਖੋਖਲਾ ਕਰ ਦਿੱਤਾ ਹੈ, ਉੱਥੇ ਜਬਰ ਜਨਾਹ ਦੀਆਂ ਘਟਨਾਵਾਂ ਵਿੱਚ 33 ਫੀਸਦ, ਅਗਵਾ ਤੇ ਉਧਾਲਣ ਦੀਆਂ 14 ਫੀਸਦ, ਲੁੱਟਾਂ-ਖੋਹਾਂ ਵਿੱਚ 23 ਫੀਸਦ ਅਤੇ ਸੰਨ੍ਹ ਲਾਉਣ ਦੀਆਂ ਘਟਨਾਵਾਂ ਵਿੱਚ 130 ਫੀਸਦ ਵਾਧਾ ਹੋਇਆ ਹੈ। ਸਿਆਸਤ ਨੇ ਇੱਕ ਵੱਡੇ ਵਰਗ ਨੂੰ ਰੁਜ਼ਗਾਰ, ਪੜ੍ਹਾਈ, ਚੰਗੀ ਸਿਹਤ, ਬਰਾਬਰੀ ਦਾ ਅਧਿਕਾਰ, ਜਮਹੂਰੀਅਤ ਵਿੱਚ ਫੈਸਲਾਕੁਨ ਤਾਕਤ ਵਿੱਚ ਹਿੱਸੇਦਾਰੀ, ਸਭ ਕੁਝ ਤੋਂ ਵਾਂਝਾ ਕਰ ਦਿੱਤਾ ਹੈ। ਪੰਜਾਬ ਵਿੱਚ ਜਿੱਥੇ ਪੜ੍ਹਿਆਂ-ਲਿਖਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ, ਉੱਥੇ ਮੁਨੱਖ਼ਤਾ ਦੀ ਦਰ ਗਿਰੀ ਹੈ। ਸੂਬੇ ਵਿੱਚ ਫੈਲੀ ਬੇਰੁਜ਼ਗਾਰੀ ਅਤੇ ਨਸ਼ਾਖੋਰੀ ਨੇ ਸਮਾਜਿਕ ਅਸਥਿਰਤਾ ਪੈਦਾ ਕਰ ਕੇ ਅਪਰਾਧ ਗ੍ਰਾਫ ਵਿੱਚ ਵਾਧਾ ਕੀਤਾ ਹੈ। ਨਸ਼ਿਆਂ ਦੇ ਵਧਦੇ ਕਾਰੋਬਾਰ ਨੂੰ ਸਿਆਸਤ ਨੇ ਕਿਵੇਂ ਬਲ ਬਖ਼ਸ਼ਿਆ ਹੈ, ਇਸ ਦੀਆਂ ਕੁਝ ਮਿਸਾਲਾਂ ਤਾਂ ਦੇਖੋ:



ਪੰਜ ਜਨਵਰੀ 2007 ਦੇ ਇੱਕ ਅਖ਼ਬਾਰ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਵਾਇਸ ਚਾਂਸਲਰ ਸ. ਪ. ਸਿੰਘ ਨੇ 'ਸਿਆਸਤਦਾਨ, ਪੁਲੀਸ ਤੇ ਸਮੱਗਲਰਾਂ ਦੀ ਮਿਲੀ ਭੁਗਤ ਨਾਲ ਹੋ ਰਿਹੈ ਨਸ਼ਿਆਂ ਦਾ ਕਾਰੋਬਾਰ' ਸਿਰਲੇਖ ਹੇਠ ਇੱਕ ਥਾਂ ਲਿਖਿਆ ਸੀ: ਯੂਨੀਵਰਸਿਟੀ ਦੇ ਕਾਨਫਰੰਸ ਰੂਮ ਵਿੱਚ ਪੰਜਾਬ 'ਚ ਨਸ਼ਿਆਂ ਦੇ ਵਧ ਰਹੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਗਵਰਨਰ ਐੱਸਐੱਫ ਰੌਡਰਿਗਜ਼ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਸਭਾ ਹੋ ਰਹੀ ਸੀ। ਸਭ ਨਪੇ-ਤੁਲੇ ਸ਼ਬਦਾਂ ਵਿੱਚ ਸੱਚੇ-ਝੂਠੇ ਅਨੁਭਵ ਦੱਸ ਰਹੇ ਸਨ ਪਰ ਕੇਂਦਰੀ ਜੇਲ੍ਹ ਦੇ ਡਾਇਰੈਕਟਰ ਨੇ ਸਪੱਸ਼ਟ ਅਤੇ ਸਾਫਗੋਈ ਵਾਲੇ ਅੰਦਾਜ਼ ਵਿੱਚ ਹਲਚਲ ਪੈਦਾ ਕਰ ਦਿੱਤੀ: 'ਜੇ ਅਸੀਂ ਪੁਲੀਸ ਵਾਲੇ ਇਮਾਨਦਾਰੀ ਅਤੇ ਸਿਦਕਦਿਲੀ ਨਾਲ ਚਾਹੀਏ ਤਾਂ ਨਸ਼ਿਆਂ ਦੀ ਬਿਮਾਰੀ ਤੋਂ ਇੱਕ ਹਫ਼ਤੇ ਵਿੱਚ ਛੁਟਕਾਰਾ ਪਾਇਆ ਜਾ ਸਕਦਾ ਹੈ, ਪਰ ਇਸ ਦੀ ਸਾਥੋਂ ਕੋਈ ਉਮੀਦ ਨਹੀਂ ਕਰਨੀ ਚਾਹੀਦੀ।' ਪੁਲੀਸ ਅਫ਼ਸਰ ਦਾ ਸਪੱਸ਼ਟ ਇਸ਼ਾਰਾ ਸਿਆਸਤਦਾਨਾਂ ਦੇ ਨਾਜਾਇਜ਼ ਦਖ਼ਲ ਵੱਲ ਸੀ।

ਛੇ ਅਗਸਤ 2008 ਨੂੰ ਸਰਕਾਰ ਨੇ ਜ਼ਿਲ੍ਹਾ ਪੱਧਰ ਦੇ ਪੁਲੀਸ ਅਫ਼ਸਰਾਂ ਨੂੰ ਪੱਤਰ ਜਾਰੀ ਕੀਤਾ ਕਿ ਜਨ-ਆਧਾਰ ਵਾਲੇ ਤਸਕਰਾਂ ਦੀਆਂ ਸੂਚੀਆਂ ਤਿਆਰ ਕਰੋ। ਵਿਰੋਧੀ ਪਾਰਟੀਆਂ ਵੱਲੋਂ ਰੌਲਾ ਪਾਉਣ 'ਤੇ ਪੱਤਰ ਵਾਪਿਸ ਲੈ ਲਿਆ ਗਿਆ। ਜਨ-ਆਧਾਰ ਵਾਲੇ ਤਸਕਰਾਂ ਰਾਹੀਂ ਵੋਟ ਬੈਂਕ ਵਿੱਚ ਵਾਧਾ ਕਰਨ ਤੋਂ ਬਿਨਾਂ ਅਜਿਹੇ ਪੱਤਰ ਦੇ ਹੋਰ ਕੀ ਅਰਥ ਹੋ ਸਕਦੇ ਹਨ? ਕੁੱਝ ਸਮਾਂ ਪਹਿਲਾਂ ਜਲੰਧਰ ਦੂਰਦਰਸ਼ਨ ਤੋਂ 'ਗੱਲਾਂ ਤੇ ਗੀਤ' ਪ੍ਰੋਗਰਾਮ ਵਿੱਚ ਸਰਹੱਦੀ ਜ਼ਿਲ੍ਹੇ ਵਿੱਚ ਐੱਸਐੱਸਪੀ ਰਹਿ ਚੁੱਕੇ ਅਫ਼ਸਰ ਨੇ ਦੱਸਿਆ ਕਿ ਤਸਕਰ ਕੋਲੋਂ ਭਾਰੀ ਮਾਤਰਾ ਵਿੱਚ ਹੈਰੋਇਨ ਫੜੀ ਗਈ, ਉਸ 'ਤੇ ਸਿਆਸੀ ਦਬਾਅ ਪਾਇਆ ਗਿਆ ਕਿ ਉਸ 'ਭਲੇ ਮਾਨਸ, ਕੌਮ ਦੇ ਰਾਖੇ' ਨੂੰ ਛੱਡ ਦਿੱਤਾ ਜਾਵੇ। ਉਹ ਦਬਾਅ ਅੱਗੇ ਨਹੀਂ ਝੁਕਿਆ ਤਾਂ ਅਗਲੇ ਹੀ ਦਿਨ ਉਸ ਦੀ ਬਦਲੀ ਹੋ ਗਈ।

ਸਾਲ 2014 ਵਿੱਚ ਲੋਕ ਸਭਾ ਦੀਆਂ ਚੋਣਾਂ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 'ਮਨ ਕੀ ਬਾਤ' ਰੇਡੀਓ ਵਾਰਤਾ ਰਾਹੀਂ ਪੰਜਾਬ ਵਿੱਚ ਨਸ਼ਿਆਂ ਦੇ ਵਧਦੇ ਰੁਝਾਨ 'ਤੇ ਚਿੰਤਾ ਦੇ ਪ੍ਰਗਟਾਵੇ ਤੋਂ ਖ਼ਫ਼ਾ ਉਸ ਵੇਲੇ ਸੱਤਾ ਦਾ ਸੁਖ ਭੋਗ ਰਹੀ ਪਾਰਟੀ ਨੇ ਸਰਹੱਦ 'ਤੇ ਧਰਨਾ ਦੇ ਕੇ ਰੋਸ ਪ੍ਰਗਟ ਕਰਦਿਆਂ ਕਿਹਾ ਸੀ ਕਿ ਨਸ਼ੇ ਸਰਹੱਦ ਰਾਹੀਂ ਸਮੱਗਲ ਹੋ ਕੇ ਪੰਜਾਬ ਵਿੱਚ ਦਾਖ਼ਲ ਹੋ ਰਹੇ ਹਨ ਅਤੇ ਸਰਹੱਦ ਦੀ ਰਾਖੀ ਬੀਐੱਸਐੱਫ ਕੋਲ ਹੋਣ ਕਾਰਨ ਇਨ੍ਹਾਂ ਨੂੰ ਰੋਕਣਾ ਕੇਂਦਰ ਸਰਕਾਰ ਦਾ ਕੰਮ ਹੈ। ਉਹ ਉਸ ਵੇਲੇ ਭੁੱਲ ਗਏ ਕਿ ਸਰਹੱਦ ਰਾਹੀਂ ਹੋ ਰਹੀ ਤਸਕਰੀ ਨੂੰ ਅਗਾਂਹ ਰੋਕਣਾ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ। ਉਂਜ ਵੀ ਜੇ ਸਿਰਫ ਇਹੀ ਇੱਕ ਕਾਰਨ ਹੋਵੇ ਤਾਂ ਮੱਧ ਪ੍ਰਦੇਸ਼ ਤੇ ਰਾਜਸਥਾਨ ਵੀ ਉਸੇ ਸਰਹੱਦ ਨਾਲ ਲੱਗਦਾ ਹੈ; ਫਿਰ ਉੱਥੇ ਨਸ਼ੇੜੀਆਂ ਦੀ ਇੰਨੀ ਗਿਣਤੀ ਕਿਉਂ ਨਹੀਂ ਹੈ?

2014 ਦੀਆਂ ਲੋਕ ਸਭਾ ਚੋਣਾਂ ਵੇਲੇ ਆਮ ਆਦਮੀ ਪਾਰਟੀ ਨੇ ਨਸ਼ਿਆਂ ਦਾ ਮੁੱਦਾ ਰੱਜ ਕੇ ਉਭਾਰਿਆ ਅਤੇ ਸੱਤਾ ਭੋਗ ਰਹੀ ਪਾਰਟੀ ਨੂੰ ਸਾਢੇ ਗਿਆਰਾਂ ਫੀਸਦੀ ਵੋਟ ਬੈਂਕ ਦਾ ਖੋਰਾ ਵੀ ਲਾਇਆ। ਨਸ਼ਿਆਂ ਕਾਰਨ ਪੋਟਾ ਪੋਟਾ ਦੁਖੀ ਪੰਜਾਬੀਆਂ ਨੇ ਇਸ ਪਾਰਟੀ ਦੇ 'ਨਸ਼ਾ ਮੁਕਤ ਪੰਜਾਬ' ਨਾਅਰੇ ਨੂੰ ਭਾਰੀ ਸਮਰਥਨ ਦੇ ਕੇ 13 ਵਿੱਚੋਂ 4 ਐੱਮਪੀ ਲੋਕ ਸਭਾ ਵਿੱਚ ਭੇਜੇ ਪਰ ਉਨ੍ਹਾਂ ਲਈ ਵੀ ਇਹ ਮੁੱਦਾ ਸੰਸਦ ਭਵਨ ਵਿੱਚ ਜਾਣ ਲਈ ਸਾਧਨ ਹੀ ਸਾਬਿਤ ਹੋਇਆ। ਪਿੱਛੋਂ ਨਸ਼ਿਆਂ ਦਾ ਮੁੱਦਾ ਪਾਰਟੀ ਮੁਖੀ ਦੇ ਮੁਆਫੀਨਾਮੇ ਨੇ ਨਿਗਲ ਲਿਆ।

2017 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਇਹ ਮਸਲਾ ਫਿਰ ਉਭਰਿਆ। ਪੀੜਤ ਔਰਤਾਂ ਨੇ ਅੱਖਾਂ ਵਿੱਚ ਅੱਥਰੂ ਭਰ ਕੇ ਉਮੀਦਵਾਰਾਂ ਤੋਂ ਚਿੱਟਿਆਂ ਚੁੰਨੀਆਂ ਦੀ ਮੰਗ ਕੀਤੀ। ਉਦਾਸ ਮਾਪਿਆਂ ਨੇ ਨਸ਼ਿਆਂ ਕਾਰਨ ਸਿਵਿਆਂ ਦੇ ਰਾਹ ਪਏ ਆਪਣੇ ਪੁੱਤਾਂ ਨੂੰ ਬਚਾਉਣ ਲਈ ਉਮੀਦਵਾਰਾਂ ਨੂੰ ਅਰਜੋਈਆਂ ਕੀਤੀਆਂ। ਇੱਕ ਵਾਰ ਵਾਅਦਿਆਂ ਦੀ ਝੜੀ ਅਤੇ ਚੋਣ ਮਨੋਰਥ ਪੱਤਰ ਵਿੱਚ ਸਭ ਨੂੰ ਰੁਜ਼ਗਾਰ ਅਤੇ ਨਸ਼ਿਆਂ ਦੇ ਕਾਲੇ ਧੰਦੇ ਨੂੰ ਇੱਕ ਮਹੀਨੇ ਵਿੱਚ ਖ਼ਤਮ ਕਰਨ ਦੀ ਸਹੁੰ 'ਤੇ ਵਿਸ਼ਵਾਸ ਕਰਦਿਆਂ ਲੋਕਾਂ ਨੇ ਕਾਂਗਰਸ ਨੂੰ ਬਹੁਮਤ ਨਾਲ ਜਿਤਾਇਆ। ਸਰਕਾਰ ਬਣਨ ਬਾਅਦ ਇੱਕ ਇਮਾਨਦਾਰ ਪੁਲੀਸ ਅਫ਼ਸਰ ਨੂੰ ਨਸ਼ਾ ਖ਼ਤਮ ਕਰਨ ਦੇ ਮੰਤਵ ਨਾਲ ਸਪੈਸ਼ਲ ਟਾਸਕ ਫੋਰਸ (ਐੱਸਟੀਐੱਫ) ਦਾ ਮੁਖੀ ਲਾਇਆ ਗਿਆ ਅਤੇ ਉਸ ਨੂੰ ਸਿੱਧਾ ਮੁੱਖ ਮੰਤਰੀ ਨੂੰ ਰਿਪੋਰਟ ਕਰਨ ਲਈ ਕਿਹਾ ਗਿਆ। ਪਹਿਲੇ ਦੋ ਮਹੀਨੇ ਨਸ਼ੇ ਦੇ ਸੌਦਾਗਰਾਂ 'ਤੇ ਦਬਾਅ ਰਿਹਾ ਅਤੇ ਸ਼ਰ੍ਹੇਆਮ ਹੋ ਰਹੀ ਨਸ਼ਿਆਂ ਦੀ ਤਸਕਰੀ ਨੂੰ ਕਾਫੀ ਹੱਦ ਤੱਕ ਠੱਲ੍ਹ ਵੀ ਪਈ। ਐੱਸਟੀਐੱਫ ਨੂੰ ਵੱਡੀ ਸਫਲਤਾ ਮਿਲੀ ਜਦੋਂ 13 ਜੂਨ 2017 ਨੂੰ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ। ਉਸ ਦੀ ਕੋਠੀ ਵਿੱਚੋਂ 10.50 ਲੱਖ ਰੁਪਏ ਨਕਦ, 3500 ਪੌਂਡ, 4 ਕਿਲੋ ਹੈਰੋਇਨ ਅਤੇ 3 ਕਿਲੋ ਸਮੈਕ ਦੇ ਨਾਲ ਨਾਲ 2 ਏਕੇ 47 ਰਾਈਫ਼ਲਾਂ ਵੀ ਬਰਾਮਦ ਹੋਈਆਂ। ਪੜਤਾਲ ਰਿਪੋਰਟ ਵਿੱਚ ਗੰਢੇ ਦੇ ਛਿਲਕਿਆਂ ਵਾਂਗ ਨਸ਼ਾ ਤਸਕਰੀ ਦੇ ਰਾਜ਼ ਖੁੱਲ੍ਹਦੇ ਗਏ। ਤਰਨ ਤਾਰਨ ਜ਼ਿਲ੍ਹੇ ਦੇ ਇੱਕ ਸਰਪੰਚ ਕੋਲੋਂ 78 ਕਿਲੋ ਹੈਰੋਇਨ ਫੜੀ ਗਈ ਪਰ ਸਿਆਸਤਦਾਨਾਂ ਦੇ ਦਬਾਅ ਕਾਰਨ ਉਸ ਨੂੰ ਛੱਡ ਦਿੱਤਾ ਗਿਆ। ਇਸ ਤਰ੍ਹਾਂ ਦੇ 50 ਹੋਰ ਕੇਸ ਵੀ ਬਿਨਾਂ ਪੜਤਾਲ ਖ਼ੁਰ-ਖਾਤੇ ਪਾ ਦਿੱਤੇ ਗਏ। ਐੱਸਟੀਐੱਫ ਨੇ ਇੱਕ ਵੱਡੇ ਨਸ਼ਾ ਤਸਕਰ ਨੂੰ ਵੀ ਹੱਥ ਪਾਇਆ। ਪੁੱਛ-ਗਿੱਛ ਦਰਮਿਆਨ ਪੁਲੀਸ ਦੇ ਛੋਟੇ-ਵੱਡੇ ਅਫ਼ਸਰਾਂ ਅਤੇ ਸਿਆਸਤਦਾਨਾਂ ਦੀ ਸ਼ਮੂਲੀਅਤ ਵੀ ਸਾਹਮਣੇ ਆਈ। ਇਸ ਨਾਲ ਆਸ ਬੱਝੀ ਕਿ ਹੁਣ ਵੱਡੇ ਮਗਰਮੱਛ ਕਾਬੂ ਕਰ ਕੇ ਨਸ਼ਾ ਤਸਕਰੀ ਨੂੰ ਠੱਲ੍ਹ ਪਵੇਗੀ ਪਰ ਨਾਲ ਹੀ ਸ਼ੱਕ ਦੀ ਸੂਈ ਇੱਕ ਜ਼ਿਲ੍ਹਾ ਪੁਲੀਸ ਅਫ਼ਸਰ ਵੱਲ ਜਾਣ ਨਾਲ ਉੱਚ ਪੁਲੀਸ ਅਫ਼ਸਰਾਂ ਦੀ ਖਾਨਾਜੰਗੀ ਨੇ ਜਿੱਥੇ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਜ਼ਖ਼ਮੀ ਕੀਤਾ, ਉੱਥੇ ਸਿਆਸਤਦਾਨਾਂ ਦੇ ਵਾਅਦਿਆਂ 'ਤੇ ਵੱਡਾ ਪ੍ਰਸ਼ਨ ਚਿੰਨ੍ਹ ਵੀ ਲਾਇਆ। ਦਰਅਸਲ ਸਾਡਾ ਸਮਾਜ ਉਨ੍ਹਾਂ ਬੰਦਿਆਂ ਦੀ ਚਿੰਤਾ ਨਹੀਂ ਕਰਦਾ ਜਿਹੜੇ ਜੇਲ੍ਹਾਂ ਵਿੱਚ ਹਨ ਸਗੋਂ ਉਨ੍ਹਾਂ ਦੀ ਚਿੰਤਾ ਕਰਦਾ ਹੈ ਜਿਹੜੇ ਹੋਣੇ ਜੇਲ੍ਹਾਂ ਵਿੱਚ ਚਾਹੀਦੇ ਹਨ ਪਰ ਸ਼ਰ੍ਹੇਆਮ ਦਨਦਨਾਉਂਦੇ ਹਨ।

ਪੰਜਾਬੀਆਂ ਦਾ ਸੁਭਾਅ ਹੈ ਕਿ ਜਦੋਂ ਉਨ੍ਹਾਂ ਨੇ ਗੱਡੀ ਫੜਨੀ ਹੁੰਦੀ ਹੈ ਤਾਂ ਉਹ ਰੇਲਵੇ ਸਟੇਸ਼ਨ 'ਤੇ ਕਾਫੀ ਸਮਾਂ ਪਹਿਲਾਂ ਹੀ ਪੁੱਜ ਜਾਂਦੇ ਹਨ ਅਤੇ ਗੱਡੀ ਦੇ ਆਉਣ ਦਾ ਸਮਾਂ ਪਤਾ ਕਰ ਕੇ ਫੱਟੇ 'ਤੇ ਸੌਂ ਜਾਂਦੇ ਹਨ। ਗੱਡੀ ਆਉਂਦੀ ਹੈ, ਦਗੜ ਦਗੜ ਕਰ ਕੇ ਲੰਘ ਜਾਂਦੀ ਹੈ, ਉਹ ਬਾਅਦ ਵਿੱਚ ਹੱਥ ਮਲਦੇ ਰਹਿ ਜਾਂਦੇ ਹਨ। ਇਸ ਸੁਭਾਅ ਨੂੰ ਹੀ ਸਿਆਸਤਦਾਨ ਚੋਣਾਂ ਵਿੱਚ 'ਕੈਸ਼' ਕਰਦੇ ਹਨ। ਕੋਈ ਵੀ ਇਨਕਲਾਬ, ਕੋਈ ਵੀ ਸਮਾਜਿਕ ਤਬਦੀਲੀ ਲੋਕਾਂ ਦੇ ਸਮੂਹਿਕ ਏਕੇ ਅਤੇ ਬੁਲੰਦ ਆਵਾਜ਼ ਨੇ ਹੀ ਲਿਆਂਦੀ ਹੈ। ਨਾ ਤਾਂ ਨਸ਼ਾ ਵੇਚਣ ਵਾਲਿਆਂ ਦੀਆਂ ਸ਼ੀਸ਼ੀਆਂ ਇੰਨੀਆਂ ਪੱਕੀਆਂ ਹਨ ਕਿ ਉਨ੍ਹਾਂ ਨੂੰ ਭੰਨਿਆ ਨਾ ਜਾ ਸਕੇ ਅਤੇ ਨਾ ਹੀ ਉਨ੍ਹਾਂ ਦੇ ਪੈਰ ਇੰਨੇ ਮਜ਼ਬੂਤ ਹਨ ਕਿ ਉਨ੍ਹਾਂ ਨੂੰ ਉਖੇੜਿਆ ਨਾ ਜਾ ਸਕੇ। ਜਾਗੋ ਪੰਜਾਬੀਓ! ਨਸ਼ਿਆਂ ਦੇ ਦੈਂਤ ਨੂੰ ਢਹਿ-ਢੇਰੀ ਕਰਨ ਲਈ ਲਾਮਬੰਦ ਹੋਵੋ।

**(ਲੇਖਕ ਸੰਗਰੂਰ ਦੇ ਨਸ਼ਾ ਛੁਡਾਊ ਕੇਂਦਰ ਵਿਚ ਪ੍ਰਾਜੈਕਟ ਡਾਇਰੈਕਟਰ ਹੈ)**

## ਮਿਲਪੀਟਸ 'ਚ 'ਝਾਂਜਰ ਦੀ ਛਣਕਾਰ' ਪਵੇਗੀ 15 ਜੁਲਾਈ ਨੂੰ

**ਮਿਲਪੀਟਸ/ਬਿਊਰੋ ਨਿਊਜ਼ :**
ਸੈਨਹੋਜ਼ੇ ਪੰਜਾਬੀ ਹੈਰੀਟੇਜ ਕਲੱਬ ਵਲੋਂ ਭੂਆ ਗੁਰਮੀਤ ਕੌਰ ਛੀਨਾ ਤੇ ਬਲਵੀਰ ਕੌਰ ਚਾਹਲ ਦੀ ਅਗਵਾਈ ਹੇਠ ਔਰਤਾਂ ਲਈ ਇਕ ਵਿਸ਼ੇਸ਼ ਪ੍ਰੋਗਰਾਮ 15 ਜੁਲਾਈ ਦਿਨ ਐਤਵਾਰ ਨੂੰ ਇੰਡੀਅਨ ਕਮਿਊਨਿਟੀ ਸੈਂਟਰ ਮਿਲਪੀਟਸ ਵਿਖੇ ਕਰਵਾਇਆ ਜਾਵੇਗਾ। ਔਰਤਾਂ ਲਈ ਹੋਣ ਵਾਲੇ ਇਸ ਵਿਸ਼ੇਸ਼ ਪ੍ਰੋਗਰਾਮ ਦੀ ਖਾਸੀਅਤ ਇਹ ਹੋਵੇਗੀ ਕਿ ਪੰਜਾਬ ਦੇ ਪੁਰਾਤਨ ਗੀਤਾਂ 'ਤੇ ਕੋਰੀਓਗ੍ਰਾਫੀ ਹੋਵੇਗੀ ਅਤੇ ਹਾਸਰੰਗ 'ਚ 'ਧਰਮਰਾਜ ਦਾ ਟੈਲੀਫੋਨ' ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ। ਬੀਬੀ ਗੁਰਮੀਤ ਕੌਰ ਉਰਫ ਭੂਆ ਨੇ ਦੱਸਿਆ ਕਿ ਚਲੋ ਗਿੱਧਾ ਤੇ ਹੋਵੇਗਾ ਹੀ ਪਰ ਇੰਗਲੈਂਡ ਤੋਂ ਸੋਨਾ ਵਾਲੀਆ ਅਤੇ ਨੌਜਵਾਨ ਵਰਗ ਦਾ ਚਹੇਤਾ ਗਾਇਕ ਰੇਸ਼ਮ ਸਿੰਘ ਅਨਮੋਲ ਵੀ ਆਪਣੀ ਗਾਇਕੀ ਦਾ ਰੰਗ ਬੰਨ੍ਹਣਗੇ। ਸ਼ਕਤੀ ਮਾਣਕ ਦਾ ਮੰਚ ਸੰਚਾਲਨ ਹੋਵੇਗਾ ਤੇ ਇਸ ਮੌਕੇ ਤੇ ਖਾਸ ਤੇ ਸਮਾਜ 'ਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨ ਦੇ ਕੇ ਨਿਵੇਕਲੀ ਪਿਰਤ ਪਾਈ ਜਾਵੇਗੀ। ਹੋਰ ਜਾਣਕਾਰੀ ਲਈ 408-903-0578 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜੱਜਾਂ ਦੀ ਨਿਯੁਕਤੀ ਨੂੰ ਲੈ ਕੇ ਮੋਦੀ ਸਰਕਾਰ ਤੇ ਸੁਪਰੀਮ ਕੋਰਟ ਵਿਚਾਲੇ ਰੇੜਕਾ ਜਾਰੀ

### ਕੌਲਿਜੀਅਮ ਵੱਲੋਂ ਸਿਫ਼ਾਰਿਸ਼ ਕੀਤੇ ਨਾਂ ਸਰਕਾਰ ਨੂੰ ਦੂਜੀ ਵਾਰ ਵੀ ਨਾ-ਮਨਜ਼ੂਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰ ਨੇ ਸੁਪਰੀਮ ਕੋਰਟ ਦੇ ਕੌਲਿਜੀਅਮ ਵੱਲੋਂ ਅਲਾਹਾਬਾਦ ਹਾਈ ਕੋਰਟ ਵਿਚ ਦੋ ਜੱਜਾਂ ਦੀ ਨਿਯੁਕਤੀ ਲਈ ਸਿਫ਼ਾਰਿਸ਼ ਕੀਤੇ ਗਏ ਨਾਵਾਂ ਨੂੰ ਦੂਜੀ ਵਾਰ ਮੋੜ ਦਿੱਤਾ ਹੈ। ਸਰਕਾਰ ਨੇ ਜੱਜਾਂ ਵੱਜੋਂ ਨਿਯੁਕਤੀ ਲਈ ਕੌਲਿਜੀਅਮ ਵੱਲੋਂ ਸੁਝਾਏ ਦੋ ਵਕੀਲਾਂ ਦੇ ਨਾਂ, ਜਿਨ੍ਹਾਂ ਵਿਚ ਇਕ ਸੁਪਰੀਮ ਕੋਰਟ ਦੇ ਸਾਬਕਾ ਜੱਜ ਦਾ ਪੁੱਤਰ ਵੀ ਹੈ, ਖ਼ਿਲਾਫ਼ ਸ਼ਿਕਾਇਤਾਂ ਦਾ ਹਵਾਲਾ ਦੇ ਕੇ ਦੂਜੀ ਵਾਰ ਨਾਵਾਂ ਦੀ ਸੂਚੀ ਮੋੜ ਦਿੱਤੀ ਹੈ। ਜੱਜਾਂ ਵੱਲੋਂ ਨਿਯੁਕਤੀ ਲਈ ਸੁਝਾਏ ਗਏ ਵਕੀਲਾਂ ਦੇ ਨਾਂ ਮੁਹੰਮਦ ਮਨਸੂਰ ਤੇ ਬਸ਼ਾਰਤ ਅਲੀ ਖ਼ਾਨ ਹਨ। ਮੁਹੰਮਦ ਮਨਸੂਰ ਸੁਪਰੀਮ ਕੋਰਟ ਦੇ ਸਾਬਕਾ ਜੱਜ ਮਰਹੂਮ ਸਗੀਰ ਅਹਿਮਦ ਦਾ ਪੁੱਤਰ ਹੈ। ਮਰਹੂਮ ਜਸਟਿਸ ਅਹਿਮਦ ਨੇ ਮਨਮੋਹਨ ਸਿੰਘ ਸਰਕਾਰ ਵੇਲੇ ਕੇਂਦਰ ਤੇ ਰਾਜਾਂ ਦੇ ਸਬੰਧਾਂ ਬਾਰੇ ਇਕ ਵਿਸ਼ੇਸ਼ ਵਰਕਿੰਗ ਗਰੁੱਪ ਦੀ ਅਗਵਾਈ ਕੀਤੀ ਸੀ ਤੇ ਉਸ ਦਾ ਕੇਂਦਰ ਬਿੰਦੂ ਜੰਮੂ-ਕਸ਼ਮੀਰ ਸੀ। ਇਸ ਤੋਂ ਪਹਿਲਾਂ ਵੀ ਐਨਡੀਏ ਸਰਕਾਰ ਨੇ ਸੁਝਾਏ ਗਏ ਨਾਵਾਂ ਦੀ ਫ਼ਾਈਲ ਨੂੰ ਸ਼ਿਕਾਇਤਾਂ ਦਾ ਹੀ ਹਵਾਲਾ ਦੇ ਕੇ ਮੋੜ ਦਿੱਤਾ ਸੀ। ਪਰ ਕੌਲਿਜੀਅਮ ਨੇ ਸ਼ਿਕਾਇਤਾਂ ਨੂੰ ਹਲਕੇ ਪੱਧਰ ਦੀਆਂ ਕਰਾਰ ਦਿੰਦਿਆਂ ਦੁਬਾਰਾ ਤੋਂ ਸਰਕਾਰ ਨੂੰ ਇਨ੍ਹਾਂ ਨਾਵਾਂ 'ਤੇ ਵਿਚਾਰ ਕਰਨ ਲਈ ਕਿਹਾ ਸੀ। ਦੋਵੇਂ ਵਕੀਲ ਅਲਾਹਾਬਾਦ ਹਾਈ ਕੋਰਟ ਵਿਚ ਸੀਨੀਅਰ ਵਕੀਲਾਂ ਵੱਜੋਂ ਕਾਰਜਸ਼ੀਲ ਹਨ। ਜਸਟਿਸ ਜੇ ਚੇਲਾਮੇਸ਼ਵਰ ਦੇ ਸੇਵਾਮੁਕਤ ਹੋਣ ਤੋਂ ਬਾਅਦ ਪੰਜ ਮੈਂਬਰੀ ਕੌਲਿਜੀਅਮ ਬੈਂਚ ਹੁਣ ਦੁਬਾਰਾ ਤੋਂ ਗਠਿਤ ਕੀਤਾ ਜਾਵੇਗਾ ਜੋ ਇਨ੍ਹਾਂ ਸਿਫ਼ਾਰਿਸ਼ ਕੀਤੇ ਨਾਵਾਂ ਉਤੇ ਫ਼ੈਸਲਾ ਲਵੇਗਾ। ਕੇਂਦਰ ਨੇ ਜੰਮੂ-ਕਸ਼ਮੀਰ ਹਾਈ ਕੋਰਟ ਦੇ ਜੱਜ ਵੱਜੋਂ ਸੁਝਾਏ ਐਡਵੋਕੇਟ ਨਜ਼ੀਰ ਅਹਿਮਦ ਬੇਗ ਦੇ ਨਾਂ ਨੂੰ ਵੀ ਵਾਪਸ ਮੋੜਨ ਦਾ ਫ਼ੈਸਲਾ ਕੀਤਾ ਹੈ। ਇਸ ਸਬੰਧੀ ਫ਼ਿਲਹਾਲ ਸਰਕਾਰ ਵੱਲੋਂ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ।

ਉਧਰ ਜਸਟਿਸ ਜੇ ਚੇਲਾਮੇਸ਼ਵਰ ਦੀ ਸੇਵਾਮੁਕਤੀ ਤੋਂ ਦੋ ਦਿਨਾਂ ਬਾਅਦ ਸੁਪਰੀਮ ਕੋਰਟ ਨੇ ਜੱਜਾਂ ਨੂੰ ਕੇਸਾਂ ਦੀ ਵੰਡ ਕਰਨ ਲਈ ਨਵਾਂ ਰੋਸਟਰ ਬਣਾਇਆ ਹੈ ਜੋ ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਸੁਪਰੀਮ ਕੋਰਟ ਦੇ 2 ਜੁਲਾਈ ਨੂੰ ਮੁੜ ਖੁੱਲ੍ਹਣ 'ਤੇ ਲਾਗੂ ਹੋਵੇਗਾ। ਪਹਿਲੀ ਫਰਵਰੀ ਨੂੰ ਜਾਰੀ ਹੋਏ ਪਿਛਲੇ ਰੋਸਟਰ ਵਾਂਗ ਨਵੇਂ ਰੋਸਟਰ ਅਨੁਸਾਰ ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲਾ ਬੈਂਚ ਸਾਰੇ ਜਨ ਹਿੱਤ ਕੇਸਾਂ ਦੀ ਸੁਣਵਾਈ ਤੋਂ ਇਲਾਵਾ ਸਮਾਜਿਕ ਨਿਆਂ, ਚੋਣਾਂ ਅਤੇ ਅਦਾਲਤੀ ਹੁਕਮਾਂ ਦੀ ਉਲੰਘਣਾ ਸਬੰਧੀ ਕੇਸਾਂ ਦੀ ਸੁਣਵਾਈ ਕਰੇਗਾ। ਚੀਫ਼ ਜਸਟਿਸ ਤੋਂ ਬਾਅਦ ਦੂਜੇ ਸਭ ਤੋਂ ਸੀਨੀਅਰ ਜੱਜ ਜਸਟਿਸ ਰੰਜਨ ਗੋਗੋਈ ਕਿਰਤ ਕਾਨੂੰਨਾਂ, ਅਸਿੱਧੇ ਟੈਕਸਾਂ, ਪਰਸਨਲ ਲਾਅ ਤੇ ਕੰਪਨੀ ਲਾਅ ਸਬੰਧੀ ਕੇਸਾਂ ਦੀ ਸੁਣਵਾਈ ਕਰਨਗੇ। ਇਸੇ ਤਰ੍ਹਾਂ ਹੋਰ ਜੱਜਾਂ ਨੂੰ ਵੀ ਵੱਖ ਵੱਖ ਮਾਮਲਿਆਂ ਸਬੰਧੀ ਸੁਣਵਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001 ਈਸਟ, ਵਾਲਨਟ ਡ੍ਰਾਇਵ ਸਾਊਥ, ਵਾਲਨਟ ਕੈਲੀਫੋਰਨੀਆ 91789, ਸੰਪਰਕ ਫੋਨ : (909) 869-6165



## ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ

## 412ਵਾਂ ਸ਼ਹੀਦੀ ਦਿਵਸ

### ਬੁੱਧਵਾਰ, 04 ਜੁਲਾਈ 2018

ਸਵੇਰੇ 06:00 ਵਜੇ ਤੋਂ ਬਾਅਦ ਦੁਪਹਿਰ 3:30 ਵਜੇ ਤੱਕ ਗੁਰਦੁਆਰਾ ਸਾਹਿਬ ਵਾਲਨਟ ਵਿਖੇ ਮਨਾਇਆ ਜਾ ਰਿਹਾ ਹੈ

- ਆਸਾ ਦੀ ਵਾਰ ਦਾ ਰਸਭਿੰਨਾ ਕੀਰਤਨ ਲਾਸ ਏਂਜਲਸ ਦੇ ਅਖੰਡ ਕੀਰਤਨੀ ਜਥੇ ਦੁਆਰਾ ਕੀਤਾ ਜਾਵੇਗਾ।
- ਕੀਰਤਨੀ ਜਥਿਆਂ ਦਾ ਵਿਸ਼ੇਸ਼ ਪ੍ਰਬੰਧ ਹੈ ਜਿਸ ਵਿੱਚ ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬਾਨ ਦੇ ਰਾਗੀ ਜਥੇ ਕੀਰਤਨ ਸਮਾਗਮ ਵਿਚ ਹਾਜ਼ਰੀ ਭਰਨਗੇ।
- ਇਸ ਮੌਕੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਜੀ ਵੇਦਾਂਤੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ, ਜੋ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਨਗੇ।
- ਪੰਜਾਬੀ ਅਤੇ ਗੁਰਮਤਿ ਸਕੂਲ ਕੈਲੀਫੋਰਨੀਆ ਦੇ ਨੌਜਵਾਨ ਅਤੇ ਬੱਚੇ ਵੀ ਕੀਰਤਨ ਕਰਨਗੇ।



ਗਿਆਨੀ ਜੋਗਿੰਦਰ ਸਿੰਘ ਵੇਦਾਂਤੀ

ਦੱਖਣੀ ਕੈਲੀਫੋਰਨੀਆ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਪਰਿਵਾਰਾਂ ਅਤੇ ਮਿੱਤਰਾਂ ਨਾਲ ਇਸ ਸਮਾਗਮ ਵਿੱਚ ਹਾਜ਼ਰੀ ਭਰਨ। ਆਓ ਇਸ ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਆਪਣੇ ਬੱਚਿਆਂ ਨੂੰ ਉਹਨਾਂ ਦੇ ਮਹਾਨ ਸਿੱਖ ਵਿਰਸੇ, ਸਿੱਖ ਸਿਧਾਂਤਾਂ, ਸਿੱਖ ਵਿਸ਼ਵਾਸ਼ ਤੇ ਮਾਨਵਤਾ ਲਈ ਗੁਰੂ ਸਹਿਬਾਨ ਦੀਆਂ ਅਦੁੱਤੀ ਕੁਰਬਾਨੀਆਂ ਦੀ ਜਾਣਕਾਰੀ ਦੇਈਏ।

*ਸਵੇਰ ਤੋਂ ਦੁਪਹਿਰ ਤੱਕ ਚਾਹ, ਨਾਸ਼ਤਾ, ਛਬੀਲ (ਕੱਚੀ ਲੱਸੀ) ਅਤੇ ਤਾਜ਼ੇ ਫ਼ਲ ਅਤੇ ਜੂਸ ਦਾ ਪ੍ਰਬੰਧ ਹੋਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।*

ਸੇਵਾਦਾਰ ਗੁਰਦੁਆਰਾ ਵਾਲਨਟ : ਸਤਪਾਲ ਸਿੰਘ ਗੋਤਰਾ (909) 569-9545, ਸੁਰਿੰਦਰ ਸਿੰਘ ਭੋਗਲ (909) 861-5767
ਗੁਰਬਚਨ ਸਿੰਘ ਜੁਨੇਜਾ (909) 228-1556, ਕੁਲਬੀਰ ਸਿੰਘ ਭੁੱਲਰ (626) 675-2233, ਜਗਜੀਤ ਸਿੰਘ ਇਰਾਨੀ (626) 239-5621

ਕੀਰਤਨ ਅਤੇ ਲੰਗਰ ਸੇਵਾ ਲਈ ਸੰਪਰਕ ਕਰੋ :
ਹਨਵੰਤਬੀਰ ਸਿੰਘ ਸਾਹਨੀ (626) 369-3305, ਗੁਰਬਖ਼ਸ਼ ਸਿੰਘ ਭਸੀਨ (626) 523-4162



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲੱਬਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ
ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ
ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ,
ਫਾਰਮ ਹਾਊਸ ਅਤੇ ਟਰੱਕ ਯਾਰਡ ਲਈ
ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



Address: 27293 S Hillview St, Tracy, CA 95304-8154

**Listing Price: $929,900,**

Area: 1.0100Acres (43996 Lot SqFt Apprx)



Address: 20199 Wicklund Rd, Tracy, CA 95391

**Listing Price $1,250,000,**

Area: 10.5000 Acres (457380 Lot SqFt Apprx)



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ !

NEW YORK LIFE

www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1, 2017 to January 31, 2018.



COVERED CALIFORNIA

## ਸਿਮਰਨ ਕੌਰ ਅਟਵਾਲ

ਏਜੰਟ

ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ

3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219

ਫੋਨ : 209-955-2418, 209-993-7978

skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

---

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ... ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons

open 6am to midnight

Phone: 765-478-6300

---



Raja SWEETS & CATERING
AUTHORIZED CATERER FOR MAJOR 5-STAR HOTELS

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

## 1-866-FOR-RAJA (367-7252)
## www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

---




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

## (510) 900-6319

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.


ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW




# SAVE UPTO 24¢

## PER GALLON ON DIESEL






## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Loves Travel Stops & Country Stores

First Punjabi Channel to go HD Worldwide

jus punjabi HD

IS NOW

HD

HIGH DEFINITION

Subscribe to the JUS Pack Today!

subscribe now

JUS Pack

has it all!

jus punjabi
JUS one
JUS 24x7
9X TASHAN

4 channels for only $14.99 on dish | sling

Call 1-888-246-6242 to Subscribe

For advertisement & more information call: +1-718-752-9290

www.jusbroadcasting.com

# ਸ਼ਿਲਾਂਗ ਵਿਚੋਂ ਸਿੱਖ ਭਾਈਚਾਰੇ ਨੂੰ ਉਜਾੜਨਾ ਚਾਹੁੰਦੀ ਏ ਸਰਕਾਰ

- **ਸ਼ਿਲਾਂਗ ਦੇ ਸਿੱਖ ਸਰਕਾਰ ਵਿਰੁੱਧ ਡਟੇ**
- **ਖਾਸੀ ਭਾਈਚਾਰੇ ਨੂੰ ਭੜਕਾ ਰਹੀਆਂ ਨੇ ਭਗਵੀਆਂ ਪਾਰਟੀਆਂ**
- **ਸਿੱਖਾਂ ਵਲੋਂ ਕਾਲੋਨੀ ਦੀ ਥਾਂ ਬਦਲਣ ਲਈ ਉੱਚ-ਪੱਧਰੀ ਕਮੇਟੀ ਦੀ ਤਜਵੀਜ਼ ਰੱਦ**



ਸਿਲਾਂਗ/ਬਿਊਰੋ ਨਿਊਜ਼ :

ਸ਼ਿਲਾਂਗ ਵਿਚ ਸਿੱਖ ਭਾਈਚਾਰਾ ਇਸ ਸਮੇਂ ਖਤਰੇ ਵਿਚ ਹੈ, ਕਿਉਂਕਿ ਸ਼ਿਲਾਂਗ ਵਿਚ ਸਰਕਾਰ ਤੇ ਖਾਸੀ ਕਬੀਲਾ ਉਥੋਂ ਦੇ ਸਿੱਖਾਂ ਨੂੰ ਉਜਾੜਨਾ ਚਾਹੁੰਦਾ ਹੈ ਤੇ ਉਹ ਇਨ੍ਹਾਂ ਨੂੰ ਉਥੋਂ ਦੇ ਵਾਸੀ ਨਹੀਂ ਮੰਨਦਾ। ਸ਼ਿਲਾਂਗ ਦੇ ਸਿੱਖ ਆਪਣੀ ਜ਼ਮੀਨ ਤੇ ਆਪਣੀ ਹੋਂਦ ਦੀ ਰੱਖਿਆ ਲਈ ਉਥੇ ਡਟੇ ਹੋਏ ਹਨ। ਉਥੇ ਰਾਤ ਦਾ ਕਰਫਿਊ ਹਾਲੇ ਤੱਕ ਵੀ ਲੱਗਿਆ ਹੋਇਆ ਹੈ। ਸਰਕਾਰ ਕਹਿ ਰਹੀ ਹੈ ਕਿ ਉਥੇ ਹਾਲਾਤ ਸ਼ਾਂਤ ਹਨ ਪਰ ਸਿੱਖਾਂ ਦੇ ਘਰਾਂ ਉੱਪਰ ਪੈਟਰੋਲ ਬੰਬ ਸੁੱਟੇ ਜਾ ਰਹੇ ਹਨ ਤੇ ਕਈ ਦੁਕਾਨਾਂ ਸਿੱਖਾਂ ਦੀਆਂ ਸਾੜ ਦਿੱਤੀਆਂ ਗਈਆਂ ਹਨ। ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਥੇ ਆਈ ਤੇ ਚਲੀ ਗਈ। ਕਿਹਾ ਗਿਆ ਕਿ ਹਾਲਾਤ ਸ਼ਾਂਤ ਹਨ। ਉਥੋਂ ਦੀ ਸਰਕਾਰ ਭਾਜਪਾ ਗੱਠਜੋੜ ਦੀ ਸਹਾਇਤਾ ਨਾਲ ਚੱਲ ਰਹੀ ਹੈ। ਭਾਜਪਾ ਵਾਲੇ ਖਾਸੀ ਭਾਈਚਾਰੇ ਨੂੰ ਸਿੱਖਾਂ ਵਿਰੁੱਧ ਉਤਸ਼ਾਹਿਤ ਕਰ ਰਹੇ ਹਨ। ਇੱਥੇ ਸਿੱਖਾਂ 'ਤੇ ਮੁੜ ਹਮਲੇ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਸਿੱਖਾਂ ਦਾ ਖਾਸੀ ਭਾਈਚਾਰੇ ਵਲੋਂ ਬਾਈਕਾਟ ਚੱਲ ਰਿਹਾ ਹੈ, ਉੱਥੇ ਇਨ੍ਹਾਂ ਨੂੰ ਟੈਕਸੀਆਂ ਵਿਚ ਨਹੀਂ ਬਿਠਾਇਆ ਜਾ ਰਿਹਾ। ਸਿੱਖ ਬੱਚਿਆਂ ਨੂੰ ਟੈਕਸੀਆਂ ਵਿਚੋਂ ਉਤਾਰਿਆ ਜਾ ਰਿਹਾ ਹੈ ਤੇ ਫੈਕਟਰੀਆਂ ਵਿਚ ਕਿਹਾ ਜਾ ਰਿਹਾ ਹੈ ਕਿ ਸਿੱਖ ਆਪਣਾ ਬਾਣਾ ਤਿਆਗ ਦੇਣ, ਅਰਥਾਤ ਕੇਸ ਕਟਵਾ ਲੈਣ। ਭਾਰਤੀ ਮੀਡੀਆ ਕੋਈ ਖ਼ਬਰ ਨਹੀਂ ਦੇ ਰਿਹਾ। ਖੁਫੀਆ ਏਜੰਸੀਆਂ ਉੱਥੇ ਗਈਆਂ ਸਿੱਖ ਟੀਮਾਂ ਨੂੰ ਡਰਾ ਰਹੀਆਂ ਹਨ ਤੇ ਤਿੱਖੀ ਨਜ਼ਰ ਰੱਖ ਰਹੀਆਂ ਹਨ। ਇਕ ਤਰ੍ਹਾਂ ਉੱਥੇ ਬਲਿਊ ਸਟਾਰ ਜੂਨ-84 ਵਰਗੀ ਹਾਲਤ ਹੈ ਕਿ ਸ਼ਿਲਾਂਗ ਨੂੰ ਪੂਰੇ ਭਾਰਤ ਤੇ ਸਿੱਖ ਕੌਮ ਨਾਲੋਂ ਕੱਟ ਦਿੱਤਾ ਜਾਵੇ ਤੇ ਸਿੱਖ ਇਹ ਵੀ "ਹਾਅ ਦਾ ਨਾਅਰਾ" ਨਾ ਮਾਰ ਸਕਣ ਕਿ ਸ਼ਿਲਾਂਗ ਦੇ ਸਿੱਖਾਂ ਨਾਲ ਕੀ ਬੀਤ ਰਹੀ ਹੈ।

**ਸਿੱਖਾਂ ਵਲੋਂ ਵਿਰੋਧ :** ਸ਼ਿਲਾਂਗ ਦੇ ਸਿੱਖਾਂ ਨੇ ਮੇਘਾਲਿਆ ਸਰਕਾਰ ਵਲੋਂ ਝਗੜੇ ਦੇ ਨਿਪਟਾਰੇ ਲਈ ਬਣਾਈ ਹਾਈ ਲੈਵਲ ਕਮੇਟੀ, ਜਿਸ ਦੇ ਮੁਖੀ ਮੇਘਾਲਿਆ ਦੇ ਉਪ-ਮੁੱਖ ਮੰਤਰੀ ਪ੍ਰੈਸਟੋਨ ਟਾਈਨਸਾਗ ਹਨ, ਦੀ ਪੰਜਾਬੀ ਲੇਨ ਏਰੀਆ ਵਿਚ ਬੜਾ ਬਾਜ਼ਾਰ ਨੇੜੇ ਸਥਿਤ ਸਿੱਖ ਹਰੀਜਨ ਕਾਲੋਨੀ ਨੂੰ ਕਿਸੇ ਹੋਰ ਥਾਂ ਬਦਲਣ ਦੀ ਤਜਵੀਜ਼ ਰੱਦ ਕਰ ਦਿੱਤੀ ਹੈ। ਸ਼ਿਲਾਂਗ ਦੇ ਝਗੜੇ ਵਾਲੇ ਇਲਾਕੇ ਪੰਜਾਬੀ ਲੇਨ ਏਰੀਆ ਵਿਚ ਹਾਈ ਲੈਵਲ ਕਮੇਟੀਆਂ ਦੀਆਂ ਹਦਾਇਤਾਂ 'ਤੇ ਸਰਵੇ ਕਰਨ ਪਹੁੰਚੀ ਮੇਘਾਲਿਆ ਦੀ ਲੈਂਡ ਰਿਕਾਰਡ ਤੇ ਸਰਵੇ ਵਿਭਾਗ ਦੀ ਟੀਮ ਦਾ ਉਥੇ ਵੱਸਦੀਆਂ ਸਿੱਖ ਔਰਤਾਂ ਦੀ ਵੱਡੀ ਗਿਣਤੀ ਨੇ ਵਿਰੋਧ ਕੀਤਾ। ਮੁਜ਼ਾਹਰਾਕਾਰੀ ਔਰਤਾਂ ਨੇ ਹੱਥਾਂ ਵਿਚ ਬੈਨਰ ਫੜੇ ਹੋਏ ਸੀ, ਜਿਨ੍ਹਾਂ 'ਤੇ ਲਿਖਿਆ ਹੋਇਆ ਸੀ ਕਿ "ਅਸੀਂ ਹਾਈ ਪਾਵਰ ਕਮੇਟੀ ਦੀ ਪੰਜਾਬੀ ਹਰੀਜਨ ਕਾਲੋਨੀ ਨੂੰ ਇਥੋਂ ਬਦਲਣ ਦੀ ਤਜਵੀਜ਼ ਦਾ ਵਿਰੋਧ ਕਰਦੀਆਂ ਹਾਂ ਤੇ ਅਸੀਂ ਸਰਕਾਰ ਦੇ ਪੰਜਾਬੀ ਹਰੀਜਨ ਕਾਲੋਨੀ ਦੇ ਵਿਰੋਧੀ ਰਵੱਈਏ ਖ਼ਿਲਾਫ਼ ਰੋਸ ਪ੍ਰਗਟ ਕਰਦੇ ਹਾਂ।" ਪਰ ਇਸ ਦੇ ਬਾਵਜੂਦ ਇਸ ਸਰਕਾਰੀ ਟੀਮ ਨੇ ਇਸ ਇਲਾਕੇ ਦਾ ਸਰਵੇ ਦਾ ਕੰਮ ਜਾਰੀ ਰੱਖਿਆ ਕਿਉਂਕਿ ਕਈ ਸਥਾਨਕ ਗੁੱਟ ਇਥੇ ਕਈ ਸੋ ਸਾਲਾਂ ਤੋਂ ਵਸਦੇ ਸਿੱਖ ਸਫ਼ਾਈ ਸੇਵਕਾਂ ਦੀ ਇਸ ਕਾਲੋਨੀ ਨੂੰ ਇੱਥੋਂ ਹਟਾਉਣ ਦਾ ਦਬਾਅ ਬਣਾ ਰਹੇ ਹਨ।

ਗੁਰਦੁਆਰਾ ਬੜਾ ਬਾਜ਼ਾਰ ਦੇ ਪ੍ਰਧਾਨ ਤੇ ਸ਼ਿਲਾਂਗ ਦੇ ਸਿੱਖਾਂ ਦੇ ਨੇਤਾ ਗੁਰਜੀਤ ਸਿੰਘ ਨੇ ਵੀ ਸਿੱਖ ਕਾਲੋਨੀ ਨੂੰ ਪੰਜਾਬੀ ਲੇਨ ਏਰੀਆ ਤੋਂ ਕਿਸੇ ਹੋਰ ਥਾਂ ਬਦਲਣ ਦੀ ਤਜਵੀਜ਼ ਦਾ ਵਿਰੋਧ ਕੀਤਾ ਹੈ।

**ਸਰਨਾ ਨੇ ਲਈ ਸਾਰ :** ਇਸੇ ਦਰਮਿਆਨ ਦਿੱਲੀ ਅਕਾਲੀ ਦਲ ਦਾ ਇਕ ਵਫ਼ਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਿਚ ਹਾਈ ਲੈਵਲ ਕਮੇਟੀ ਦੇ ਮੁਖੀ ਤੇ ਮੇਘਾਲਿਆ ਦੇ ਉਪ-ਮੁੱਖ ਮੰਤਰੀ ਪ੍ਰੈਸਟੋਨ ਟਾਈਨਸਾਗ ਨੂੰ ਮਿਲਿਆ। ਸਰਨਾ ਨੇ ਕਿਹਾ ਕਿ ਅਸੀਂ ਉਪ ਮੁੱਖ ਮੰਤਰੀ ਨੂੰ ਸਪਸ਼ਟ ਕਿਹਾ ਹੈ ਕਿ ਸਾਨੂੰ ਹਾਈ ਲੈਵਲ ਕਮੇਟੀ ਦੀਆਂ ਸ਼ਰਤਾਂ 'ਤੇ ਨਿਯਮ ਮਨਜ਼ੂਰ ਨਹੀਂ ਹਨ। ਇਸ ਮਸਲੇ ਦਾ ਸਭ ਤੋਂ ਵਧੀਆ ਹੱਲ ਸਿੱਖਾਂ ਨੂੰ ਇੱਥੋਂ ਉਜਾੜਨਾ ਨਹੀਂ ਹੈ, ਸਗੋਂ ਮੁੜ ਵਸਾਉਣਾ ਹੈ। ਸਰਨਾ ਨੇ ਕਿਹਾ ਕਿ ਅਸੀਂ ਸਰਕਾਰ ਨੂੰ ਕਿਹਾ ਹੈ ਕਿ ਜੇ ਇਸ ਜਗ੍ਹਾ ਦੀ ਤਰੱਕੀ ਲਈ ਕਮਰਸ਼ੀਅਲ ਕੰਪਲੈਕਸ ਬਣਾਉਣਾ ਹੈ ਤਾਂ ਇਸ 'ਤੇ ਇੱਥੇ ਵੱਸਦੇ ਸਿੱਖਾਂ ਲਈ ਫਲੈਟ ਬਣਾ ਕੇ ਦਿੱਤੇ ਜਾਣ। ਉਨ੍ਹਾਂ ਉਪ ਮੁੱਖ ਮੰਤਰੀ ਟਾਈਨਸਾਗ ਨੂੰ ਇਹ ਵੀ ਪੁੱਛਿਆ ਕਿ ਗੁਰੂ ਨਾਨਕ ਸਕੂਲ ਕਿੱਥੇ ਬਣਾਇਆ ਜਾਵੇਗਾ। ਸਰਨਾ ਨੇ ਦੱਸਿਆ ਕਿ ਸਿੱਖ ਕਾਲੋਨੀ ਦਾ ਵਿਰੋਧ ਕਰ ਰਹੇ ਖ਼ਾਸੀ ਲੋਕ ਇਸਾਈ ਹਨ, ਇਸ ਲਈ ਦਿੱਲੀ ਦੇ ਇਸਾਈ ਧਰਮ ਦੇ ਆਰਕ ਆਫ਼ ਬਿਸ਼ਪ ਤੋਂ ਵੀ ਮੁੱਖ ਮੰਤਰੀ, ਜੋ ਉਨ੍ਹਾਂ ਦੇ ਹਮਜਮਾਤੀ ਵੀ ਹਨ, ਨੂੰ ਟੈਲੀਫੋਨ ਕਰਵਾਇਆ ਹੈ ਕਿ ਸਿੱਖਾਂ ਪ੍ਰਤੀ ਹਮਦਰਦੀ ਦਾ ਰਵੱਈਆ ਵਰਤਿਆ ਜਾਵੇ, ਕਿਉਂਕਿ ਸਿੱਖ ਵੀ ਇਸਾਈਆਂ ਵਾਂਗ ਦੇਸ਼ ਦੀ ਇਕ ਮਹੱਤਵਪੂਰਨ ਘੱਟ ਗਿਣਤੀ ਹਨ।

**ਜੀਕੇ. ਦੀ ਕਮੇਟੀ ਜਾਵੇਗੀ ਸ਼ਿਲਾਂਗ :** ਇਸ ਦਰਮਿਆਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਥਕੇਥ ਨੇ ਕਿਹਾ ਕਿ ਅਸੀਂ ਸ਼ਿਲਾਂਗ ਦੇ ਸਿੱਖਾਂ ਨੂੰ ਇਕੱਲਿਆਂ ਨਹੀਂ ਛੱਡਿਆ। ਸਾਡੀ ਹਾਲਾਤ 'ਤੇ ਹਰ ਵਕਤ ਨਜ਼ਰ ਹੈ ਤੇ ਅਸੀਂ ਸ਼ਿਲਾਂਗ ਤੇ ਸਿੱਖਾਂ ਦੇ ਸੰਪਰਕ ਵਿਚ ਵੀ ਹਾਂ। ਜੀਥ ਕੇਥ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦਾ ਇਕ ਵਫ਼ਦ, ਲੈ ਕੇ ਜਿਸ ਦੀ ਅਗਵਾਈ ਮੈਂ ਖ਼ੁਦ ਤੇ ਕਮੇਟੀ ਦੇ ਜਨਰਲ ਸਕੱਤਰ ਤੇ ਦਿੱਲੀ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਕਰਨਗੇ, ਜਲਦੀ ਹੀ ਦੁਬਾਰਾ ਸ਼ਿਲਾਂਗ ਜਾ ਰਹੇ ਹਾਂ।

**ਕੀ ਕਹਿੰਦਾ ਏ ਘੱਟ ਗਿਣਤੀ ਕਮਿਸ਼ਨ :** ਇਸ ਦਰਮਿਆਨ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਇਕੋ ਇਕ ਸਿੱਖ ਮੈਂਬਰ ਮਨਜੀਤ ਸਿੰਘ ਰਾਏ ਨੇ ਕਿਹਾ ਕਿ ਮੈਂ ਸ਼ਿਲਾਂਗ ਦੇ ਸਿੱਖਾਂ ਨਾਲ ਹੋ ਰਹੇ ਧੱਕੇ ਬਾਰੇ ਸੁਣਦਿਆਂ ਹੀ ਆਪਣੇ ਤੌਰ 'ਤੇ ਸ਼ਿਲਾਂਗ ਗਿਆ ਸੀ। ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਤੇ ਹੋਰ ਉੱਚ-ਅਧਿਕਾਰੀਆਂ ਨੂੰ ਮਿਲ ਕੇ ਸਿੱਖਾਂ ਦੇ ਮੁੜ ਵਸੇਬੇ ਤੇ ਸੁਰੱਖਿਆ ਲਈ ਵੀ ਕਿਹਾ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਅਜੇ ਤਕ ਵੀ ਇਸ ਮਾਮਲੇ ਵਿਚ ਅਧਿਕਾਰਤ ਤੌਰ 'ਤੇ ਘੱਟ ਗਿਣਤੀ ਕਮਿਸ਼ਨ ਕੋਲ ਸ਼ਿਲਾਂਗ ਦੇ ਸਿੱਖਾਂ ਵਲੋਂ ਜਾਂ ਕਿਸੇ ਹੋਰ ਸਿੱਖ ਜਥੇਬੰਦੀ ਵਲੋਂ ਕੋਈ ਸ਼ਿਕਾਇਤ ਨਹੀਂ ਪੁੱਜੀ।

**ਸ਼ਿਲਾਂਗ ਹਿੰਸਾ ਨੂੰ ਪੁਲੀਸ ਨੇ ਦੱਸਿਆ "ਯੋਜਨਾਬੱਧ ਭੜਕਾਹਟ" :** ਮੇਘਾਲਿਆ ਪੁਲੀਸ ਨੇ ਇਥੇ ਸੂਬੇ ਦੇ ਮੁੱਖ ਮੰਤਰੀ ਕੋਨਰਾਡ ਕੇ ਸੰਗਮਾ ਦੇ ਦਾਅਵਿਆਂ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਹਾਲ ਹੀ ਵਿੱਚ ਸ਼ਿਲਾਂਗ ਵਿੱਚ ਹੋਈਆਂ ਹਿੰਸਕ ਘਟਨਾਵਾਂ ਯੋਜਨਾਬੱਧ ਤਰੀਕੇ ਨਾਲ ਕੀਤੀਆਂ ਗਈਆਂ ਸਨ। ਪੁਲੀਸ ਦਾ ਕਹਿਣਾ ਹੈ ਕਿ ਭੜਕਾਹਟ ਪੈਦਾ ਕਰਨ ਵਾਲੇ ਕੁਝ ਵਿਅਕਤੀਆਂ ਦੀ ਸ਼ਨਾਖ਼ਤ ਵੀ ਕਰ ਲਈ ਗਈ ਹੈ। ਪੂਰਬੀ ਖਾਸੀ ਹਿੱਲਜ਼ ਦੇ ਐੱਸਪੀ ਡੇਵਿਸ ਮਾਰਕ ਨੇ ਦੱਸਿਆ ਕਿ ਜੂਨ ਦੇ ਪਹਿਲੇ ਹਫ਼ਤੇ ਵਾਪਰੀਆਂ ਹਿੰਸਕ ਘਟਨਾਵਾਂ ਸਬੰਧੀ ਹੋਈ ਜਾਂਚ ਵਿੱਚ ਗ੍ਰਿਫ਼ਤਾਰ ਲੋਕਾਂ ਦੇ ਬਿਆਨਾਂ ਦੇ ਆਧਾਰ 'ਤੇ ਕੁਝ ਭੜਕਾਹਟ ਪੈਦਾ ਕਰਨ ਵਾਲੇ ਅਨਸਰਾਂ ਦੀ ਪਛਾਣ ਕਰ ਲਈ ਗਈ ਹੈ। ਇਨ੍ਹਾਂ ਵਿਅਕਤੀਆਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ। ਐੱਸਪੀ ਨੇ ਕਿਹਾ ਕਿ ਵੀਡੀਓ ਸਬੂਤਾਂ ਦੇ ਆਧਾਰ 'ਤੇ ਪੁਲੀਸ ਉਤੇ ਹਮਲਾ ਕਰਨ ਵਾਲੇ ਕੁਝ ਹੋਰ ਪ੍ਰਦਰਸ਼ਨਕਾਰੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ।

**ਸ਼ਿਲਾਂਗ ਦੇ ਸਿੱਖਾਂ ਦਾ ਇਤਿਹਾਸ :** ਅੰਗਰੇਜ਼ੀ ਫੌਜ ਦਾ ਇਕ ਦਸਤਾ ਜਦੋਂ ਪੰਜਾਬ ਤੋਂ ਸ਼ਿਲਾਂਗ ਆਇਆ ਤਾਂ ਆਪਣੇ ਨਾਲ ਸਿੱਖ ਭਾਈਚਾਰੇ ਨਾਲ ਸਬੰਧਤ ਸਫਾਈ ਕਰਮੀਆਂ ਦਾ ਇਕ ਦਲ ਵੀ ਲੈ ਕੇ ਆਇਆ ਸੀ। ਅੰਗਰੇਜ਼ ਹਕੂਮਤ ਉੱਤਰੀ-ਪੂਰਬ ਵਿੱਚ ਪੈਰ ਪਸਾਰ ਰਹੀ ਸੀ, ਵੱਖ-ਵੱਖ ਪਿੰਡਾਂ ਨਾਲ ਘਿਰਿਆ ਖੇਤਰ ਸ਼ਿਲਾਂਗ ਸ਼ਹਿਰ ਵਜੋਂ ਵਸ ਰਿਹਾ ਸੀ ਅਤੇ ਫੌਜੀ ਛਾਉਣੀ, ਸੈਨੀਟੋਰੀਅਮ, ਪ੍ਰਸ਼ਾਸਨਿਕ ਕੇਂਦਰਾਂ ਅਤੇ ਯੂਰਪੀਅਨ ਕੁਆਟਰਜ਼ ਦੇ ਬਣਨ ਨਾਲ ਇੰਗਲਿਸ਼ ਸੀਟਾਂ ਵਾਲੇ ਪਖ਼ਾਨਿਆਂ ਦੀ ਸਫਾਈ ਦੀਆਂ ਜ਼ਰੂਰਤਾਂ ਖੜੀਆਂ ਹੋ ਰਹੀਆਂ ਸਨ। ਮਸ਼ਹੂਰ ਇਤਿਹਾਸਕਾਰ ਹਿਮਾਦ੍ਰੀ ਬੈਨਰਜੀ ਦੇ ਇੱਕ ਅਧਿਐਨ ਵਿਚ ਸਾਲ 1910 ਵਿੱਚ ਸਿੱਖ ਸਫ਼ਾਈ ਕਰਮੀਆਂ ਦੇ ਨਾਮ ਸ਼ਿਲਾਂਗ ਨਗਰ ਨਿਗਮ ਦੇ ਰਜਿਸਟਰ ਵਿੱਚ ਦਰਜ ਹੋਣ ਦਾ ਜ਼ਿਕਰ ਹੈ ਅਤੇ ਸ਼ਾਇਦ ਤਾਂ ਹੀ ਸਵੀਪਰਜ਼ ਲਾਈਨ ਜਾਂ ਪੰਜਾਬੀ ਲੇਨ ਜਾਂ ਪੰਜਾਬੀ ਕਲੋਨੀ-ਆਖ਼ਰੀ ਨਾਵਾਂ ਦਾ ਇਸਤੇਮਾਲ ਜ਼ਿਆਦਾਤਰ ਉਹ ਲੋਕ ਕਰਦੇ ਹਨ, ਜੋ ਇਸ ਇਲਾਕੇ ਦੇ ਰਹਿਣ ਵਾਲੇ ਕਰਦੇ ਹਨ, ਪਰ ਸਥਾਨਕ ਲੋਕ ਨਹੀਂ।

ਪਰ ਸਿੱਖ ਭਾਈਚਾਰੇ ਦਾ ਦਾਅਵਾ ਹੈ ਕਿ ਪੰਜਾਬੀ ਲੇਨ ਵਿੱਚ ਉਨ੍ਹਾਂ ਦੀ ਵਸੋਂ 19ਵੀਂ ਸਦੀ ਦੇ 60ਵਿਆਂ ਤੋਂ ਪਹਿਲਾਂ ਦੀ ਹੈ।

ਉਦੋਂ ਸ਼ਹਿਰ ਦੇ ਮੁੱਖ ਹਿੱਸੇ ਤੋਂ ਥੋੜ੍ਹਾ ਵੱਖਰਾ ਵਸਾਇਆ ਗਿਆ "ਸਵੀਪਰਜ਼ ਲਾਈਨ" ਹੁਣ ਸ਼ਿਲਾਂਗ ਦੇ ਦੂਜੇ ਸਭ ਤੋਂ ਵੱਡੇ ਕਮਰਸ਼ੀਅਲ ਇਲਾਕੇ ਬੜਾ ਬਾਜ਼ਾਰ ਦੇ ਤਕਰੀਬਨ ਵਿਚਕਾਰ ਵਸਿਆ ਹੋਇਆ ਹੈ।

ਤਕਰੀਬਨ ਦੋ ਹਫ਼ਤੇ ਪਹਿਲਾਂ ਕੁਝ ਲੋਕਾਂ ਵਿਚਾਲੇ ਹੋਏ ਝਗੜੇ ਤੋਂ ਬਾਅਦ ਇਕ ਕੁੱਟਮਾਰ ਹੋਈ, ਇਤਫ਼ਾਕ ਨਾਲ ਇਨ੍ਹਾਂ ਵਿਚੋਂ ਇੱਕ ਧਿਰ ਸਿੱਖਾਂ ਦੀ ਸੀ, ਦੂਜਾ ਸੂਬੇ ਦੇ ਸਭ ਤੋਂ ਵੱਡੇ ਕਬਾਇਲੀ ਭਾਈਚਾਰੇ ਖਾਸੀਆਂ ਨਾਲ ਸਬੰਧਿਤ ਸੀ। ਉਸ ਆਪਸੀ ਝਗੜੇ ਨੇ ਬਾਅਦ ਵਿਚ ਖਾਸੀ ਭਾਈਚਾਰੇ ਨੇ ਸਿੱਖਾਂ ਉੱਪਰ ਹਿੰਸਕ ਹਮਲੇ ਸ਼ੁਰੂ ਕਰ ਦਿੱਤੇ ਸਨ। ਇਸ ਕਾਰਨ ਸ਼ਹਿਰ ਵਿਚ ਪੂਰੀ ਤਰ੍ਹਾਂ ਨਾਲ ਕਰਫਿਊ ਲਗਾ ਦਿੱਤਾ ਗਿਆ ਸੀ, ਜੋ ਕਿ ਹੁਣ ਵੀ ਚਲ ਰਿਹਾ ਹੈ। ਇੰਟਰਨੈੱਟ ਸੇਵਾਵਾਂ 'ਤੇ ਵੀ ਰੋਕ ਲਗਾ ਦਿੱਤੀ ਗਈ ਸੀ। ਇਹ ਇਲਾਕਾ ਝੁੱਗੀਆਂ ਵਾਲੇ ਘਰਾਂ ਦਾ ਹੈ।

ਇੱਕ ਨਿੱਜੀ ਤੇਲ ਕੰਪਨੀ ਵਿੱਚ ਸੇਲਜ਼ ਐਗਜ਼ੀਕਿਊਟਿਵ ਸੰਨੀ ਸਿੰਘ ਦੱਸਦਾ ਹੈ ਕਿ ਝਗੜੇ ਵਾਲੇ ਦਿਨ ਪੰਜਾਬੀਆਂ ਦੇ ਘਰਾਂ 'ਤੇ 'ਪੈਟਰੋਲ ਬੰਬ' ਸੁੱਟੇ ਗਏ ਸਨ। ਸੰਨੀ ਦੱਸਦੇ ਹਨ, "ਉਸ ਹਮਲੇ ਵਿਚ ਇੱਕ ਸਕੂਟਰ ਸੜ ਗਿਆ ਅਤੇ ਲੱਕੜ ਦੀ ਇਕ ਦੁਕਾਨ ਨੂੰ ਬੇਹੱਦ ਨੁਕਸਾਨ ਪਹੁੰਚਿਆ।"

ਸਮਾਜ ਸੇਵੀ ਸੰਸਥਾ ਯੂਨਾਈਟਿਡ ਸਿੱਖ ਨੇ ਕਲੋਨੀ ਵਿੱਚ ਇਕ-ਦੋ ਥਾਵਾਂ 'ਤੇ ਗੇਟ ਲਗਾਉਣ ਦਾ ਪ੍ਰਸਤਾਵ ਦਿੱਤਾ ਹੈ। ਕੁਝ-ਕੁਝ ਵਿੱਥ 'ਤੇ ਅੱਗ ਬੁਝਾਊ ਯੰਤਰ ਲਗਾਉਣ ਦਾ ਕੰਮ ਜਾਰੀ ਹੈ। ਹਾਲਾਂਕਿ ਇਹ ਸਭ ਉੱਥੇ ਰਹਿਣ ਵਾਲਿਆਂ ਲਈ ਕਿੰਨੇ ਦਿਨ ਤੱਕ ਕੰਮ ਆਵੇਗਾ, ਇਸ ਨੂੰ ਲੈ ਕੇ ਕਈ ਸਵਾਲ ਖੜੇ ਹੁੰਦੇ ਹਨ।

ਪਿਛਲੇ ਮਹੀਨੇ ਹੋਏ ਹੰਗਾਮੇ ਤੋਂ ਬਾਅਦ ਇੱਕ ਵਾਰ ਫੇਰ ਤੋਂ ਪੰਜਾਬੀ ਲਾਈਨ ਨੂੰ ਉਥੋਂ ਹਟਾ ਕੇ ਦੂਜੀ ਥਾਂ ਵਸਾਉਣ ਦੀ ਦੋ ਦਹਾਕਿਆਂ ਤੋਂ ਪੁਰਾਣੀ ਮੰਗ ਤੇਜ਼ ਹੋ ਗਈ ਹੈ। ਹਕੂਮਤ ਨੇ ਵਸੋਂ ਨੂੰ ਕਿਤੇ ਹੋਰ ਥਾਂ ਲੈ ਕੇ ਜਾਣ ਅਤੇ ਉਨ੍ਹਾਂ ਮੁੜ ਵਸੇਬੇ ਲਈ ਉੱਚ ਪੱਧਰੀ ਬੈਠਕ ਕਮੇਟੀ ਦਾ ਗਠਨ ਕਰ ਦਿੱਤਾ ਹੈ। ਸਾਬਕਾ ਵਿਧਾਇਕ ਅਤੇ ਖੇਤਰੀ ਸਿਆਸੀ ਦਲ ਯੂਨਾਈਟਡ ਡੈਮੋਕ੍ਰੈਟਿਕ ਪਾਰਟੀ ਦੇ ਜਨਰਲ ਸਕੱਤਰ ਜੇਮਿਨੀ ਮਾਊਥੋ ਕਹਿੰਦੇ ਹਨ, "ਇਹ ਮੁੱਦਾ ਕੋਈ ਨਵਾਂ ਨਹੀਂ ਹੈ, 1990 ਵਿਆਂ ਤੋਂ ਸਥਾਨਕ ਖਾਸੀ, ਜੈਂਤੀਆ ਅਤੇ ਗਾਰੋ ਆਦਿਵਾਸੀ ਭਾਈਚਾਰੇ ਦੇ ਲੋਕ ਇਸ ਮਾਮਲੇ 'ਤੇ ਇਕੱਠੇ ਆਏ ਸਨ ਅਤੇ ਇਕ ਸਾਂਝੀ ਕਮੇਟੀ ਦਾ ਗਠਨ ਵੀ ਹੋਇਆ ਸੀ।"

1996 ਵਿਚ ਵੀ ਇਸੇ ਮੁੱਦੇ 'ਤੇ ਹੋਏ ਇੱਕ ਪ੍ਰਦਰਸ਼ਨ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ।

ਪੰਜਾਬੀ ਲਾਈਨ ਦੇ ਮੁੜ ਵਸੇਬੇ ਦੀ ਮੰਗ ਨੂੰ ਗੁਰਜੀਤ ਸਿੰਘ ਕੁਝ ਲੋਕਾਂ ਦੀ ਜ਼ਿੱਦ ਦੱਸਦੇ ਹਨ। ਉਹ ਹਰੀਜਨ ਪੰਚਾਇਤ ਕਮੇਟੀ ਦੇ ਸਕੱਤਰ ਅਤੇ ਸਥਾਨਕ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਨ।

ਗ੍ਰੈਜੂਏਸ਼ਨ ਦੀ ਪਹਿਲੇ ਸਾਲ ਦੀ ਪੜ੍ਹਾਈ ਕਰ ਰਹੇ ਸੂਰਜ ਸਿੰਘ ਨੂੰ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ 'ਦਖਾਰ' ਯਾਨਿ ਬਾਹਰੀ ਸੱਦਿਆ ਜਾਂਦਾ ਹੈ। ਸੂਰਜ ਸਿੰਘ ਪੰਜਾਬੀ ਲਾਈਨ ਤੋਂ ਤਿੰਨ ਸਾਢੇ ਤਿੰਨ ਕਿਲਮੀਟਰ ਦੂਰ ਵਸੇ ਲਾਈਟੂ ਮੁਖਰਾ ਇਲਾਕੇ ਵਿਚ ਰਹਿੰਦੇ ਹਨ, ਇਸ ਨੂੰ ਗੋਰਾ ਲਾਈਨ ਵੀ ਕਿਹਾ ਜਾਂਦਾ ਹੈ।

ਪੰਜਾਬੀ ਲਾਈਨ ਦੇ ਮਜ਼ਬੀ ਸਿੱਖ ਜਦੋਂ ਸ਼ਿਲਾਂਗ ਵਿਚ ਖ਼ੁਦ ਠੀਕ ਢੰਗ ਨਾਲ ਵੱਸ ਗਏ ਤਾਂ ਉਨ੍ਹਾਂ ਨੇ ਪੰਜਾਬ ਤੋਂ ਆਪਣੇ ਰਿਸ਼ਤੇਦਾਰਾਂ ਅਤੇ ਜਾਣਕਾਰਾਂ ਨੂੰ ਵੀ ਕੰਮ ਦੇ ਸਿਲਸਿਲੇ ਵਿਚ ਉੱਥੇ ਬੁਲਾਉਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਸ਼ੁਰੂ ਹੋਈ ਗੋਰਾ ਲਾਈਨ ਵਸੋਂ।

ਪੰਜਾਬੀ ਲਾਈਨ ਵਿੱਚ ਚਰਚ ਤੇ ਸਕੂਲ ਦਾ ਪਟਾ ਸਥਾਨਕ ਸਰਕਾਰ ਰਾਹੀਂ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮੰਦਰ, ਗੁਰਦੁਆਰੇ ਦਾ ਪਟਾ ਵੀ ਮੌਜੂਦ ਹੈ। ਉੱਤਰ-ਪੂਰਬ ਦੇ ਸ਼ਹਿਰਾਂ ਵਰਗੇ ਗੁਹਾਟੀ ਅਤੇ ਅਸਾਮ ਦੀ ਰਾਜਧਾਨੀ ਦਿਸਪੁਰ ਵਿਚ ਜੋ ਮਜ਼ਬੀ ਸਿੱਖ ਜਾ ਕੇ ਵਸੇ, ਉਸ ਵਿਚ ਸ਼ਿਲਾਂਗ 'ਕਨੈਕਸ਼ਨ' ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।ਸ਼ਿਲਾਂਗ ਸ਼ਹਿਰ ਵਿਚ ਪਖ਼ਾਨਾ ਸਾਫ ਕਰਨ ਤੋਂ ਇਲਾਵਾ, ਨਗਰ ਪਾਲਿਕਾ ਦੀਆਂ ਬੈਲ ਗੱਡੀਆਂ ਨੂੰ ਚਲਾਉਣ ਅਤੇ ਦਫ਼ਤਰਾਂ, ਸੜਕਾਂ ਅਤੇ ਨਿੱਜੀ ਘਰਾਂ ਦੀ ਸਾਫ-ਸਫਾਈ ਦਾ ਕੰਮ ਵਧ ਰਿਹਾ ਸੀ ਅਤੇ ਉਸ ਨੂੰ ਕਰਨ ਲਈ ਸਥਾਨਕ ਲੋਕ ਤਿਆਰ ਨਹੀਂ ਸਨ। ਹੁਣ ਸਥਾਨਕ ਆਦਿਵਾਸੀ ਭਾਈਚਾਰੇ ਨੂੰ ਸਾਫ਼-ਸਫਾਈ ਕਰਨ ਲਈ ਕਿਸੇ ਤਰ੍ਹਾਂ ਹਿਚਕਿਚਾਹਟ ਨਹੀਂ।

ਰਾਇਲ ਕਲੈਕਟਿਲ ਨਾਮ ਦੀ, "ਅਨੁਕੂਲਤਾ ਨੂੰ ਚੈਲਿੰਜ ਕਰਨ ਵਾਲੀ ਵੈੱਬਸਾਈਟ" ਦੇ ਸੰਪਾਦਕ ਤਰੁਣ ਭਾਰਤੀ ਕਹਿੰਦੇ ਹਨ, "ਆਦਿਵਾਸੀ ਸਮਾਜ ਵਿੱਚ ਵੈਸੇ ਵੀ ਜਾਤੀ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ।"

ਮੇਘਾਲਿਆ ਇਕ ਆਦਿਵਾਸੀ ਭਾਈਚਾਰੇ ਦੀ ਵੱਡੀ ਗਿਣਤੀ ਵਾਲਾ ਸੂਬਾ ਹੈ ਅਤੇ ਉਨ੍ਹਾਂ ਮੁਤਾਬਕ ਉੱਥੇ 80 ਫੀਸਦੀ ਨੌਕਰੀਆਂ 'ਤੇ ਸਥਾਨਕ ਜਨਜਾਤੀਆਂ ਦਾ ਹੱਕ ਸਭ ਤੋਂ ਪਹਿਲਾ ਮੰਨਿਆ ਜਾਂਦਾ ਹੈ।

ਗੋਰਾ ਲਾਈਨ ਹਰੀਜਨ ਪੰਚਾਇਤ ਕਮੇਟੀ ਦੇ ਰਾਜੂ ਸਿੰਘ ਕਹਿੰਦੇ ਹਨ ਇਹੋ ਜਿਹਾ ਕੰਮ ਸਾਡੇ ਇਲਾਵਾ ਹੋਰ ਕੌਣ ਕਰ ਸਕਦਾ ਹੈ, ਅੱਜ ਅਸੀਂ ਬੋਝ ਬਣ ਗਏ।

ਸੰਵਿਧਾਨ ਦੀ ਵਿਵਸਥਾ ਮੁਤਾਬਕ ਜੋ ਇੱਥੇ ਦੇ ਮੂਲ ਨਿਵਾਸੀ ਨਹੀਂ ਹੈ, ਉਹ ਸ਼ਿਲਾਂਗ ਜਾਂ ਸੂਬੇ ਵਿਚ ਕਿਤੇ ਜ਼ਮੀਨ ਵੀ ਨਹੀਂ ਖਰੀਦ ਸਕਦੇ ਹਨ। ਸਿੱਕੇ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਮਜ਼ਬੀ ਸਿੱਖਾਂ ਦਾ ਪੜ੍ਹਿਆ-ਲਿਖਿਆ ਵਰਗ ਹੁਣ ਸਫਾਈ ਕਰਮੀ ਦਾ ਕੰਮ ਨਹੀਂ ਚਾਹੁੰਦਾ ਅਤੇ ਦੂਜਾ ਕੰਮ ਮਿਲਣਾ ਇੰਨਾ ਸੌਖਾ ਨਹੀਂ।

ਟਿਕਾ ਸਿੰਘ ਕਹਿੰਦੇ ਹਨ, "ਅਨੁਸੂਚਿਤ ਜਾਤੀ ਦਾ ਪ੍ਰਮਾਣ ਪੱਤਰ ਮਿਲਣ ਤੋਂ ਬਾਅਦ ਨੌਜਵਾਨਾਂ ਨੂੰ ਕੁਝ ਆਸਾਨੀ ਹੋਵੇ ਪਰ ਇੱਥੇ ਉਹ ਸਰਟੀਫਿਕੇਟ ਨਹੀਂ ਦਿੰਦੇ ਅਤੇ ਪੰਜਾਬ ਜਾਂ ਕਿਸੇ ਦੂਜੇ ਸੂਬੇ ਦੇ ਸਰਟੀਫਿਕੇਟ ਨੂੰ ਮਾਨਤਾ ਦੇਣ ਲਈ ਤਿਆਰ ਨਹੀਂ ਹੁੰਦੇ।"

ਗੋਰਾ ਲਾਈਨ ਨਿਵਾਸੀ ਟਿੱਕਾ ਸਿੰਘ ਦੇ ਕੋਲ ਖ਼ੁਦ ਵਿਧਾਨ ਸਭਾ ਦੀ ਪੱਕੀ ਨੌਕਰੀ ਹੈ ਪਰ ਉਸ ਕੋਲ ਬੈਠੇ ਸੂਰਜ ਸਿੰਘ ਅਤੇ ਨੌਵੀਂ ਕਲਾਸ ਦੇ ਵਿਦਿਆਰਥੀ ਦਲਜੀਤ ਸਿੰਘ ਖੋਖਰ ਨੂੰ ਲੈ ਕੇ ਕਹਿੰਦੇ ਹਨ ਕਿ ਸਫਾਈ ਕਰਮੀਆਂ ਦੇ ਕੰਮ ਪ੍ਰਤੀ ਬਹੁਤੇ ਲੋਕ ਉਤਸ਼ਾਹਿਤ ਨਹੀਂ ਹਨ।

ਗੋਰਾ ਲਾਈਨ ਦਿੱਲੀ ਦੀ ਕਿਸੇ ਗ਼ੈਰ-ਕਾਨੂੰਨੀ ਕਲੋਨੀ ਵਰਗੀ ਲਗਦੀ ਹੈ, ਚੌੜੀਆਂ ਗਲੀਆਂ, ਇੱਟਾਂ ਦੀਆਂ ਪੱਕੀਆਂ ਛੱਤਾਂ ਵਾਲੇ ਮਕਾਨ ਕੁਝ ਤਾਂ ਦੋ ਜਾਂ ਤਿੰਨ ਮੰਜ਼ਿਲਾਂ ਵਾਲੇ ਹਨ। ਕੁਝ ਘਰਾਂ ਵਿਚ ਲੱਕੜ ਅਤੇ ਟਿਨ ਦਾ ਵੀ ਇਸਤੇਮਾਲ ਕੀਤਾ ਹੈ। ਪਰ ਪਾਣੀ ਦੀ ਸਪਲਾਈ ਦੇ ਕਨੈਕਸ਼ਨ ਘਰਾਂ ਵਿੱਚ ਮੌਜੂਦ ਨਹੀਂ ਹਨ।

ਆਪਣੇ ਮਾਰਬਲ ਦੇ ਫਰਸ਼ ਵਾਲੇ ਘਰ ਵਿਚ ਬੈਠੇ ਰਾਜੂ ਸਿੰਘ ਕਹਿੰਦੇ ਹਨ, "ਸਾਡਾ ਇਲਾਕਾ ਸ਼ਹਿਰ ਦੇ ਵਪਾਰਕ ਖੇਤਰ ਤੋਂ ਦੂਰ ਹੈ ਤਾਂ ਇਸ ਲਈ ਇਥੋਂ ਹਟਾਉਣ ਦਾ ਇਸ 'ਤੇ ਕੋਈ ਦਬਾਅ ਜਾਂ ਹੰਗਾਮਾ ਨਹੀਂ ਹੈ।" ਹਾਲਾਂਕਿ ਇੱਕ ਘਰ ਵੱਲ ਇਸ਼ਾਰਾ ਕਰਕੇ ਉਹ ਦੱਸਦੇ ਹਨ ਕਿ ਪੰਜਾਬੀ ਕਲੋਨੀ ਵਿਚ ਹਮਲੇ ਤੋਂ ਬਾਅਦ ਇੱਥੇ ਵੀ ਪੈਟਰੋਲ ਬੰਬ ਸੁੱਟਿਆ ਗਿਆ ਸੀ।

ਆਕਾਸ਼ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਨੂੰ ਇੱਥੋਂ ਭਜਾਉਣ ਦੀ ਕੋਸ਼ਿਸ਼ ਇਸ ਲਈ ਕੀਤੀ ਜਾ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਬਾਹਰੀ ਸਮਝਿਆ ਜਾਂਦਾ ਹੈ।

**ਕੀ ਸੋਚਦਾ ਏ ਖਾਸੀ ਭਾਈਚਾਰਾ :** ਖਾਸੀ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਲੈਬੋਕ ਮਾਰੇਂਗਾਰ ਦਾ ਕਹਿਣਾ ਹੈ, "ਨਗਰ ਪਾਲਿਕਾ ਨੇ ਪੰਜਾਬੀ ਲਾਈਨ ਵਿਚ ਰਹਿਣ ਵਾਲੇ ਕਰਮੀਆਂ

ਬਾਕੀ ਸਫ਼ਾ 28 'ਤੇ

## ਕਨਿਸ਼ਕ ਹਵਾਈ ਕਾਂਡ ਸਿੱਖ ਕੌਮ ਨੂੰ ਬਦਨਾਮ ਕਰਨ ਦੀ ਸਾਜਿਸ਼ ਸੀ : ਸਿਮਰਨਜੀਤ ਮਾਨ

**ਫ਼ਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** 23 ਜੂਨ 1985 ਨੂੰ ਹੋਏ ਕਨਿਸ਼ਕ ਹਵਾਈ ਜਹਾਜ਼ ਹਾਦਸੇ ਲਈ ਭਾਰਤੀ ਖ਼ੁਫੀਆ ਏਜੰਸੀਆਂ ਨੂੰ ਜਿੰਮੇਵਾਰ ਦੱਸਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੈਨੇਡਾ ਯੂਨਿਟ ਵਲੋਂ ਕੈਨੇਡਾ ਦੇ ਸਮੁੱਚੇ ਯੂਨਿਟਾਂ ਵਿਚ ਅਫ਼ਸੋਸ ਦਿਹਾੜਾ ਮਨਾਇਆ ਗਿਆ ਹੈ। ਇਸ ਪ੍ਰੋਗਰਾਮ ਦਾ ਸਮਰਥਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ



ਸਿਮਰਨਜੀਤ ਸਿੰਘ ਮਾਨ ਨੇ ਇਕ ਅਖ਼ਬਾਰੀ ਬਿਆਨ ਜਾਰੀ ਕਰਦਿਆਂ ਕਿਹਾ ਜਦੋਂ ਕੈਨੇਡਾ ਵਿਚ 23 ਜੂਨ 1985 ਨੂੰ ਕਨਿਸ਼ਕ ਹਵਾਈ ਜਹਾਜ਼ ਕਾਂਡ ਵਾਪਰਿਆ ਸੀ, ਉਸ ਸਮੇਂ ਸਿੱਖ ਕੌਮ ਦਾ ਸਿੱਖ ਰਾਜ ਖ਼ਾਲਿਸਤਾਨ ਦੀ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਲਈ ਚੱਲ ਰਿਹਾ ਸੰਘਰਸ਼ ਵੀ ਪੂਰਨ ਸਿਖਰਾਂ ਤੇ ਸੀ । ਇੰਡੀਆ ਦੀਆਂ ਖੁਫੀਆ ਏਜੰਸੀਆ ਆਈ.ਬੀ ਅਤੇ ਰਾਅ ਵੱਲੋਂ ਸਿੱਖ ਕੌਮ ਦੇ ਚੱਲ ਰਹੇ ਸੰਘਰਸ਼ ਨੂੰ ਕੌਮਾਂਤਰੀ ਪੱਧਰ ਉਤੇ ਬਦਨਾਮ ਕਰਨ ਹਿੱਤ ਹੀ ਕਨਿਸ਼ਕਾ ਹਵਾਈ ਕਾਂਡ ਕਰਵਾਉਣ ਦੀ ਸਾਜਿਸ਼ ਰਚੀ ਗਈ ਸੀ , ਤਾਂ ਕਿ ਇਸ ਵੱਡੀ ਦੁੱਖਦਾਇਕ ਘਟਨਾ ਨੂੰ ਸਿੱਖ ਕੌਮ ਉਪਰ ਥੋਪ ਕੇ ਖ਼ਾਲਿਸਤਾਨ ਦੇ ਚੱਲ ਰਹੇ ਸੰਘਰਸ਼ ਨੂੰ ਸੱਟ ਮਾਰੀ ਜਾ ਸਕੇ ਅਤੇ ਸਿੱਖ ਕੌਮ ਨੂੰ ਬਦਨਾਮ ਕੀਤਾ ਜਾ ਸਕੇ ਉਨ੍ਹਾਂ ਕਿਹਾ ਕਿ ਜੋ ਸਰਦਾਰ ਸੁਖਮਿੰਦਰ ਸਿੰਘ ਹੰਸਰਾ ਪ੍ਰਧਾਨ ਈਸਟ ਕੈਨੇਡਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਜੋ ਕੈਨੇਡਾ ਦੇ ਸਮੁੱਚੇ ਯੂਨਿਟਾਂ ਵਿਚ ਅਫ਼ਸੋਸ ਦਿਹਾੜਾ ਮਨਾਇਆ ਗਿਆ ਹੈ, ਉਹ ਸਿੱਖ ਕੌਮ ਨੂੰ ਇੰਡੀਅਨ ਖੁਫੀਆ ਏਜੰਸੀਆ ਵੱਲੋਂ ਕੀਤੀ ਗਈ ਸਾਜਿਸ਼ ਤੋਂ ਸੁਚੇਤ ਕਰਨ ਅਤੇ ਇਸ ਵਿਚ ਸਿੱਖ ਕੌਮ ਦੀ ਕਿਸੇ ਤਰ੍ਹਾਂ ਦੀ ਵੀ ਸ਼ਮੂਲੀਅਤ ਨਾ ਹੋਣ ਨੂੰ ਪ੍ਰਤੱਖ ਕਰਨ ਲਈ ਅਤੇ ਉਨ੍ਹਾਂ 329 ਜਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਮਨਾਇਆ ਜਾ ਗਿਆ ਹੈ । ਇਹ ਬਿਲਕੁਲ ਦਰੁੱਸਤ ਅਤੇ ਸਲਾਹੁਣਯੋਗ ਉਦਮ ਹੈ । ਉਨ੍ਹਾਂ ਕਿਹਾ ਕਿ ਇੰਡੀਆ ਦੀਆਂ ਖੁਫੀਆ ਏਜੰਸੀਆਂ ਦੀ ਸਾਜਿਸ਼ ਉਸ ਵੇਲੇ ਪ੍ਰਤੱਖ ਹੋ ਜਾਂਦੀ ਹੈ ਕਿ ਜਦੋਂ ਇਹ ਕਨਿਸ਼ਕ ਹਵਾਈ ਜਹਾਜ਼ ਨੇ ਕੈਨੇਡਾ ਦੀ ਧਰਤੀ ਤੋਂ ਉਡਾਣ ਭਰਨੀ ਸੀ ਤਾਂ ਇਸ ਉਡਾਣ ਵਿਚ ਓਟਾਵਾ ਅਤੇ ਟਰਾਂਟੋ ਦੇ ਇੰਡੀਆਂ ਦੇ ਦੋ ਉੱਚ ਦਰਜੇ ਦੇ ਹਾਈ ਕਮਿਸ਼ਨਰਾਂ ਨੇ ਵੀ ਇੰਡੀਆ ਆਉਣਾ ਸੀ । ਲੇਕਿਨ ਆਖਰੀ ਸਮੇਂ ਤੇ ਉਪਰੋਕਤ ਦੋਵੇ ਇੰਡੀਆਂ ਦੇ ਹਾਈ ਕਮਿਸ਼ਨਰਾਂ ਨੇ ਆਪਣੀਆ ਟਿਕਟਾਂ ਇਸ ਲਈ ਰੱਦ ਕਰਵਾ ਲਈਆ ਸਨ ਕਿਉਂਕਿ ਇਨ੍ਹਾਂ ਨੂੰ ਜਾਣਕਾਰੀ ਸੀ ਕਿ ਇਸ ਜਹਾਜ਼ 'ਚ ਉਡਾਣ ਭਰਨ ਉਪਰੰਤ ਵਿਸਫੋਟ ਹੋਣਾ ਹੈ । ਦੂਸਰਾ ਕੈਨੇਡਾ ਦੀ ਹਕੂਮਤ ਨੇ ਕੈਨੇਡਾ ਵਿਚ ਸਥਿਤ ਦੋ ਇੰਡੀਅਨ ਇਨਟੈਲੀਜੈਂਸ ਅਫ਼ਸਰਾਂ ਨੂੰ ਬਰਖ਼ਾਸਤ ਕਰ ਦਿੱਤਾ ਸੀ, ਜਦੋਂਕਿ ਕੈਨੇਡਾ ਵਿਚ ਅੱਜ ਤੱਕ ਅਜਿਹਾ ਪਹਿਲਾ ਕਦੇ ਨਹੀਂ ਸੀ ਹੋਇਆ, ਕਿਉਂਕਿ ਇਨ੍ਹਾਂ ਇਨਟੈਲੀਜੈਂਸ ਅਫ਼ਸਰਾਂ ਦੀ ਕਨਿਸ਼ਕ ਕਾਂਡ ਵਿਚ ਭੂਮਿਕਾ ਸ਼ੱਕ ਦੇ ਘੇਰੇ ਵਿਚ ਸੀ । ਸ. ਮਾਨ ਨੇ ਇਸ ਸਾਜਿਸ਼ ਦੀ ਸਾਰੇ ਪਹਿਲੂਆਂ ਤੋਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸ. ਤਲਵਿੰਦਰ ਸਿੰਘ ਪਰਮਾਰ ਉਤੇ ਇੰਡੀਆਂ ਦੀਆਂ ਖੁਫੀਆ ਏਜੰਸੀਆਂ ਨੇ ਕਨਿਸ਼ਕ ਕਾਂਡ ਕਰਨ ਦਾ ਦੋਸ਼ ਇਸ ਕਰਕੇ ਲਗਾਇਆ ਸੀ ਕਿ ਕੌਮਾਂਤਰੀ ਪੱਧਰ ਤੇ ਸਿੱਖ ਕੌਮ ਨੂੰ ਬਦਨਾਮ ਕਰਕੇ ਖ਼ਾਲਿਸਤਾਨੀ ਲਹਿਰ ਨੂੰ ਸੱਟ ਮਾਰੀ ਜਾ ਸਕੇ । ਇਥੇ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਬਾਅਦ ਵਿਚ ਸ. ਪਰਮਾਰ ਨੂੰ ਪੰਜਾਬ ਦੇ ਉਸ ਸਮੇਂ ਦੇ ਡੀਜੀਪੀ ਕੇ.ਪੀ.ਐਸ. ਗਿੱਲ ਨੇ ਗ੍ਰਿਫ਼ਤਾਰ ਕਰ ਲਿਆ ਸੀ, ਜਦੋਂਕਿ ਉਸ ਵਕਤ ਹੀ ਕਨਿਸ਼ਕ ਕਾਂਡ ਦੀ ਜਾਂਚ ਕੈਨੇਡਾ ਦੇ ਮੇਜਰ ਕਮਿਸ਼ਨ ਵੱਲੋਂ ਕੀਤੀ ਜਾ ਰਹੀ ਸੀ । ਜਦੋਂ ਸ. ਪਰਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤਾਂ ਕਨਿਸ਼ਕ ਕਾਂਡ ਦੇ ਸੱਚ ਨੂੰ ਸਾਹਮਣੇ ਲਿਆਉਣ ਹਿੱਤ ਅਤੇ ਉਪਰੋਕਤ ਜਾਂਚ ਨੂੰ ਸਹੀ ਦਿਸ਼ਾ ਵੱਲ ਲਿਜਾਣ ਹਿੱਤ ਇੰਡੀਆਂ ਹਕੂਮਤ ਦਾ ਇਹ ਫਰਜ਼ ਬਣਦਾ ਸੀ ਕਿ ਸ. ਪਰਮਾਰ ਨੂੰ ਹਵਾਲਗੀ ਸੰਧੀ ਰਾਹੀ ਕੈਨੇਡਾ ਦੇ ਹਵਾਲੇ ਕੀਤਾ ਜਾਂਦਾ ਅਤੇ ਮੇਜਰ ਜਾਂਚ ਕਮਿਸ਼ਨ ਉਸ ਨੂੰ ਜਾਂਚ ਵਿਚ ਸ਼ਾਮਿਲ ਕਰਦਾ ਪਰ ਦੁੱਖ ਅਤੇ ਅਫ਼ਸੋਸ ਹੈ ਕਿ ਇੰਡੀਆ ਦੇ ਸਾਜਿਸ਼ਕਾਰੀਆਂ ਨੇ ਸ. ਪਰਮਾਰ ਨੂੰ ਇਸ ਲਈ ਕਤਲ ਕਰ ਦਿੱਤਾ ਕਿ ਕਨਿਸ਼ਕ ਕਾਂਡ ਦੀ ਇੰਡੀਆ ਦੀ ਖੁਫੀਆ ਏਜੰਸੀਆਂ ਦੀ ਸਾਜਿਸ਼ ਤੋਂ ਪਰਦਾ ਨਾ ਉੱਠ ਸਕੇ ।

# ਸ਼ਿਲਾਂਗ 'ਚ ਪੰਜਾਬੀਆਂ ਨੂੰ ਉਜਾੜਨ ਦੀਆਂ ਕੋਸ਼ਿਸ਼ਾਂ ਖਿਲਾਫ ਸਿੱਖਾਂ ਦਾ ਰੋਸ ਪ੍ਰਦਰਸ਼ਨ

ਚੰਡੀਗੜ੍ਹ/ਬਿਊਰੋ ਨਿਊਜ਼ : ਸ਼ਿਲਾਂਗ ਦੇ ਪੰਜਾਬੀ ਲੇਨ ਇਲਾਕੇ ਵਿਚ ਰਹਿੰਦੇ ਸਿੱਖਾਂ ਨੇ ਮੇਘਾਲਿਆ ਸਰਕਾਰ ਵਲੋਂ ਉਨ੍ਹਾਂ ਨੂੰ ਉਜਾੜਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਖਿਲਾਫ ਪ੍ਰਦਰਸ਼ਨ ਕੀਤਾ। ਮੇਘਾਲਿਆ ਸਰਕਾਰ ਵਲੋਂ ਸਿੱਖਾਂ ਨੂੰ ਪੰਜਾਬੀ ਲੇਨ ਇਲਾਕੇ ਵਿਚੋਂ ਉਜਾੜ ਕੇ ਕਿਸੇ ਹੋਰ ਜਗ੍ਹਾ ਵਸਾਉਣ ਲਈ ਸਰਵੇ ਕਰਾਇਆ ਜਾ ਰਿਹਾ ਹੈ। ਮੇਘਾਲਿਆ ਦੇ ਮੁੱਖ ਮੰਤਰੀ ਨੇ ਸ਼ਿਲਾਂਗ ਵਿਚ ਹੋਈ ਹਿੰਸਾ ਦੇ ਮੱਦੇਨਜ਼ਰ ਜ਼ਮੀਨੀ ਵਿਵਾਦ ਨੂੰ ਸੁਲਝਾਉਣ ਲਈ ਇਕ ਉੱਚ ਪੱਧਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ ਪਰ ਹੁਣ ਲੱਗ ਰਿਹਾ ਹੈ ਕਿ ਸਰਕਾਰ ਖਾਸੀ ਕਬੀਲੇ ਦੇ ਲੋਕਾਂ ਦੀ ਮੰਗ ਨੂੰ ਪੂਰਾ ਕਰਨ ਲਈ ਸਿੱਖਾਂ ਨੂੰ ਪੰਜਾਬੀ ਲੇਨ ਇਲਾਕੇ ਵਿਚੋਂ ਉਜਾੜਨ ਦੀ ਤਿਆਰੀ ਕਰ ਰਹੀ ਹੈ। ਜ਼ਿਕਰਯੋਗ ਹੈ ਕਿ 31 ਮਈ ਨੂੰ ਇਕ ਸਿੱਖ ਔਰਤ ਦੀ ਸਥਾਨਕ ਬੱਸ ਡਰਾਈਵਰ ਅਤੇ ਕੰਡਕਟਰ ਨਾਲ ਹੋਈ ਤਕਰਾਰ ਤੋਂ ਬਾਅਦ ਖਾਸੀ ਕਬੀਲੇ ਦੇ ਲੋਕਾਂ ਨੇ ਸਿੱਖਾਂ ਖਿਲਾਫ ਵੱਡੇ ਪੱਧਰ 'ਤੇ ਹਿੰਸਾ ਕੀਤੀ ਸੀ ਜਿਸ ਕਾਰਨ ਕੁਝ ਦਿਨ ਕਰਫਿਊ ਵੀ ਲੱਗਿਆ ਰਿਹਾ।





ਸਿੱਖਾਂ ਖਿਲਾਫ ਹੋਈ ਇਸ ਹਿੰਸਾ ਦੀ ਖ਼ਬਰ ਆਉਣ ਤੋਂ ਬਾਅਦ ਪੰਜਾਬ ਸਰਕਾਰ ਨੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਅਗਵਾਈ ਵਿਚ ਇਕ ਚਾਰ ਮੈਂਬਰੀ ਵਫਦ ਸ਼ਿਲੌਂਗ ਭੇਜਿਆ ਸੀ। ਇਸ ਤੋਂ ਇਲਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਬਾਦਲ), ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ ਧੜਾ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਆਪਣੇ ਵਫਦ ਭੇਜੇ ਗਏ ਸਨ। ਪਰ ਇਹਨਾਂ ਵਫਦਾਂ ਦੀ ਪਹੁੰਚ ਦਾ ਕੋਈ ਸਾਰਥਕ ਨਤੀਜਾ ਨਿਕਲਦਾ ਨਜ਼ਰ ਨਹੀਂ ਆ ਰਿਹਾ।

ਸ਼ਿਲਾਂਗ ਦੇ ਪੰਜਾਬੀ ਲੇਨ ਇਲਾਕੇ ਵਿਚ ਬੀਤੀਆਂ ਦੋ ਸਦੀਆਂ ਤੋਂ ਰਹਿ ਰਹੇ 350 ਦੇ ਕਰੀਬ ਸਿੱਖ ਪਰਿਵਾਰਾਂ ਨੂੰ ਲੱਗ ਰਿਹਾ ਹੈ ਕਿ ਸਰਕਾਰ ਉਨ੍ਹਾਂ ਨੂੰ ਇੱਥੋਂ ਉਜਾੜ ਦਵੇਗੀ। ਟਾਈਮਜ਼ ਆਫ ਇੰਡੀਆ ਦੀ ਖ਼ਬਰ ਮੁਤਾਬਿਕ ਜਿਸ ਇਲਾਕੇ ਵਿਚ ਇਹ ਸਿੱਖ ਵਸੋਂ ਰਹਿੰਦੀ ਹੈ ਉਹ ਖਾਸੀ ਕਬੀਲੇ ਦੇ ਸਰਦਾਰ ਵਲੋਂ ਇਹਨਾਂ ਦੇ ਬਜ਼ੁਰਗਾਂ ਨੂੰ ਦਾਨ ਕੀਤੀ ਗਈ ਸੀ।

ਸ਼ਿਲਾਂਗ ਟਾਈਮਜ਼ ਅਖ਼ਬਾਰ ਦੀ ਰਿਪੋਰਟ ਅਨੁਸਾਰ ਸਰਨਾ ਧੜੇ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਸਿੱਖਾਂ ਨੂੰ ਉਜਾੜਨ ਦੀਆਂ ਇਹਨਾਂ ਕੋਸ਼ਿਸ਼ਾਂ ਦਾ ਵਿਰੋਧ ਕੀਤਾ ਹੈ ਤੇ ਸਿੱਖ ਪਰਿਵਾਰਾਂ ਦਾ ਸਮਰਥਨ ਕੀਤਾ ਹੈ।

ਸ਼ਿਲਾਂਗ ਵਿਚ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਜਨਰਲ ਸਕੱਤਰ ਗੁਰਜੀਤ ਸਿੰਘ ਨੇ ਕਿਹਾ, ਅਸੀਂ ਇਸ ਸਰਵੇ ਦਾ ਵਿਰੋਧ ਕਰਦੇ ਹਾਂ ਕਿਉਂਕਿ ਥਾਂ ਤਬਦੀਲੀ ਸਾਨੂੰ ਮਨਜ਼ੂਰ ਨਹੀਂ ਹੈ।' ਉਨ੍ਹਾਂ ਕਿਹਾ ਕਿ ਸ਼ਿਲਾਂਗ ਗਏ ਸਿੱਖ ਵਫਦ ਵਲੋਂ ਵਾਪਿਸ ਚਲੇ ਜਾਣ ਬਾਅਦ ਉਨ੍ਹਾਂ ਨਾਲ ਕੋਈ ਰਾਬਤਾ ਨਹੀਂ ਰੱਖਿਆ ਗਿਆ।

ਹਰੀਜਨ ਪੰਚਾਇਤ ਕਮੇਟੀ ਦੇ ਮੁਖੀ ਬਿੱਲੂ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਵਲੋਂ ਬਣਾਈ ਉੱਚ-ਪੱਧਰੀ ਕਮੇਟੀ ਦੀਆਂ ਤਜ਼ਵੀਜਾਂ ਰੱਦ ਕਰ ਦਿੱਤੀਆਂ ਸਨ। ਉਨ੍ਹਾਂ ਕਿਹਾ, ਕਿ ਪੰਜਾਬੀ ਲੇਨ ਇਲਾਕੇ ਦੇ ਵਾਸ਼ਿੰਦਿਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲੱਭਣ ਲਈ ਮੁੱਖ ਮੰਤਰੀ ਵਲੋਂ ਕੀਤੇ ਜਾ ਰਹੇ ਯਤਨਾਂ ਦਾ ਅਸੀਂ ਸਵਾਗਤ ਕਰਦੇ ਹਾਂ, ਪਰ ਪੰਚਾਇਤ, ਸ਼ਹਿਰ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬੀ ਲੇਨ ਇਲਾਕੇ ਦੇ ਵਾਸ਼ਿੰਦਿਆਂ ਨੂੰ ਕਮੇਟੀ ਵਲੋਂ ਪੇਸ਼ ਕੀਤੀ ਗਈ ਥਾਂ ਤਬਦੀਲੀ ਦੀ ਤਜ਼ਵੀਜ ਪ੍ਰਵਾਨ ਨਹੀਂ ਹੈ।'

## ਨੋਟਬੰਦੀ : ਭਾਜਪਾ ਪ੍ਰਧਾਨ ਅਮਿਤ ਸ਼ਾਹ ਸਣੇ ਹੋਰ ਆਗੂਆਂ ਨੇ ਬਦਲੇ 31,118 ਕਰੋੜ ਦੇ ਪੁਰਾਣੇ ਨੋਟ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਵੱਡੇ ਹਮਲੇ ਦੀ ਮਾਰ ਹੇਠ ਆ ਗਏ ਹਨ। ਮਾਮਲਾ ਨੋਟਬੰਦੀ ਦੌਰਾਨ ਕਾਲੇ ਧਨ ਨੂੰ ਕਥਿਤ ਤੌਰ 'ਤੇ ਚਿੱਟਾ ਕਰਨ ਨਾਲ ਜੁੜਿਆ ਹੈ। ਨੋਟਬੰਦੀ ਦੌਰਾਨ ਸ੍ਰੀ ਸ਼ਾਹ ਅਤੇ ਹੋਰ ਭਾਜਪਾ ਆਗੂਆਂ ਨੇ 31,118 ਕਰੋੜ ਰੁਪਏ ਗੁਜਰਾਤ ਦੇ 11 ਜ਼ਿਲ੍ਹਾ ਕੋਆਪਰੇਟਿਵ ਬੈਂਕਾਂ ਵਿੱਚ ਜਮ੍ਹਾਂ ਕਰਵਾ ਕੇ ਨਵੇਂ ਨੋਟਾਂ 'ਚ ਤਬਦੀਲ ਕਰਾਏ। ਰਾਹੁਲ ਗਾਂਧੀ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਇਨ੍ਹਾਂ ਆਗੂਆਂ ਨੇ ਆਪਣੇ ਕਾਲੇ ਧਨ ਨੂੰ 'ਸਫੇਦ' ਕੀਤਾ। ਇਹ ਖੁਲਾਸਾ ਆਰਟੀਆਈ ਰਾਹੀਂ ਹੋਇਆ ਦੱਸਿਆ ਜਾਂਦਾ ਹੈ।

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਭਾਜਪਾ ਪ੍ਰਧਾਨ ਅਮਿਤ ਸ਼ਾਹ 'ਤੇ ਵਿਅੰਗ ਕੱਸਦਿਆਂ ਉਨ੍ਹਾਂ ਨੂੰ ਤੇਜ਼ੀ ਨਾਲ ਪੁਰਾਣੇ 'ਨੋਟ' ਬਦਲਵਾਉਣ ਲਈ ਮੁਬਾਰਕਬਾਦ ਦਿੱਤੀ ਹੈ। ਉਨ੍ਹਾਂ ਕਿਹਾ ਕਿ ਨੋਟਬੰਦੀ ਦੌਰਾਨ ਸ੍ਰੀ ਸ਼ਾਹ ਅਤੇ ਹੋਰ ਭਾਜਪਾ ਆਗੂਆਂ ਨੇ



31,118 ਕਰੋੜ ਰੁਪਏ ਗੁਜਰਾਤ ਦੇ 11 ਜ਼ਿਲ੍ਹਾ ਕੋਆਪਰੇਟਿਵ ਬੈਂਕਾਂ ਵਿੱਚ ਜਮ੍ਹਾਂ ਕਰਵਾ ਕੇ ਨਵੇਂ ਨੋਟਾਂ 'ਚ ਤਬਦੀਲ ਕਰਾਏ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਇਨ੍ਹਾਂ ਆਗੂਆਂ ਨੇ ਆਪਣੇ ਕਾਲੇ ਧਨ ਨੂੰ 'ਸਫੇਦ' ਕੀਤਾ।

ਸੋਸ਼ਲ ਮੀਡੀਆ 'ਤੇ ਇਕ ਪੋਸਟ ਅਨੁਸਾਰ ਸ੍ਰੀ ਗਾਂਧੀ ਕਹਿ ਰਹੇ ਹਨ, ਕਿ "ਅਮਿਤ ਸ਼ਾਹ ਜੀ ਮੁਬਾਰਕ, ਡਾਇਰੈਕਟਰ ਅਹਿਮਦਾਬਾਦ ਜ਼ਿਲ੍ਹਾ ਕੋਆਪਰੇਟਿਵ ਬੈਂਕ, ਤੁਹਾਡੇ ਬੈਂਕ ਵੱਲੋਂ ਪੁਰਾਣੇ ਨੋਟਾਂ ਨੂੰ ਤੇਜ਼ੀ ਨਾਲ ਨਵੇਂ ਨੋਟਾਂ 'ਚ ਤਬਦੀਲ ਕਰਨ ਦੀ ਰਫ਼ਤਾਰ ਕਾਰਨ ਮਿਲੇ ਪਹਿਲੇ ਪੁਰਸਕਾਰ ਲਈ, ਮੁਬਾਰਕ, ਤੁਸੀਂ ਪੰਜ ਦਿਨਾਂ 'ਚ 750 ਕਰੋੜ ਦੇ ਪੁਰਾਣੇ ਨੋਟ ਬਦਲ ਕੇ ਰਿਕਾਰਡ ਕਾਇਮ ਕੀਤਾ। ਜਦੋਂ ਕਿ ਨੋਟਬੰਦੀ ਦੌਰਾਨ ਕਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਬਰਬਾਦ ਹੋ ਗਈਆਂ। ਤੁਹਾਡੀ ਇਸ ਪ੍ਰਾਪਤੀ ਨੂੰ ਸਲਾਮ।" ਰਾਹੁਲ ਗਾਂਧੀ ਦੀ ਇਹ ਟਿੱਪਣੀ ਆਰਟੀਆਈ ਦੇ 7 ਮਈ ਨੂੰ ਆਏ ਜਵਾਬ ਤੋਂ ਬਾਅਦ ਆਈ। ਅਮਿਤ ਸ਼ਾਹ ਇਸ ਬੈਂਕ ਦੇ ਡਾਇਰੈਕਟਰ ਹਨ ਅਤੇ ਪਹਿਲਾਂ ਚੇਅਰਮੈਨ ਵੀ ਰਹਿ ਚੁੱਕੇ ਹਨ।

# ਕਸ਼ਮੀਰ ਵਾਦੀ 'ਚ ਹੁਣ ਆਮ ਲੋਕਾਂ ਲਈ 'ਬੁਰੇ ਦਿਨ ਆਉਣਗੇ'

**ਚੰਡੀਗੜ੍ਹ : /ਬਿਊਰੋ ਨਿਊਜ਼ :**

ਭਾਰਤੀ ਜਨਤਾ ਪਾਰਟੀ ਨੇ ਜਦੋਂ ਤੋਂ ਜੰਮੂ-ਕਸ਼ਮੀਰ ਵਿਚ ਪੀਡੀਪੀ ਨਾਲੋਂ ਆਪਣਾ ਗਠਜੋੜ ਤੋੜ ਦਿਤਾ ਹੈ, ਉਸ ਦੇ ਤੁਰੰਤ ਮਗਰੋਂ ਕੇਂਦਰੀ ਸੱਤਾ ਬਿਰਾਜਮਾਨ ਉਤੇ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਨੇ ਘਾਟੀ ਵਿਚ ਫ਼ੌਜ ਨੂੰ ਅਤਿਵਾਦ ਦਾ ਸਫ਼ਾਇਆ ਕਰਨ ਦੇ ਆਦੇਸ਼ ਦਿਤੇ ਜਾ ਰਹੇ ਹਨ। ਇਸ ਲਈ ਫ਼ੌਜ ਵਲੋਂ ਸਪੈਸ਼ਲ ਅਪਰੇਸ਼ਨ ਸ਼ੁਰੂ ਵੀ ਕਰ ਦਿਤਾ ਗਿਆ ਹੈ। ਰੱਖਿਆ ਮੰਤਰਾਲੇ ਨੇ ਇਸ ਮਿਸ਼ਨ ਦੇ ਲਈ ਐਨਐਸਜੀ ਦੀ ਟੀਮ ਤਾਇਨਾਤ ਕੀਤੀ ਹੈ ਜੋ ਬੀਐਸਐਫ ਨਾਲ ਮਿਲ ਕੇ ਮਿਸ਼ਨ ਦੀ ਤਿਆਰੀ ਕਰ ਰਹੀ ਹੈ। ਜੇਕੇਐਲਐਫ ਦੇ ਮੁਖੀ ਯਾਸੀਨ ਮਲਿਕ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਜਦਕਿ ਹੁਰੀਅਤ ਕਾਨਫ਼ਰੰਸ ਦੇ ਨਰਮ ਧੜੇ ਦੇ ਪ੍ਰਧਾਨ ਮੀਰਵਾਇਜ਼ ਉਮਰ ਫ਼ਾਰੂਕ ਨੂੰ ਨਜ਼ਰਬੰਦ ਕਰ ਦਿਤਾ ਗਿਆ ਤਾਕਿ ਵੱਖਵਾਦੀ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਨਾ ਕਰ ਸਕਣ। ਪੁਲਿਸ ਦੇ ਅਧਿਕਾਰੀ ਨੇ ਦਸਿਆ ਕਿ ਮਲਿਕ ਨੂੰ ਸਵੇਰੇ ਉਸ ਦੇ ਘਰੋਂ ਹਿਰਾਸਤ ਵਿਚ ਲਿਆ ਗਿਆ। ਉਸ ਨੂੰ ਕੋਠੀਬਾਗ਼ ਪੁਲਿਸ ਥਾਣੇ ਵਿਚ ਰਖਿਆ ਗਿਆ। ਹੁਰੀਅਤ ਕਾਨਫ਼ਰੰਸ ਦੇ ਕੱਟੜਪੰਥੀ ਧੜੇ ਦੇ ਪ੍ਰਧਾਨ ਸਈਅਦ ਅਲੀ ਸ਼ਾਹ ਗਿਲਾਨੀ ਨਜ਼ਰਬੰਦ ਹਨ। ਆਮ ਨਾਗਰਿਕਾਂ ਦੀ ਕਥਿਤ ਤੌਰ 'ਤੇ ਸੁਰੱਖਿਆ ਬਲਾਂ ਦੀ ਗੋਲੀਬਾਰੀ ਵਿਚ ਮੌਤ ਅਤੇ ਪੱਤਰਕਾਰ ਸ਼ੁਜਾਤ ਬੁਖ਼ਾਰੀ ਦੀ ਹੱਤਿਆ ਦੇ ਵਿਰੋਧ ਵਿਚ, ਵੱਖਵਾਦੀਆਂ ਨੇ ਜਾਇੰਟ ਰੈਜ਼ੀਡੈਂਟਸ ਲੀਡਰਸ਼ਿਪ ਦੇ ਬੈਨਰ ਹੇਠ ਹੜਤਾਲ ਕਰਨ ਦਾ ਐਲਾਨ ਕੀਤਾ ਸੀ। ਕੇਂਦਰ ਵਿਚਲੀ ਭਾਜਪਾ ਸਰਕਾਰ ਇਹ ਸਭ ਕੁਝ ਕਰਕੇ ਆਪਣੇ ਆਪ ਨੂੰ ਅਤਿਵਾਦ ਵਿਰੋਧੀ ਦਰਸਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਪੀਡੀਪੀ ਨੂੰ ਅਤਿਵਾਦ ਦਾ ਸਮਰਥਨ ਵਾਲੀ ਪਾਰਟੀ ਦਰਸਾ ਰਹੀ ਹੈ।



ਅਸਲ ਵਿਚ ਜੰਮੂ-ਕਸ਼ਮੀਰ ਇਸ ਸਮੇਂ ਉਸ ਕਾਲੇ ਦੌਰ ਦਾ ਸਾਹਮਣਾ ਕਰ ਰਿਹਾ ਹੈ, ਜਿਸ ਦੀ ਅੱਗ ਵਿਚ ਪੰਜਾਬ ਵੀ ਝੁਲਸ ਚੁੱਕਾ ਹੈ। ਕੇਂਦਰੀ ਰੱਖਿਆ ਮੰਤਰਾਲਾ ਵਲੋਂ ਘਾਟੀ ਵਿਚੋਂ ਅਤਿਵਾਦ ਦਾ ਸਫ਼ਾਇਆ ਕੀਤੇ ਜਾਣ ਦਾ ਐਲਾਨ ਕਰਨ ਤੋਂ ਬਾਅਦ ਉਨ੍ਹਾਂ ਮਾਪਿਆਂ ਦੀ ਚਿੰਤਾਵਾਂ ਵਧ ਗਈਆਂ ਹਨ, ਜਿਨ੍ਹਾਂ ਦੇ ਭਟਕੇ ਹੋਏ ਬੱਚਿਆਂ ਨੇ ਸਰਕਾਰਾਂ ਦੀਆਂ ਨੀਤੀਆਂ ਤੋਂ ਤੰਗ ਆ ਕੇ ਹਥਿਆਰ ਚੁੱਕ ਲਏ ਹਨ। ਕਈ ਬੱਚਿਆਂ ਦੇ ਮਾਪਿਆਂ ਵਲੋਂ ਅਪਣੇ ਭਟਕੇ ਬੱਚਿਆਂ ਨੂੰ ਵਾਪਸ ਮੁੱਖ ਧਾਰਾ ਵਿਚ ਲਿਆਉਣ ਲਈ ਸਰਕਾਰ ਨੂੰ ਉਪਰਾਲੇ ਕੀਤੇ ਜਾਣ ਦੀ ਗੱਲ ਵੀ ਆਖੀ ਜਾ ਰਹੀ ਸੀ। ਘਾਟੀ ਵਿਚੋਂ ਕਥਿਤ 'ਅਤਿਵਾਦ' ਦਾ ਸਫ਼ਾਇਆ ਕਰਨ ਲਈ ਜੰਮੂ-ਕਸ਼ਮੀਰ 'ਚ ਐਨਐਸਜੀ ਦੀ ਟੀਮ ਤਾਇਨਾਤ ਕਰ ਦਿਤੀ ਗਈ ਹੈ, ਜਿਸ ਤੋਂ ਸਾਫ਼ ਜ਼ਾਹਿਰ ਹੈ ਕਿ ਦੇਸ਼ ਦੀ ਸਵਰਗ ਕਿਹਾ ਜਾਣ ਵਾਲਾ ਇਹ ਖੇਤਰ ਫਿਰ ਤੋਂ ਜਹੰਨਮ ਦੀ ਘਾਟੀ ਬਣ ਸਕਦਾ ਹੈ। ਸਵਾਲ ਇਹ ਪੈਦਾ ਹੁੰਦਾ ਹੈ, ਕੀ ਪੰਜਾਬ ਵਾਂਗ ਹੁਣ ਇਥੇ ਵੀ ਹਰ ਉਸ ਵਿਅਕਤੀ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਵੇਗਾ ਜੋ ਅਪਣੇ ਹੱਕਾਂ ਲਈ ਉਚੀ ਆਵਾਜ਼ ਵਿਚ ਨਾਅਰਾ ਲਾਵੇਗਾ ? ਕਾਫ਼ੀ ਲੰਮੇ ਤੋਂ ਇਹ ਮੰਗ ਉਠਦੀ ਆ ਰਹੀ ਹੈ ਕਿ ਘਾਟੀ ਵਿਚੋਂ ਫ਼ੌਜ ਨੂੰ ਵੱਧ ਅਧਿਕਾਰ ਦੇਣ ਵਾਲਾ ਕਾਨੂੰਨ ਅਫਸਪਾ ਹਟਾਇਆ ਜਾਵੇ ਪਰ ਲੋਕਾਂ ਦੀ ਇਸ ਮੰਗ ਵੱਲ ਕਦੇ ਵੀ ਗੌਰ ਨਹੀਂ ਕੀਤਾ ਗਿਆ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਅਤਿਵਾਦੀ ਮੁਠਭੇੜਾਂ ਦੌਰਾਨ ਆਮ ਨਾਗਰਿਕਾਂ ਨੂੰ ਮਾਰੇ ਜਾਣ ਦੀ ਰੱਤੀ ਭਰ ਵੀ ਪ੍ਰਵਾਹ ਨਹੀਂ ਕੀਤੀ ਗਈ। ਇਸ ਨਾਲ ਘਾਟੀ ਦੇ ਲੋਕਾਂ ਦਾ ਰੋਹ ਹੋਰ ਜ਼ਿਆਦਾ ਭੜਕਦਾ ਗਿਆ ਅਤੇ ਅੱਜ ਹਾਲਾਤ ਇਹ ਬਣ ਗਏ ਹਨ ਕਿ ਇਹ ਲੜਾਈ ਆਮ ਨਾਗਰਿਕ ਅਤੇ ਫ਼ੌਜ ਵਿਚਾਲੇ ਹੋ ਗਈ ਹੈ। ਹੁਣ ਜੇਕਰ ਇਥੇ ਅਤਿਵਾਦ ਦੇ ਸਫ਼ਾਏ ਲਈ ਕੋਈ ਅਪਰੇਸ਼ਨ ਚਲਾਇਆ ਗਿਆ ਤਾਂ ਖ਼ਦਸ਼ਾ ਹੈ ਕਿ ਘਾਟੀ ਵਿਚਲੇ ਹਾਲਾਤ ਸੁਧਰਨ ਦੀ ਬਜਾਏ ਹੋਰ ਖ਼ਰਾਬ ਹੋ ਸਕਦੇ ਹਨ।

ਹਕੀਕਤ ਇਹ ਹੈ ਕਿ ਪੀਡੀਪੀ ਦੀ ਨੇਤਾ ਮਹਿਬੂਬਾ ਮੁਫ਼ਤੀ ਨਹੀਂ ਚਾਹੁੰਦੀ ਕਿ ਉਸ ਦੇ ਸੂਬੇ ਦੇ ਭਟਕੇ ਹੋਏ ਨੌਜਵਾਨਾਂ 'ਤੇ ਇਸ ਤਰ੍ਹਾਂ ਦੀ ਕਾਰਵਾਈ ਹੋਵੇ ਬਲਕਿ ਉਹ ਕੇਂਦਰ ਦੀ ਭਾਜਪਾ ਤੋਂ ਅਜਿਹਾ ਉਪਰਾਲਾ ਚਾਹੁੰਦੀ ਸੀ ਜਿਸ ਨਾਲ ਭਟਕੇ ਹੋਏ ਨੌਜਵਾਨ ਮੁੜ ਮੁੱਖ ਧਾਰਾ ਵਿਚ ਪਰਤ ਆਉਣ। ਭਾਜਪਾ ਅਤਿਵਾਦੀਆਂ ਦਾ ਸਫ਼ਾਇਆ ਚਾਹੁੰਦੀ ਹੈ, ਭਾਵੇਂ ਇਹ ਕੰਮ ਉਸ ਨੂੰ ਗਠਜੋੜ ਤੋੜ ਕੇ ਹੀ ਕਿਉਂ ਨਾ ਕਰਨਾ ਪਵੇ। ਭਟਕੇ ਹੋਏ ਨੌਜਵਾਨਾਂ ਨੂੰ ਵਾਪਸ ਲਿਆਉਣ ਦੀ ਸੋਚ ਚੰਗੀ ਹੈ। ਇਸ ਦਾ ਮਤਲਬ ਇਹ ਕਦੇ ਵੀ ਨਹੀਂ ਲਿਆ ਜਾ

ਬਾਕੀ ਸਫ਼ਾ 28 'ਤੇ

# ਟਰੈਵਲ ਏਜੰਟਾਂ ਰਾਹੀਂ ਅਮਰੀਕਾ ਨੂੰ ਆਏ ਛੇ ਪੰਜਾਬੀ ਨੌਜਵਾਨ ਲਾਪਤਾ

**ਜਲੰਧਰ/ਬਿਊਰੋ ਨਿਊਜ਼ :**
ਲਗਪਗ ਇਕ ਸਾਲ ਪਹਿਲਾਂ ਦੋ ਟਰੈਵਲ ਏਜੰਟਾਂ ਰਾਹੀਂ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਪੁੱਜਣ ਦੀ ਕੋਸ਼ਿਸ਼ ਦੌਰਾਨ 'ਭੇਤਭਰੇ ਹਾਲਾਤ' ਵਿਚ ਲਾਪਤਾ ਹੋਏ ਪੰਜਾਬ ਦੇ ਛੇ ਨੌਜਵਾਨਾਂ ਦੇ ਪਰਿਵਾਰ ਹੁਣ ਵਿਲਕ ਰਹੇ ਹਨ। ਇਨ੍ਹਾਂ ਨੌਜਵਾਨਾਂ ਨੂੰ ਕਥਿਤ ਤੌਰ 'ਤੇ 27 ਮਈ 2017 ਨੂੰ ਭਾਰਤ ਤੋਂ ਬਹਾਮਾਸ ਲਿਜਾਇਆ ਗਿਆ ਸੀ ਤੇ ਉੱਥੋਂ ਟਰੈਵਲ ਏਜੰਟ ਉਨ੍ਹਾਂ ਨੂੰ ਫ੍ਰੀਪੋਰਟ ਤੱਕ ਪਹੁੰਚਾਉਣ ਵਿਚ ਕਾਮਯਾਬ ਹੋ ਗਏ ਸਨ। ਉੱਥੇ ਪਹੁੰਚਣ ਤੋਂ ਬਾਅਦ ਉਹ ਭੇਤਭਰੇ ਢੰਗ ਨਾਲ ਲਾਪਤਾ ਹੋ ਗਏ ਤੇ ਉਨ੍ਹਾਂ ਦਾ ਕੋਈ ਖੁਰਾ ਖੋਜ ਨਹੀਂ ਲੱਭ ਰਿਹਾ ਤੇ ਹੁਣ ਏਜੰਟਾਂ ਨੇ ਵੀ ਪੱਲਾ ਝਾੜ ਦਿੱਤਾ ਹੈ।


ਪੀੜਤ ਸਰਬਜੀਤ ਦੇ ਦਾਦਾ-ਦਾਦੀ ਅਤੇ ਮਾਂ ਮੁਕੇਰੀਆਂ ਤਹਿਸੀਲ ਦੇ ਪਿੰਡ ਪਰੀਕਾ ਵਿਚ ਉਸ ਦੀ ਤਸਵੀਰ ਦਿਖਾਉਂਦੇ ਹੋਏ।

ਇਨ੍ਹਾਂ ਨੌਜਵਾਨਾਂ ਵਿੱਚ ਮੁਕੇਰੀਆਂ ਨੇੜਲੇ ਪਿੰਡ ਪੁਰੀਕਾ ਦਾ ਸਰਬਜੀਤ ਸਿੰਘ, ਮੁਕੇਰੀਆਂ ਵਾਸੀ ਇੰਦਰਜੀਤ ਸਿੰਘ, 30 ਸਾਲਾ ਜਸਵਿੰਦਰ ਸਿੰਘ ਜੋ ਇਕ ਬੱਚੀ ਦਾ ਬਾਪ ਹੈ, ਗੁਰਦਾਸਪੁਰ ਜ਼ਿਲੇ ਵਿਚ ਬਿਆਨਪੁਰ ਪਿੰਡ ਦਾ ਵਸਨੀਕ ਅਮਨਦੀਪ ਸਿੰਘ, ਭੁਲੱਥ ਨੇੜਲੇ ਮਾਨਾਂ ਤਲਵੰਡੀ ਦਾ ਨਵਦੀਪ ਸਿੰਘ ਅਤੇ ਕਪੂਰਥਲਾ ਜ਼ਿਲੇ ਦੇ ਭੰਡਾਲ ਦੋਨਾ ਦਾ ਵਾਸੀ ਜਸਪ੍ਰੀਤ ਸਿੰਘ ਸ਼ਾਮਲ ਹਨ। ਜਸਵਿੰਦਰ ਨੂੰ ਛੱਡ ਕੇ ਬਾਕੀ ਪੰਜ ਨੌਜਵਾਨਾਂ ਦੀ ਉਮਰ 21 ਤੋਂ 23 ਸਾਲਾਂ ਵਿਚਕਾਰ ਹੈ। ਇਨ੍ਹਾਂ ਮੁੰਡਿਆਂ ਨਾਲ ਆਖਰੀ ਵਾਰ 2 ਅਗਸਤ 2017 ਨੂੰ ਬਹਾਮਾਸ ਨੇੜਲੇ ਫ੍ਰੀਪੋਰਟ ਟਾਪੂ ਤੋਂ ਫੋਨ 'ਤੇ ਗੱਲ ਹੋਈ ਸੀ। ਉਸ ਤੋਂ ਬਾਅਦ ਉਨ੍ਹਾਂ ਨਾਲ ਰਾਬਤਾ ਖਤਮ ਹੋ ਗਿਆ ਸੀ ਤੇ ਉਨ੍ਹਾਂ ਨੂੰ ਭਿਜਵਾਉਣ ਵਾਲੇ ਟਰੈਵਲ ਏਜੰਟ ਵੀ ਰੂਪੋਸ਼ ਹੋ ਗਏ ਜਦਕਿ ਪਹਿਲਾਂ ਉਹੀ ਏਜੰਟ ਸਬੰਧਤ ਪਰਿਵਾਰਾਂ ਨੂੰ ਭਰੋਸਾ ਦਿੰਦੇ ਰਹਿੰਦੇ ਸਨ ਕਿ ਉਨ੍ਹਾਂ ਦੇ ਮੁੰਡੇ ਸਹੀ ਸਲਾਮਤ ਅਮਰੀਕਾ ਪਹੁੰਚ ਗਏ ਹਨ। ਲੰਮੀ ਉਡੀਕ ਤੋਂ ਬਾਅਦ ਪੀੜਤ ਪਰਿਵਾਰਾਂ ਵੱਲੋਂ ਲੰਘੀ 7 ਨਵੰਬਰ 2017 ਨੂੰ ਐਫਆਈਆਰ ਦਰਜ ਕਰਾਉਣ ਤੋਂ ਬਾਅਦ ਦੋ ਏਜੰਟ ਸੁਖਵਿੰਦਰ ਤੇ ਨਿੱਕਾ ਫ਼ਰਾਰ ਹੋ ਗਏ ਤੇ ਹੁਣ ਸੁਪਰੀਮ ਕੋਰਟ ਉਨ੍ਹਾਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕਰ ਚੁੱਕੀ ਹੈ।

ਇਨ੍ਹਾਂ ਪਰਿਵਾਰਾਂ ਨੇ ਆਪਣੇ ਫਰਜ਼ੰਦਾਂ ਨੂੰ ਅਮਰੀਕਾ ਦੀ ਧਰਤੀ 'ਤੇ ਭੇਜਣ ਲਈ ਟਰੈਵਲ ਏਜੰਟਾਂ ਨੂੰ 12 ਲੱਖ ਰੁਪਏ ਤੋਂ ਲੈ ਕੇ 35 ਲੱਖ ਰੁਪਏ ਤੱਕ ਅਦਾਇਗੀ ਕੀਤੀ ਸੀ। ਸਰਬਜੀਤ ਸਿੰਘ ਦੇ ਚਚੇਰੇ ਭਰਾ ਗੁਰਪ੍ਰੀਤ ਸਿੰਘ ਨੇ ਕਿਹਾ, ਕਿ " ਸਾਡੇ ਭਰਾਵਾਂ ਨਾਲ ਹੋਈ ਬੀਤੀ ਦਾ ਪਤਾ ਲਾਉਣ ਲਈ ਅਸੀਂ ਦਰ-ਦਰ ਭਟਕ ਰਹੇ ਹਾਂ ਪਰ ਕੋਈ ਵੀ ਸਾਡੀ ਬਾਂਹ ਨਹੀਂ ਫੜਦਾ। ਪੁਲੀਸ ਨੇ ਵੀ ਸਾਡੀ ਮਦਦ ਨਹੀਂ ਕੀਤੀ। ਇਕ ਟਰੈਵਲ ਏਜੰਟ ਦਾ ਮੁਕੇਰੀਆਂ 'ਚ ਹੋਟਲ ਚੱਲ ਰਿਹਾ ਹੈ ਪਰ ਪੁਲੀਸ ਨੇ ਕਦੇ ਵੀ ਉਨ੍ਹਾਂ ਤੋਂ ਨਿੱਠ ਕੇ ਪੁੱਛ-ਪੜਤਾਲ ਨਹੀਂ ਕੀਤੀ। "

ਇਹ ਪੁੱਛੇ ਜਾਣ 'ਤੇ ਕਿ ਉਨ੍ਹਾਂ ਦੀ ਨੌਜਵਾਨਾਂ ਨਾਲ ਗੱਲ ਕਿਵੇਂ ਹੁੰਦੀ ਰਹੀ ਤਾਂ ਗੁਰਪ੍ਰੀਤ ਨੇ ਦੱਸਿਆ ਕਿ ਇਕ ਟਰੈਵਲ ਏਜੰਟ ਆਪਣੇ ਫੋਨ ਤੋਂ ਉਨ੍ਹਾਂ ਦੇ ਮੁੰਡਿਆਂ ਨਾਲ ਗੱਲ ਕਰਾਉਂਦਾ ਸੀ। ਸਾਰੇ ਮੁੰਡਿਆਂ ਨੇ ਦੱਸਿਆ ਸੀ ਕਿ ਉਹ ਫ੍ਰੀਪੋਰਟ ਪਹੁੰਚ ਗਏ ਹਨ ਤੇ ਠੀਕ ਠਾਕ ਹਨ। ਉਨ੍ਹਾਂ ਦੱਸਿਆ ਸੀ ਕਿ ਉਹ ਸਮੁੰਦਰੀ ਰਸਤੇ ਅਮਰੀਕਾ ਵਿਚ ਮਿਆਮੀ ਲਈ ਰਵਾਨਾ ਹੋ ਰਹੇ ਹਨ। ਉਸ ਤੋ ਬਾਅਦ ਉਨਾਂ ਨਾਲ ਕੋਈ ਰਾਬਤਾ ਨਹੀਂ ਹੋ ਸਕਿਆ ਤੇ ਫਿਰ ਏਜੰਟ ਨੇ ਵੀ ਸਾਡਾ ਫੋਨ ਚੁੱਕਣਾ ਬੰਦ ਕਰ ਦਿੱਤਾ। ਗੁਰਪ੍ਰੀਤ ਨੇ ਦੱਸਿਆ ਕਿ ਕੁਝ ਲੋਕਾਂ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਅਮਰੀਕਾ ਵਿਚ ਦਾਖ਼ਲ ਹੋਣ ਸਮੇਂ ਸਰਹੱਦੀ ਗਾਰਡਾਂ ਨੇ ਸਾਡੇ ਮੁੰਡਿਆਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ ਪਰ ਇਸ ਦੀ ਕਿਸੇ ਨੇ ਪੁਸ਼ਟੀ ਨਾ ਕੀਤੀ।

ਸਰਬਜੀਤ ਸਿੰਘ ਦਾ ਪਿਤਾ ਜਰਨੈਲ ਸਿੰਘ ਇਟਲੀ ਵਿਚ ਕੰਮ ਕਰਦਾ ਹੈ ਤੇ ਉਸ ਨੇ ਦੱਸਿਆ ਕਿ ਉਨ੍ਹਾਂ ਅਮਰੀਕਾ ਭਿਜਵਾਉਣ ਵਾਸਤੇ 12 ਲੱਖ ਰੁਪਏ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਟਰੈਵਲ ਏਜੰਟ ਨੇ ਉਨ੍ਹਾਂ ਨੂੰ ਅਮਰੀਕਾ ਵਿੱਚ ਉਸ ਦੇ ਪੁੱਤਰ ਲਈ ਕੰਮ ਲੱਭ ਕੇ ਦਿਵਾਉਣ ਦਾ ਭਰੋਸਾ ਵੀ ਦਿਵਾਇਆ ਸੀ। ਉਨ੍ਹਾਂ ਕਿਹਾ " ਕੰਮ ਤਾਂ ਕੀ ਦੁਆਉਣਾ ਸੀ ਹੁਣ ਸਾਨੂੰ ਆਪਣੇ ਬੱਚੇ ਦੀ ਖ਼ਬਰ ਨਹੀਂ ਮਿਲ ਰਹੀ। " ਸਰਬਜੀਤ ਦੀ ਮਾਂ ਸਤਪਾਲ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਪੁੱਤਰ ਨੂੰ ਸ਼ੁਰੂ ਤੋਂ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਨੂੰ ਲੈ ਕੇ ਸ਼ੰਕੇ ਸਨ ਪਰ ਏਜੰਟਾਂ ਵੱਲੋਂ ਵਾਰ-ਵਾਰ ਭਰੋਸਾ ਦਿਵਾਉਣ ਕਰ ਕੇ ਆਖਰ ਉਹ ਮੰਨ ਗਿਆ ਸੀ।

ਇਹੋ ਜਿਹੀ ਕਹਾਣੀ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਅਬਦੁੱਲ੍ਹਾਪੁਰ ਵਾਸੀ ਗੁਰਵਿੰਦਰ ਸਿੰਘ ਨੇ ਦੱਸੀ ਕਿ ਉਨ੍ਹਾਂ ਦੇ ਪਰਿਵਾਰ ਨੇ ਇੰਦਰਜੀਤ ਸਿੰਘ ਨੂੰ ਅਮਰੀਕਾ ਭਿਜਵਾਉਣ ਲਈ 12 ਲੱਖ ਰੁਪਏ ਟਰੈਵਲ ਏਜੰਟਾਂ ਨੂੰ ਦਿੱਤੇ ਸਨ ਤੇ ਹੁਣ ਉਹ ਉਨ੍ਹਾਂ ਦੇ ਖ਼ੈਰ-ਖ਼ਬਰ ਦੀ ਆਸ 'ਚ ਦਿਨ ਕੱਟ ਰਹੇ ਹਨ।

## ਐਮਰਜੈਂਸੀ ਵੇਲੇ ਇੰਦਰਾ ਗਾਂਧੀ ਹਿਟਲਰ ਤੋਂ ਵੀ ਅੱਗੇ ਨਿਕਲੀ : ਜੇਤਲੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਜਰਮਨ ਦੇ ਤਾਨਾਸ਼ਾਹ ਐਡੌਲਫ ਹਿਟਲਰ ਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਇਕ ਦੂਜੇ ਨਾਲ ਮੇਲਦਿਆਂ ਕਿਹਾ ਕਿ ਦੋਵਾਂ ਨੇ ਜਮਹੂਰੀਅਤ ਨੂੰ ਤਾਨਾਸ਼ਾਹੀ ਵਿਚ ਤਬਦੀਲ ਕੀਤਾ। 'ਦਿ ਐਮਰਜੈਂਸੀ ਰੀਵਿਜ਼ਟਿਡ' ਸਿਰਲੇਖ ਹੇਠ ਲਿਖੇ ਤਿੰਨ ਹਿੱਸਿਆਂ ਵਾਲੇ ਲੇਖ ਦੀ ਦੂਜੀ ਕਿਸ਼ਤ ਵਿਚ ਸ੍ਰੀ ਜੇਤਲੀ ਨੇ ਕਿਹਾ ਸ੍ਰੀਮਤੀ ਗਾਂਧੀ ਭਾਰਤ ਨੂੰ 'ਵੰਸ਼ਵਾਦੀ ਜਮਹੂਰੀਅਤ' ਵਿਚ ਤਬਦੀਲ ਕਰਨ ਦੇ ਯਤਨਾਂ ਦੌਰਾਨ ਹਿਟਲਰ ਤੋਂ ਵੀ ਇਕ ਕਦਮ ਅੱਗੇ ਨਿਕਲ ਗਏ। ਮੰਤਰੀ ਨੇ ਆਪਣੀ ਫੇਸਬੁੱਕ ਪੋਸਟ 'ਤੇ ਹੈਰਾਨੀ ਜ਼ਾਹਰ ਕਰਦਿਆਂ ਲਿਖਿਆ ਕਿ ਐਮਰਜੈਂਸੀ, ਜੋ ਕਿ ਚਾਰ ਦਹਾਕੇ ਪਹਿਲਾਂ 25 ਜੂਨ 1975 ਨੂੰ ਮੁਲਕ 'ਤੇ ਥੋਪੀ ਗਈ ਸੀ, ਦੀ ਪਟਕਥਾ ਕਿਤੇ ਨਾ ਕਿਤੇ 1933 ਵਿਚ ਜੋ ਕੁਝ ਨਾਜ਼ੀ ਜਰਮਨੀ ਵਿਚ ਵਾਪਰਿਆ, ਉਸ ਤੋਂ ਪ੍ਰੇਰਿਤ ਸੀ। ਇਸ ਦੌਰਾਨ ਕੇਂਦਰੀ ਮੰਤਰੀ ਨੇ ਐਮਰਜੈਂਸੀ ਦੌਰਾਨ ਅਕਾਲੀਆਂ ਵੱਲੋਂ ਲਾਏ ਮੋਰਚਿਆਂ ਨੂੰ ਵੀ ਸਲਾਹਿਆ। ਜੇਤਲੀ ਨੇ ਆਪਣੇ ਲੇਖ ਦੀ ਦੂਜੀ ਕਿਸ਼ਤ ਜਿਸ ਦਾ ਸਬ ਟਾਈਟਲ



'ਦਿ ਟਾਇਰਨੀ ਆਫ਼ ਐਮਰਜੈਂਸੀ' ਵਿਚ ਲਿਖਿਆ, 'ਹਿਟਲਰ ਤੇ ਸ੍ਰੀਮਤੀ ਗਾਂਧੀ ਦੋਵਾਂ ਨੇ ਕਦੇ ਵੀ ਸੰਵਿਧਾਨ ਦੇ ਸਰਮਾਏ ਨੂੰ ਰੱਦ ਨਹੀਂ ਕੀਤਾ। ਸ੍ਰੀ ਜੇਤਲੀ ਨੇ ਕਿਹਾ ਕਿ ਕੁਝ ਅਜਿਹੀਆਂ ਚੀਜ਼ਾਂ ਵੀ ਸਨ, ਜਿਨ੍ਹਾਂ ਵਿਚ ਸ੍ਰੀਮਤੀ ਗਾਂਧੀ ਨੇ ਹਿਟਲਰ ਨੂੰ ਵੀ ਪਿਛਾਂਹ ਧੱਕ ਦਿੱਤਾ। ਉਨ੍ਹਾਂ ਅਕਾਲੀਆਂ ਵੱਲੋਂ ਐਮਰਜੈਂਸੀ ਖ਼ਿਲਾਫ਼ ਲਾਏ ਮੋਰਚੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ (ਅਕਾਲੀਆਂ) ਹਰਿਮੰਦਰ ਸਾਹਿਬ ਤੋਂ ਮੋਰਚਾ ਸ਼ੁਰੂ ਕਰਕੇ ਬਾਹਰੋਂ ਗ੍ਰਿਫ਼ਤਾਰੀਆਂ ਦਿੱਤੀਆਂ, ਜਿਸ ਕਰਕੇ ਪੂਰੇ ਦੇਸ਼ ਵਿਚ ਉਨ੍ਹਾਂ ਦਾ ਸਤਿਕਾਰ ਵਧਿਆ। ਇਸ ਮੋਰਚੇ ਨੂੰ ਆਰਐੱਸਐੱਸ, ਜਿਸ 'ਤੇ ਨਾਜਾਇਜ਼ ਪਾਬੰਦੀਆਂ ਆਇਦ ਸਨ, ਨੇ ਵੀ ਆਪਣਾ ਵੱਡਾ ਕੇਡਰ ਮੁਹੱਈਆ ਕਰਵਾਇਆ। ਉਨ੍ਹਾਂ ਸੰਜੇ ਗਾਂਧੀ ਦੀ ਭੂਮਿਕਾ ਬਾਰੇ ਲਿਖਿਆ ਕਿ ਕਿਵੇਂ ਸੰਜੇ ਨੇ ਕਾਂਗਰਸ ਦੀ ਰਾਜਨੀਤੀ ਉਪਰ ਕਬਜ਼ਾ ਕੀਤਾ ਤੇ ਯੂਥ ਕਾਂਗਰਸ ਆਪਣੇ ਆਪ ਵਿਚ ਕਾਨੂੰਨ ਬਣ ਗਈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੇਤਲੀ ਦੇ ਬਲੌਗ ਨੂੰ ਆਪਣੇ ਟਵਿੱਟਰ ਹੈਂਡਲ 'ਤੇ ਸਾਂਝਾ ਕਰਦਿਆਂ ਕਿਹਾ, "ਅਰੁਣ ਜੇਤਲੀ ਨੇ ਐਮਰਜੈਂਸੀ ਦੇ ਕਾਲੇ ਦਿਨਾਂ ਬਾਰੇ ਲਿਖਿਆ ਹੈ। ਕਿਵੇਂ ਐਮਰਜੈਂਸੀ ਨੇ ਸਾਡੇ ਸੰਵਿਧਾਨਕ ਆਦਰਸ਼ਾਂ 'ਤੇ ਹੱਲਾ ਬੋਲਿਆ। ਇਸ ਬਲੌਗ ਨੂੰ ਜ਼ਰੂਰ ਪੜ੍ਹੋ।"
ਉਧਰ ਕੇਂਦਰੀ ਮੰਤਰੀ ਮੁਖ਼ਤਾਰ ਅੱਬਾਸ ਨਕਵੀ ਨੇ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਥੋਪੀ ਐਮਰਜੈਂਸੀ ਨੂੰ ਭਾਰਤੀ ਜਮਹੂਰੀਅਤ 'ਤੇ 'ਸਭ ਤੋਂ ਵੱਡਾ ਧੱਬਾ' ਦੱਸਦਿਆਂ ਕਿਹਾ ਕਿ ਐਮਰਜੈਂਸੀ ਬਾਰੇ ਇਕ ਅਧਿਆਏ ਪਾਠ ਪੁਸਤਕਾਂ ਵਿਚ ਸ਼ਾਮਲ ਕੀਤਾ ਜਾਵੇ ਤਾਂ ਕਿ ਨੌਜਵਾਨ ਪੀੜ੍ਹੀ ਨੂੰ ਐਮਰਜੈਂਸੀ ਦੇ ਅਰਸੇ ਦੌਰਾਨ ਕੀਤੇ 'ਜ਼ੁਲਮਾਂ' ਬਾਰੇ ਚਾਨਣਾ ਹੋ ਸਕੇ।

# ਜੰਮੂ ਕਸ਼ਮੀਰ ਦਾ ਸੰਕਟ ਤੇ ਭਾਜਪਾ ਦੀ ਹਿਟਲਰਵਾਦੀ ਸੋਚ

**ਰਜਿੰਦਰ ਸਿੰਘ ਪੁਰੇਵਾਲ**

ਜੰਮੂ ਕਸ਼ਮੀਰ 'ਚ ਤਕਰੀਬਨ ਸਾਢੇ ਤਿੰਨ ਸਾਲ ਤੱਕ ਆਪਸੀ ਟਕਰਾਰ ਨਾਲ ਸਰਕਾਰ ਚਲਾਉਣ ਦੇ ਬਾਅਦ ਭਾਜਪਾ ਤੇ ਪੀਡੀਪੀ ਦਾ ਸਿਧਾਂਤਹੀਣ ਗੱਠਜੋੜ ਆਖਰ ਟੁੱਟ ਗਿਆ। ਜੰਮੂ ਕਸ਼ਮੀਰ ਵਿੱਚ ਭਾਜਪਾ ਵੱਲੋਂ ਹਮਾਇਤ ਵਾਪਸ ਲੈਣ ਤੋਂ ਬਾਅਦ ਤਿੰਨ ਸਾਲ ਪੁਰਾਣੀ ਪੀਡੀਪੀ-ਭਾਜਪਾ ਸਰਕਾਰ ਡਿੱਗ ਪਈ। ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਰਾਮ ਮਾਧਵ ਦਾ ਕਹਿਣਾ ਸੀ ਕਿ ਰਾਜ ਵਿੱਚ ਗੱਠਜੋੜ ਸਰਕਾਰ ਵਿੱਚ ਭਾਜਪਾ ਦਾ ਬਣੇ ਰਹਿਣਾ ਨਾਮੁਮਕਿਨ ਹੋ ਗਿਆ ਸੀ। ਹਮਾਇਤ ਵਾਪਸ ਲੈਣ ਦਾ ਫ਼ੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਲਿਆ ਗਿਆ । ਉਨ੍ਹਾਂ ਕਸ਼ਮੀਰ ਵਾਦੀ ਵਿੱਚ ਸੁਰੱਖਿਆ ਦੀ ਸਥਿਤੀ ਵਿਚ ਸੁਧਾਰ ਨਾ ਹੋ ਸਕਣ ਲਈ ਪੀਡੀਪੀ ਨੂੰ ਕਸੂਰਵਾਰ ਠਹਿਰਾਇਆ। ਨੈਸ਼ਨਲ ਕਾਨਫਰੰਸ ਦੇ ਨੇਤਾ ਤੇ ਸਾਬਕਾ ਮੁੱਖ ਮੰਤਰੀ ਉਮਰ ਫ਼ਾਰੂਕ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਖ਼ਾਹਿਸ਼ ਸੀ ਕਿ ਮਹਿਬੂਬਾ ਮੁਫ਼ਤੀ ਆਪ ਅਸਤੀਫ਼ਾ ਦਿੰਦੇ ਨਾ ਕਿ ਭਾਜਪਾ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿੱਚਦੀ।

ਪੀਪਲਜ਼ ਡੈਮੋਕਰੈਟਿਕ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਤਾਕਤ ਦੇ ਦਿਖਾਵੇ ਭਰੀ ਫ਼ੌਜੀ ਪਹੁੰਚ ਜੰਮੂ ਕਸ਼ਮੀਰ ਵਿੱਚ ਕੰਮ ਨਹੀਂ ਕਰੇਗੀ ਸਗੋਂ ਸੁਲ੍ਹਾ-ਸਫ਼ਾਈ ਦਾ ਰਾਹ ਹੀ ਸੁਖਾਵੇਂ ਹਾਲਾਤ ਲਿਆ ਸਕਦਾ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਜੰਮੂ ਕਸ਼ਮੀਰ ਨੂੰ ਦੁਸ਼ਮਣ ਖਿੱਤੇ ਦੀ ਨਜ਼ਰ ਤੋਂ ਦੇਖਦੇ ਹਨ। ਧਾਰਾ 370 ਤਹਿਤ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਹਾਸਲ ਹੈ ਤੇ ਅਸੀਂ ਸੰਵਿਧਾਨ ਦੀ ਧਾਰਾ 370 ਤੇ 35-ਏ ਉੱਤੇ ਪੂਰਾ ਪਹਿਰਾ ਦਿੱਤਾ ਹੈ।

ਇਸ ਤਰ੍ਹਾਂ ਖਾੜਕੂਵਾਦ ਨਾਲ ਗ੍ਰਸਿਆ ਇਹ ਸੂਬਾ ਗਵਰਨਰੀ ਰਾਜ ਵੱਲ ਵਧਦਾ ਦਿਖਾਈ ਦੇ ਰਿਹਾ ਹੈ। ਨਵੰਬਰ-ਦਸੰਬਰ 2014 ਵਿਚ ਵਿਧਾਨ ਸਭਾ ਦੀਆਂ 87 ਸੀਟਾਂ ਦੇ ਲਈ ਇੱਥੇ ਚੋਣਾਂ ਹੋਈਆਂ ਸਨ। 28 ਸੀਟਾਂ ਜਿੱਤ ਕੇ ਪੀਡੀਪੀ ਸਭ ਤੋਂ ਵੱਡੀ ਪਾਰਟੀ ਦੇ ਰੂਪ ਵਿਚ ਉਭਰੀ ਸੀ, 25 ਸੀਟਾਂ ਦੇ ਨਾਲ ਭਾਜਪਾ ਦੂਸਰੀ ਵੱਡੀ ਪਾਰਟੀ ਸੀ। ਨੈਸ਼ਨਲ ਕਾਨਫਰੰਸ ਨੂੰ 15, ਕਾਂਗਰਸ ਨੂੰ 12 ਤੇ ਹੋਰਨਾਂ ਦੇ ਖਾਤਿਆਂ ਵਿਚ 7 ਸੀਟਾਂ ਆਈਆਂ ਸਨ। ਆਪਸੀ ਵਿਰੋਧੀ ਵਿਚਾਰਾਂ ਵਾਲੀ ਪੀਡੀਪੀ ਤੇ ਭਾਜਪਾ ਨੇ ਜਦ ਪੀਡੀਪੀ ਨਾਲ ਮਿਲ ਕੇ ਸਰਕਾਰ ਚਲਾਉਣ ਦਾ ਫੈਸਲਾ ਕੀਤਾ, ਉਸੇ ਸਮੇਂ ਇਸ ਦੇ ਭਵਿੱਖ ਨੂੰ ਲੈ ਕੇ ਸੁਆਲ ਖੜੇ ਹੋਣ ਲੱਗੇ ਸਨ। ਹਾਲਾਂਕਿ ਭਾਜਪਾ ਦਾ ਫੈਸਲਾ ਫਾਸ਼ੀਵਾਦੀ ਵੀ ਕਿਹਾ ਜਾ ਰਿਹਾ ਸੀ, ਕਿਉਂਕਿ ਭਾਜਪਾ ਸਰਕਾਰ ਨੂੰ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਚਲਾਉਣਾ ਚਾਹੁੰਦੀ ਸੀ ਤੇ ਅੱਤਵਾਦ ਦੇ ਨਾਮ 'ਤੇ ਕਸ਼ਮੀਰੀ ਨੌਜਵਾਨਾਂ ਦੀ ਨਸਲਕੁਸ਼ੀ ਵੱਲ ਇਸ ਦਾ ਰੁਝਾਨ ਸੀ।

ਜੋ ਪੰਜਾਬ ਵਿਚ ਕਾਂਗਰਸ ਰਾਜ ਦੇ ਦੌਰਾਨ ਸੰਤਾਪ ਦੇ ਦਿਨਾਂ ਦੌਰਾਨ ਬੀਤਿਆ ਉਹੋ ਕੁਝ ਕਸ਼ਮੀਰ ਵਿਚ ਵਾਪਰ ਰਿਹਾ ਹੈ। ਪੈਲੇਟ ਗੰਨਾਂ ਰਾਹੀਂ ਲੋਕਾਂ ਨੂੰ ਅੰਨਾ ਕਰ ਦਿੱਤਾ ਗਿਆ, ਝੂਠੇ ਪੁਲੀਸ ਮੁਕਾਬਲਿਆਂ ਵਿਚ ਲੋਕਾਂ ਨੂੰ ਮਾਰਿਆ ਗਿਆ। ਹੁਣੇ ਜਿਹੇ ਯੂਐਨਓ ਦੀ ਰਿਪੋਰਟ ਵਿਚ ਭਾਰਤ ਸਰਕਾਰ ਦੀਆਂ ਮਨੁੱਖੀ ਅਧਿਕਾਰਾਂ ਬਾਰੇ



ਉਲੰਘਣਾਵਾਂ ਦਾ ਜ਼ਿਕਰ ਕੀਤਾ ਹੈ। ਇਸ ਦਾ ਭਾਵੇਂ ਭਾਰਤ ਸਰਕਾਰ ਨੇ ਵਿਰੋਧ ਕੀਤਾ ਹੈ, ਪਰ ਸੱਚ ਇਹੀ ਹੈ। ਕਸ਼ਮੀਰ ਨੂੰ ਸਟੇਟ ਦੇ ਡੰਡੇ ਦੇ ਨਾਲ ਭਾਰਤ ਨਾਲ ਜੋੜ ਕੇ ਨਹੀਂ ਰੱਖਿਆ ਜਾ ਸਕਦਾ। ਇਸ ਸੰਬੰਧ ਵਿਚ ਗੱਲਬਾਤ ਕਰਨ ਦੀ ਜ਼ਰੂਰਤ ਹੈ। ਇਸ ਵੱਲ ਭਾਰਤ ਸਰਕਾਰ ਨੇ ਕਦੇ ਪਹਿਲ ਨਹੀਂ ਕੀਤੀ। ਭਾਜਪਾ ਭਗਵੀਂ ਰਾਸ਼ਟਰਵਾਦੀ ਪਾਰਟੀ ਹੈ ਤੇ ਸੰਵਿਧਾਨ ਉਸ ਲਈ ਕੋਈ ਅਰਥ ਨਹੀਂ ਰੱਖਦਾ। ਭਾਜਪਾ ਨੂੰ ਚਲਾਉਣ ਵਾਲੇ ਆਰਐਸਐਸ ਦੇ ਪੁਰਾਣੇ ਨੇਤਾਵਾਂ ਗੁਰੂ ਗੋਲਵਲਕਰ, ਸਾਵਰਕਰ ਆਦਿ ਨੂੰ ਪੜ੍ਹ ਲਿਆ ਜਾਵੇ ਤਾਂ ਸਾਫ ਪਤਾ ਲੱਗਦਾ ਹੈ ਕਿ ਇਹ ਹਿੰਦੂਤਵ ਦਾ ਬੋਲਬਾਲਾ ਚਾਹੁੰਦੇ ਹਨ ਤੇ ਬਾਕੀ ਜਾਤੀਆਂ ਤੇ ਕੌਮਾਂ ਨੂੰ ਗੁਲਾਮ ਰੱਖਣਾ ਚਾਹੁੰਦੇ ਹਨ। ਇਸ ਦੇ ਸਬੂਤ ਮੌਜੂਦ ਹਨ ਤੇ ਇਸ ਸਬੰਧੀ ਗਾਹੇ ਬਗਾਹੇ ਲੇਖ ਵੀ ਛਪਦੇ ਰਹਿੰਦੇ ਹਨ। ਅਜਿਹੀ ਸੋਚ ਨਾਲ ਭਾਰਤ ਇਕਮੁੱਠ ਨਹੀਂ ਹੋ ਸਕਦਾ, ਟੁੱਟ ਜ਼ਰੂਰ ਸਕਦਾ ਹੈ। ਭਾਰਤ ਦੀ ਏਕਤਾ ਅਖੰਡਤਾ ਸਰਹੱਦਾਂ ਦੀ ਰਾਖੀ ਵਿਚ ਨਹੀਂ ਪਈ ਤੇ ਨਾ ਹੀ ਫ਼ੌਜੀ ਤਾਕਤ ਨਾਲ ਇਹ ਕੀਤਾ ਜਾ ਸਕਦਾ ਹੈ। ਕਦੇ ਹਿਟਲਰ ਨੇ ਵੀ ਅਜਿਹਾ ਕੀਤਾ ਸੀ ਤਾਂ ਉਹ ਆਪ ਹੀ ਤਬਾਹ ਹੋ ਗਿਆ ਸੀ। ਅੱਜ ਯਹੂਦੀ ਪੂਰੇ ਵਿਸ਼ਵ 'ਤੇ ਰਾਜ ਕਰ ਰਹੇ ਹਨ। ਆਪਣਾ ਦੇਸ ਇਜ਼ਰਾਇਲ ਉਨ੍ਹਾਂ ਨੇ ਸਿਰਜ ਲਿਆ ਹੈ। ਅੱਜ ਸਭ ਤੋਂ ਵੱਡੀ ਇੰਜੀਨੀਅਰ, ਬੁੱਧੀਜੀਵੀ, ਪੱਤਰਕਾਰ, ਡਾਕਟਰ, ਬਿਊਰੋਕ੍ਰੇਟ, ਧਾਰਮਿਕ ਆਗੂ ਉਹੀ ਹੀ ਹਨ ਤੇ ਦੁਨੀਆ ਦੀ ਅਗਵਾਈ ਕਰ ਰਹੇ ਹਨ। ਇਕ ਛੋਟੀ ਜਿਹੀ ਕੌਮ ਨੇ ਆਪਣੀ ਨਸਲਕੁਸ਼ੀ ਕਰਾ ਕੇ ਵੀ ਹਿਟਲਰਵਾਦੀਆਂ ਨੂੰ ਵੱਡੀ ਚੁਣੌਤੀ ਦਿੱਤੀ। ਭਾਵੇਂ ਇਹ ਵੱਖਰੀ ਗੱਲ ਹੈ ਕਿ ਹੁਣ ਇਜ਼ਰਾਇਲੀ ਯਹੂਦੀ ਆਪ ਹਿਟਲਰ ਦੀਆਂ ਲੀਹਾਂ 'ਤੇ ਤੁਰ ਪਏ ਹਨ।

ਜੋ ਕੁਝ ਭਾਜਪਾ ਕਰ ਰਹੀ ਹੈ, ਉਹ ਹਿਟਲਰ ਦੇ ਸਿਧਾਂਤਾਂ ਅਨੁਸਾਰ ਕਰ ਰਹੀ ਹੈ। ਕਸ਼ਮੀਰ ਦੀ ਨੀਤੀ ਇਸੇ ਹਿਟਲਰਵਾਦੀ ਫਲਸਫੇ ਵਿਚੋਂ ਨਿਕਲੀ ਹੈ ਤੇ ਪੰਜਾਬ ਨੂੰ ਆਰਥਿਕ ਤੌਰ 'ਤੇ ਤਬਾਹੀ ਵੱਲ ਲਿਜਾਣਾ ਇਸੇ ਹਿਟਲਰਵਾਦੀ ਨੀਤੀ ਦਾ ਹਿੱਸਾ ਹੈ। ਗਵਰਨਰੀ ਰਾਜ ਕਸ਼ਮੀਰ ਦਾ ਕੁਝ ਨਹੀਂ ਸੰਵਾਰ ਸਕੇਗਾ, ਇਸ ਨਾਲ ਹਿੰਸਾ ਵਧੇਗੀ, ਕਿਉਂਕਿ ਰਾਜਨੀਤਕ ਦਿਸ਼ਾ ਵੱਲ ਕੋਈ ਯਤਨ ਨਹੀਂ ਹੋਣਗੇ। ਇਸ ਨਾਲ ਲੋਕਤੰਤਰ ਨੂੰ ਧੱਕਾ ਪਹੁੰਚੇਗਾ। ਭਾਜਪਾ ਦੀ ਇਹ ਨੀਤੀ ਮਨੁੱਖਤਾ ਲਈ ਖਤਰਨਾਕ ਹੈ ਤੇ ਉਹ ਦੇਸ਼ ਨੂੰ ਵੰਡਣ ਵੱਲ ਤੁਰ ਰਹੀ ਹੈ। ਭਾਜਪਾ ਦਾ ਨਿਸ਼ਾਨਾ ਦੇਸ਼ ਨੂੰ 2019 ਦੌਰਾਨ ਹਿੰਦੂ ਰਾਸ਼ਟਰ ਵੱਲ ਵਧਾਉਣਾ ਹੈ। ਹੁਣੇ ਜਿਹੇ ਭਾਜਪਾ ਮੁਖੀ ਅਮਿਤ ਸ਼ਾਹ ਨੇ ਆਰਐਸਐਸ ਤੋਂ ਮਦਦ ਮੰਗੀ ਹੈ ਕਿ ਉਹ ਇਕੱਲੀ ਚੋਣ ਜਿੱਤਣ ਦੇ ਸਮਰੱਥ ਨਹੀਂ, ਇਸ ਲਈ ਸੰਘ ਨੂੰ ਉਸ ਦੀ ਮਦਦ ਕਰਨੀ ਚਾਹੀਦੀ ਹੈ। ਉੱਤਰ ਪ੍ਰਦੇਸ਼ ਨੂੰ ਤਾਂ ਪੂਰੀ ਤਰ੍ਹਾਂ ਭਾਜਪਾ ਨੇ ਆਰਐਸਐਸ ਨੂੰ ਸੌਂਪ ਦਿੱਤਾ ਹੈ। ਹੁਣ ਸੰਘ ਦੇ ਪ੍ਰਚਾਰਕ ਹੀ ਤੈਅ ਕਰਨਗੇ ਕਿ ਕਿਸ ਚੀਜ਼ 'ਤੇ ਕੌਣ ਉਮੀਦਵਾਰ ਹੋਵੇਗਾ।

ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਲਈ ਭਾਜਪਾ ਬੇਹੱਦ ਚਿੰਤਤ ਹੈ ਤੇ ਇਕ-ਇਕ ਸੀਟ ਦਾ ਹਿਸਾਬ ਰੱਖਣ ਦੀ ਤਿਆਰੀ ਕਰ ਰਹੀ ਹੈ। ਇਸ ਨੀਤੀ ਤਹਿਤ ਭਾਜਪਾ ਨੇ ਆਪਣੇ ਸਾਰੇ ਸਾਂਸਦਾਂ ਦਾ ਰਿਪੋਰਟ ਕਾਰਡ ਬਣਾਉਣ ਦਾ ਫੈਸਲਾ ਕਰ ਲਿਆ ਹੈ। ਇਹ ਰਿਪੋਰਟ ਕਾਰਡ ਭਾਜਪਾ ਨਹੀਂ, ਆਰਐਸਐਸ ਬਣਾਏਗਾ। ਹੁਣ ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਜਪਾ ਦੀ ਹਿੰਦੂ ਰਾਸ਼ਟਰਵਾਦ ਵਾਲੀ ਨੀਤੀ ਕਿਤੇ ਵੀ ਕਾਮਯਾਬ ਨਹੀਂ ਹੋਈ। ਜੇ ਕਾਮਯਾਬ ਹੋਈ ਹੁੰਦੀ ਤਾਂ ਉਹ ਆਰਐਸਐਸ ਦੀ ਸਹਾਇਤਾ ਨਾ ਮੰਗਦੀ ਤੇ ਆਰਐਸਐਸ ਨੇ ਕਾਂਗਰਸ ਦੇ ਸੀਨੀਅਰ ਨੇਤਾ ਪ੍ਰਣਬ ਮੁਖਰਜੀ ਨੂੰ ਆਪਣੇ ਸੰਮੇਲਨ ਵਿਚ ਬੁਲਾ ਕੇ ਸਾਫ਼ ਕੀਤਾ ਹੈ ਕਿ ਪ੍ਰਣਬ ਮੁਖਰਜੀ ਕੋਲੋਂ ਵੀ ਲੋੜ ਪੈਣ 'ਤੇ ਭਾਜਪਾ ਦੀ ਅਗਵਾਈ ਕਰਵਾਈ ਜਾ ਸਕਦੀ ਹੈ ਤੇ ਮੋਦੀ ਸਰਕਾਰ ਦਾ ਜੋ ਗ਼ੈਰ ਜਮਹੂਰੀਅਤ ਦਾ ਅਕਸ ਬਣਿਆ ਹੈ, ਉਸ ਨੂੰ ਖਤਮ ਕਰਨ ਲਈ ਪ੍ਰਣਬ ਮੁਖਰਜੀ ਯੋਗ ਸਾਬਤ ਹੋ ਸਕਦੇ ਹਨ। ਫਿਰ ਉਸ ਤੋਂ ਬਾਅਦ ਭਗਵਾਂ ਏਜੰਡਾ ਪ੍ਰਣਬ ਮੁਖਰਜੀ ਰਾਹੀਂ ਲਿਆਂਦਾ ਜਾ ਸਕਦਾ ਹੈ ਤੇ ਉਹ ਹੁਣ ਨਰਮ ਵਿਚਾਰਧਾਰਾ ਰਾਹੀਂ ਹਿੰਦੂਤਵ ਏਜੰਡਾ ਲਾਗੂ ਕਰਨ ਬਾਰੇ ਸੋਚੇਗੀ। ਆਰਐਸਐਸ ਨੂੰ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਘੱਟ ਗਿਣਤੀਆਂ ਉਸ ਤੋਂ ਦੂਰ ਹੋ ਗਈਆਂ ਹਨ ਤੇ ਮੂਲ ਨਿਵਾਸੀ ਉਸ ਤੋਂ ਨਫ਼ਰਤ ਕਰਨ ਲੱਗ ਪਏ ਹਨ ਤੇ ਇਥੋਂ ਤੱਕ ਭਾਜਪਾ ਵਿਰੋਧੀ ਪਾਰਟੀਆਂ ਨੇ ਆਪਸ ਵਿਚ ਏਕਤਾ ਦਾ ਵੱਡਾ ਮੁਹਾਜ਼ ਸਿਰਜਣ ਦਾ ਫੈਸਲਾ ਲਗਭਗ ਕਰ ਲਿਆ ਹੈ। ਇਸ ਕਰਕੇ ਜੰਮੂ ਕਸ਼ਮੀਰ ਨੂੰ ਫ਼ੌਜੀ ਤਾਕਤ ਰਾਹੀਂ ਭਾਰਤ ਨਾਲ ਜੋੜ ਕੇ ਨਹੀਂ ਰੱਖਿਆ ਜਾ ਸਕਦਾ। ਜੇਕਰ ਇਸ ਵਿਚੋਂ ਭਗਵੀਂ ਸਿਆਸਤ ਭਾਲੀ ਜਾਵੇਗੀ ਤਾਂ ਇਸ ਦੇ ਨਤੀਜੇ ਜਰਮਨੀ ਤੋਂ ਵੱਖਰੇ ਨਹੀਂ ਹੋਣਗੇ। ਭਾਜਪਾ ਜਰਮਨੀ ਦੇ ਹਿਟਲਰ ਦੇ ਰਾਹ ਉਤੇ ਤੁਰਨ ਵਾਲੀ ਨੀਤੀ ਭਾਰਤ ਨੂੰ ਤਬਾਹ ਹੀ ਕਰੇਗੀ।

# ਸਿਆਸਤਦਾਨਾਂ ਦੇ ਥਾਪੜੇ ਕਾਰਨ ਭਾਰਤ 'ਚ ਚੱਲ ਰਿਹਾ ਏ ਮਾਫੀਆ ਰਾਜ

- ਵਿਰੋਧ ਕਰਨ ਵਾਲਿਆਂ ਦੇ ਹੋ ਰਹੇ ਨੇ ਕਤਲ
- ਕਈ ਪੱਤਰਕਾਰ ਮਾਰੇ ਗਏ ਤੇ ਕਈ ਆਵਾਜ਼ ਉਠਾਉਣ ਵਾਲੇ ਸਿਆਸਤਦਾਨਾਂ 'ਤੇ ਹੋਏ ਹਮਲੇ
- ਰਾਜਸਥਾਨ 'ਚ ਪੁਲੀਸ ਮੁਲਾਜ਼ਮ ਨੂੰ ਕੁੱਟ ਕੁੱਟ ਕੇ ਅਧਮੋਇਆ ਕੀਤਾ ਰੇਤ ਮਾਫੀਆ ਨੇ
- ਯੂਪੀ 'ਚ ਟਰੈਕਟ ਹੇਠਾਂ ਐਸਡੀਐਮ ਨੂੰ ਮਾਰਨ ਦੀ ਕੀਤੀ ਗਈ ਕੋਸ਼ਿਸ਼
- ਵਿਧਾਇਕ ਅਮਰਜੀਤ ਸਿੰਘ ਸੰਦੋਆ 'ਤੇ ਰੇਤ ਮਾਫੀਆ ਦਾ ਹਮਲਾ



**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਦੇ ਸਿਆਸਤਦਾਨਾਂ ਤੇ ਭ੍ਰਿਸ਼ਟ ਸੱਤਾਧਾਰੀਆਂ ਕਾਰਨ ਮਾਫੀਆ ਗਰੋਹਾਂ ਦੇ ਹੌਸਲੇ ਵਧੇ ਹੋਏ ਹਨ। ਇਨ੍ਹਾਂ ਮਾਫੀਆ ਗਿਰੋਹਾਂ ਦੇ ਹੌਸਲੇ ਇੰਨੇ ਵਧ ਚੁੱਕੇ ਹਨ ਕਿ ਉਹ ਆਪਣੇ ਰਾਹ ਵਿਚ ਰੁਕਾਵਟ ਬਣਨ ਵਾਲੇ ਕਿਸੇ ਵੀ ਵਿਅਕਤੀ ਦੀ ਹੱਤਿਆ ਤੇ ਉਸ ਨੂੰ ਹੋਰਨਾਂ ਤਰੀਕਿਆਂ ਨਾਲ ਨੁਕਸਾਨ ਪਹੁੰਚਾਉਣ ਤੋਂ ਨਹੀਂ ਝਿਜਕਦੇ। ਇਥੇ ਰੇਤ ਮਾਫੀਆ ਵਲੋਂ ਸਿਰਫ ਇਕ ਮਹੀਨੇ ਵਿਚ ਮਚਾਈ ਗੁੰਡਾਗਰਦੀ ਦੀਆਂ ਮਿਸਾਲਾਂ ਅੱਗੇ ਦਰਜ ਹਨ।

- 21 ਮਈ ਨੂੰ ਮੱਧ ਪ੍ਰਦੇਸ਼ ਦੇ ਭਿੰਡ ਵਿਚ ਰੇਤ ਮਾਫੀਆ ਤੇ ਪੁਲਸ ਦੀ ਗੰਢਤੁੱਪ ਦੀ ਪੜਤਾਲ ਕਰ ਰਹੇ ਪੱਤਰਕਾਰ ਸੰਦੀਪ ਸ਼ਰਮਾ ਨੂੰ ਡੰਪਰ ਨੇ ਕੁਚਲ ਦਿੱਤਾ।
- 02 ਜੂਨ ਨੂੰ ਰਾਜਸਥਾਨ ਵਿਚ ਭਰਤਪੁਰ ਦੀ ਬਜਰੰਗ ਕਾਲੋਨੀ ਵਿਚ ਰੇਤੇ ਨਾਲ ਭਰੀਆਂ ਟਰਾਲੀਆਂ ਲੈ ਕੇ ਜਾ ਰਹੇ ਰੇਤ ਮਾਫੀਆ ਨੇ ਟਰੈਕਟਰ ਚਾੜ੍ਹ ਕੇ ਪੁਲਸ ਟੀਮ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਅਤੇ ਇਕ ਪੁਲਸ ਮੁਲਾਜ਼ਮ ਨੂੰ ਕੁੱਟ-ਕੁੱਟ ਕੇ ਜ਼ਖ਼ਮੀ ਕਰ ਦਿੱਤਾ।
- 02 ਜੂਨ ਨੂੰ ਹੀ ਯੂ. ਪੀ. ਦੇ ਸ਼ਾਹਬਾਦ ਵਿਚ ਰੇਤ ਮਾਈਨਿੰਗ ਮਾਫੀਆ ਨੇ ਸ਼ਰੇਆਮ 3 ਅਕਾਊਂਟੈਂਟਾਂ ਨੂੰ ਲਾਠੀਆਂ ਤੇ ਡੰਡਿਆਂ ਨਾਲ ਦੌੜਾ-ਦੌੜਾ ਕੇ ਕੁੱਟਿਆ।
- 03 ਜੂਨ ਨੂੰ ਯੂ. ਪੀ. ਦੇ ਗੁਨੌਰ ਵਿਚ ਰੇਤ ਮਾਈਨਿੰਗ ਰੋਕਣ ਗਏ ਐੱਸਡੀਐੱਮ. ਨੂੰ ਰੇਤ ਮਾਫੀਆ ਨੇ ਟਰੈਕਟਰ ਨਾਲ ਕੁਚਲ ਕੇ ਮਾਰਨ ਦੀ ਕੋਸ਼ਿਸ਼ ਕੀਤੀ।
- 07 ਜੂਨ ਨੂੰ ਮੱਧ ਪ੍ਰਦੇਸ਼ ਵਿਚ ਮਹਾਰਾਜਪੁਰਾ ਦੇ ਬਹਾਦਰਪੁਰ ਪਿੰਡ ਦੇ ਲੋਕਾਂ ਨੇ ਟਰੈਕਟਰ 'ਤੇ ਤੇਜ਼ ਆਵਾਜ਼ ਵਿਚ ਗਾਣੇ ਵਜਾ ਕੇ ਲੰਘਣ ਵਾਲੇ ਰੇਤ ਮਾਫੀਆ ਨੂੰ ਰੋਕਿਆ ਤਾਂ ਮਾਫੀਆ ਦੇ ਗੁੰਡਿਆਂ ਨੇ ਉਨ੍ਹਾਂ 'ਤੇ ਲਾਠੀਆਂ, ਭਾਲੇ ਅਤੇ ਬੰਦੂਕ ਦੀ ਬੱਟ ਨਾਲ ਹਮਲਾ ਕਰ ਦਿੱਤਾ ਅਤੇ ਲੱਗਭਗ ਇਕ ਦਰਜਨ ਵਿਅਕਤੀਆਂ ਨੂੰ ਜ਼ਖ਼ਮੀ ਕਰ ਕੇ ਭੱਜ ਗਏ।
- 08 ਜੂਨ ਨੂੰ ਯੂ. ਪੀ. ਦੇ ਰਾਮਪੁਰ ਵਿਚ ਕੋਸੀਪੁਰ ਨਦੀ ਦੇ ਤੱਟ 'ਤੇ ਨਾਜਾਇਜ਼ ਮਾਈਨਿੰਗ ਰੋਕਣ ਗਈ ਪੁਲਸ ਟੀਮ 'ਤੇ ਰੇਤ ਮਾਫੀਆ ਨੇ ਕਾਰ ਚੜ੍ਹਾਉਣ ਦੀ ਕੋਸ਼ਿਸ਼ ਕੀਤੀ।
- 12 ਜੂਨ ਨੂੰ ਮੱਧ ਪ੍ਰਦੇਸ਼ ਦੇ 'ਨਿਸਰਪੁਰ' ਵਿਚ ਨਾਜਾਇਜ਼ ਰੇਤਾ ਨਾਲ ਲੱਦੀਆਂ ਟਰੈਕਟਰ-ਟਰਾਲੀਆਂ ਦਾ ਪਿੱਛਾ ਕਰਨ 'ਤੇ ਰੇਤ ਮਾਫੀਆ ਨੇ 'ਨਰਮਦਾ ਬਚਾਓ' ਅੰਦੋਲਨਕਾਰੀਆਂ ਦੀਆਂ 2 ਗੱਡੀਆਂ ਪੱਥਰ ਵਰ੍ਹਾ ਕੇ ਤੋੜ ਦਿੱਤੀਆਂ ਅਤੇ ਇਸ ਦੇ ਕੁਝ ਵਰਕਰਾਂ ਨੂੰ ਜ਼ਖ਼ਮੀ ਕਰ ਦਿੱਤਾ।
- 14 ਜੂਨ ਨੂੰ ਹੋਸ਼ੰਗਾਬਾਦ ਜ਼ਿਲੇ ਵਿਚ ਤੇਜ਼ ਰਫਤਾਰ ਨਾਲ ਜਾ ਰਹੇ ਨਾਜਾਇਜ਼ ਰੇਤਾ ਨਾਲ ਲੱਦੇ ਡੰਪਰ ਨੇ ਇਕ ਮੋਟਰਸਾਈਕਲ ਸਵਾਰ ਨੂੰ ਕੁਚਲ ਦਿੱਤਾ।
- 16 ਜੂਨ ਨੂੰ ਮੱਧ ਪ੍ਰਦੇਸ਼ ਦੇ 'ਮੜਾਈ ਪਿਪਰਸਰਾਂ' ਵਿਚ ਨਾਜਾਇਜ਼ ਰੇਤਾ ਕੱਢ ਰਹੇ ਮਾਫੀਆ ਨੇ ਉਨ੍ਹਾਂ ਨੂੰ ਰੋਕਣ ਗਈ ਐਂਟੀ ਮਾਈਨਿੰਗ ਟੀਮ 'ਤੇ ਹਮਲਾ ਕਰ ਦਿੱਤਾ ਅਤੇ ਉਸ ਦੇ ਕਬਜ਼ੇ ਵਿਚੋਂ ਰੇਤਾ ਨਾਲ ਭਰੇ 9 ਟਰੈਕਟਰ-ਟਰਾਲੀਆਂ ਛੁਡਾ ਕੇ ਲੈ ਗਏ।
- 18 ਜੂਨ ਦੀ ਦੇਰ ਰਾਤ ਨੂੰ ਪੰਜਾਬ ਵਿਚ ਸਿਊਂਕ-ਸ਼ਿਗੀਬਾਲਾ ਸੜਕ 'ਤੇ ਨਾਜਾਇਜ਼ ਮਾਈਨਿੰਗ ਰੋਕਣ ਗਏ ਜੰਗਲਾਤ ਅਧਿਕਾਰੀ ਦਵਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ 'ਤੇ ਰੇਤ ਮਾਫੀਆ ਦੇ ਹਮਲੇ ਵਿਚ ਦਵਿੰਦਰ ਸਿੰਘ ਗੰਭੀਰ ਜ਼ਖ਼ਮੀ ਹੋ ਗਏ। ਉਨ੍ਹਾਂ ਦੇ ਸਿਰ ਦੀ ਹੱਡੀ ਚਾਰ ਜਗ੍ਹਾ ਤੋਂ ਟੁੱਟ ਗਈ।
- 19 ਜੂਨ ਨੂੰ ਬਿਹਾਰ ਦੇ ਇਕ ਪਿੰਡ ਵਿਚ ਇਕ ਖੇਤ ਵਿਚੋਂ ਨਾਜਾਇਜ਼ ਰੇਤਾ ਚੁੱਕਣ ਦਾ ਜ਼ਮੀਨ ਦੇ ਮਾਲਕ ਵਲੋਂ ਵਿਰੋਧ ਕਰਨ 'ਤੇ ਰੇਤ ਮਾਫੀਆ ਦੇ ਮੈਂਬਰਾਂ ਨੇ ਰੇਤਾ ਕੱਢਣ ਲਈ ਪੁੱਟੇ ਟੋਏ ਵਿਚ ਹੀ ਜ਼ਮੀਨ ਦੇ ਮਾਲਕ ਨੂੰ ਧੱਕਾ ਦੇ ਕੇ ਦਫਨ ਕਰ ਦਿੱਤਾ।
- 20 ਜੂਨ ਨੂੰ ਰੇਤ ਮਾਫੀਆ ਨੇ ਮੱਧ ਪ੍ਰਦੇਸ਼ ਦੇ ਛਤਰਪੁਰ ਵਿਚ ਨਦੀ ਕੰਢੇ ਨਾਜਾਇਜ਼ ਮਾਈਨਿੰਗ ਰੋਕਣ ਗਏ ਅਧਿਕਾਰੀਆਂ 'ਤੇ ਹਮਲਾ ਕਰ ਦਿੱਤਾ ਅਤੇ ਜਾਨ ਬਚਾਉਣ ਲਈ ਰਾਮਪੁਰ ਪਿੰਡ ਵਿਚ ਵੜੇ ਅਧਿਕਾਰੀਆਂ 'ਤੇ ਇਕ ਘੰਟੇ ਤਕ ਗੋਲੀਆਂ ਚਲਾਈਆਂ।
- 21 ਜੂਨ ਨੂੰ ਮੱਧ ਪ੍ਰਦੇਸ਼ ਦੇ ਮੁਰੈਨਾ ਵਿਚ ਨਾਜਾਇਜ਼ ਰੇਤਾ ਨਾਲ ਲੱਦੀ ਤੇਜ਼ ਰਫਤਾਰ ਟਰੈਕਟਰ-ਟਰਾਲੀ ਦੇ ਡਰਾਈਵਰ ਨੇ ਪੁਲਸ ਤੋਂ ਬਚਣ ਲਈ ਇਕ ਜੀਪ ਵਿਚ ਟੱਕਰ ਮਾਰ ਦਿੱਤੀ, ਜਿਸ ਨਾਲ ਜੀਪ ਵਿਚ ਸਵਾਰ 15 ਵਿਅਕਤੀਆਂ ਦੀ ਮੌਤ ਹੋ ਗਈ ਤੇ 6 ਹੋਰ ਜ਼ਖ਼ਮੀ ਹੋ ਗਏ।
- 21 ਜੂਨ ਨੂੰ ਹੀ ਪੰਜਾਬ ਦੇ ਨੂਰਪੁਰਬੇਦੀ ਖੇਤਰ ਵਿਚ ਨਾਜਾਇਜ਼ ਰੇਤਾ ਕੱਢਣ ਦਾ ਜਾਇਜ਼ਾ ਲੈਣ ਪਹੁੰਚੇ ਵਿਧਾਇਕ ਅਮਰਜੀਤ ਸਿੰਘ ਸੰਦੋਆ 'ਤੇ ਮਾਫੀਆ ਦੇ ਹਮਲੇ ਵਿਚ ਸ੍ਰੀ ਸੰਦੋਆ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਪੀਜੀਆਈ. ਰੈਫਰ ਕੀਤਾ ਗਿਆ। ਇਸ ਹਮਲੇ ਵਿਚ ਉਨ੍ਹਾਂ ਦਾ ਇਕ ਗੰਨਮੈਨ ਤੇ ਪੀ. ਏ. ਵੀ ਜ਼ਖ਼ਮੀ ਹੋਏ।

ਉਕਤ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਰੇਤ ਮਾਫੀਆ ਦੀਆਂ ਸਰਗਰਮੀਆਂ ਕਿੰਨੀਆਂ ਵਧ ਚੁੱਕੀਆਂ ਹਨ ਤੇ ਇਸ ਨਾਲ ਆਮ ਆਦਮੀ ਹੀ ਨਹੀਂ, ਸਗੋਂ ਪ੍ਰਸ਼ਾਸਨ ਵੀ ਮਾਫੀਆ ਦੇ ਹੱਥਾਂ ਵਿਚ ਬੰਧੂਆ ਬਣ ਕੇ ਰਹਿ ਗਿਆ ਹੈ।

ਕਈ ਜਗ੍ਹਾ ਰੇਤ ਮਾਫੀਆ ਨੇ ਸਬੰਧਿਤ ਮਹਿਕਮਿਆਂ ਵਲੋਂ ਆਪਣੇ ਵਿਰੁੱਧ ਛਾਪਿਆਂ ਦੀ ਅਗਾਊਂ ਸੂਚਨਾ ਪ੍ਰਾਪਤ ਕਰਨ ਲਈ ਆਪਣੀ 'ਖੁਫੀਆ ਪ੍ਰਣਾਲੀ' ਕਾਇਮ ਕਰ ਲਈ ਹੈ ਤੇ ਛਾਪਿਆਂ ਦੀ ਸੂਚਨਾ ਮਿਲਣ 'ਤੇ ਸਮਾਂ ਰਹਿੰਦਿਆਂ ਹੀ ਮੌਕੇ ਤੋਂ ਗਾਇਬ ਹੋ ਜਾਂਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਲੱਗਭਗ ਹਰ ਸੂਬੇ ਵਿਚ ਸਰਗਰਮ ਮਾਫੀਆ ਨੂੰ ਕਿਸੇ ਨਾ ਕਿਸੇ ਰੂਪ ਵਿਚ ਸੱਤਾਧਾਰੀਆਂ ਤੇ ਵੱਡੇ ਪੁਲੀਸ ਅਫ਼ਸਰਾਂ ਦੀ ਸ਼ਹਿ ਪ੍ਰਾਪਤ ਹੈ, ਜਿਨ੍ਹਾਂ ਸਾਹਮਣੇ ਕਾਨੂੰਨ ਬੇਵੱਸ ਹੋ ਕੇ ਰਹਿ ਗਿਆ ਹੈ। ਲਿਹਾਜ਼ਾ ਇਸ ਸਬੰਧ ਵਿਚ ਮਾਫੀਆ ਵਿਰੁੱਧ ਸਖਤ ਮੁਹਿੰਮ ਛੇੜਨ ਦੇ ਨਾਲ-ਨਾਲ ਉਨ੍ਹਾਂ ਨੂੰ ਪਨਾਹ ਦੇਣ ਵਾਲੇ ਸਿਆਸਤਦਾਨਾਂ, ਪੁਲਸ ਮੁਲਾਜ਼ਮਾਂ, ਅਧਿਕਾਰੀਆਂ ਆਦਿ ਦਾ ਪਤਾ ਲਾ ਕੇ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੇ ਬਿਨਾਂ ਇਸ ਸਮੱਸਿਆ ਦਾ ਹੱਲ ਸੰਭਵ ਨਹੀਂ। ਜਦ ਕੁੱਤੀ ਚੋਰਾਂ ਨਾਲ ਰਲੀ ਹੋਵੇ ਤਾਂ ਇਸ ਮੱਸਲੇ ਦਾ ਹੱਲ ਲੱਭਣਾ ਮੁਸ਼ਕਲ ਹੈ। ਪੰਜਾਬ ਇਸ ਸਮੇਂ ਮਾਫੀਆ ਦੀ ਦਹਿਸ਼ਤ ਵਿਚ ਆਇਆ ਹੋਇਆ ਹੈ।

## ਭੂ-ਮਾਫੀਆ ਨੇ ਕੀਤਾ ਪਰਵਾਸੀ ਪੰਜਾਬੀ 'ਤੇ ਹਮਲਾ

**ਤਰਨਤਾਰਨ/ਬਿਊਰੋ ਨਿਊਜ਼ :** ਤਰਨਤਾਰਨ ਦੇ ਥਾਣਾ ਵੈਰੋਵਾਲ ਦੇ ਅਧੀਨ ਆਉਂਦੇ ਪਿੰਡ ਰਾਮਪੁਰਾ ਨਰੋਤਮਪੁਰ ਵਿਚ ਕੁਝ ਭੂ-ਮਾਫੀਆ ਲੋਕਾਂ ਨੇ ਇਕ ਐੱਨਆਰਆਈ 'ਤੇ ਉਸ ਵੇਲੇ ਕਾਤਲਾਨਾ ਹਮਲਾ ਕਰ ਦਿੱਤਾ ਜਦੋਂ ਉਹ ਪਿੰਡ ਵਿਚ ਆਪਣੀ ਪੈਲੀ 'ਤੇ ਫੇਰਾ ਮਾਰਨ ਗਏ ਸਨ। ਜ਼ਖ਼ਮੀ ਐੱਨਆਰਆਈ ਤੇ ਉਸ ਦੇ ਕਰੀਬੀ ਨੂੰ ਤਰਨਤਾਰਨ ਦੇ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਸਵਰਨ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਸਮੇਂ ਤੋਂ ਇੰਗਲੈਂਡ ਵਿਚ ਰਹਿੰਦਾ ਹੈ ਅਤੇ ਉਸ ਦੀ ਪਿੰਡ ਰਾਮਪੁਰਾ ਨਰੋਤਮਪੁਰ ਵਿਚ 9 ਕਿੱਲੇ ਪੈਲੀ ਹੈ ਜੋ ਕਿ ਉਸ ਨੇ ਆਪਣੇ ਕਰੀਬੀ ਜਸਵੰਤ ਸਿੰਘ ਨੂੰ ਵਾਹੁਣ ਲਈ ਦਿੱਤੀ ਹੈ ਪਰ ਪਿੰਡ ਦੇ ਹੀ ਕੁਝ ਭੂ-ਮਾਫੀਆ ਨਾਲ ਸਬੰਧਿਤ ਲੋਕ ਉਸ ਦੀ ਪੈਲੀ ਉਪਰ ਕਬਜ਼ਾ ਕਰਨਾ ਚਾਹੁੰਦੇ ਹਨ। ਇਸ ਦੀ ਸ਼ਿਕਾਇਤ ਉਸ ਨੇ ਕਈ ਵਾਰ ਉੱਚ ਅਧਿਕਾਰੀਆਂ ਕੋਲ ਕੀਤੀ ਹੈ ਪਰ ਕੋਈ ਸੁਣਵਾਈ ਨਹੀਂ ਹੋਈ ਅਤੇ ਉਸ ਨੇ ਇਸੇ ਡਰ ਤੋਂ ਆਪਣੀ ਪੈਲੀ ਦਾ ਅਦਾਲਤ ਤੋਂ ਸਟੇਅ ਆਰਡਰ ਵੀ ਲਿਆ ਹੈ। ਇਸੇ ਦੌਰਾਨ ਜਦੋਂ ਮੈਂ ਤੇ ਮੇਰਾ ਸਾਥੀ ਆਪਣੀ ਪੈਲੀ 'ਤੇ ਫੇਰਾ ਮਾਰਨ ਗਏ ਤਾਂ ਭੂ-ਮਾਫੀਆ ਵਾਲਿਆਂ ਨੇ ਸਾਡੇ 'ਤੇ ਕਾਤਲਾਨਾ ਹਮਲਾ ਕਰ ਦਿੱਤਾ, ਸਾਡੇ ਕੱਕਾਰਾਂ ਦੀ ਬੇਅਦਬੀ ਕੀਤੀ ਗਈ। ਇਸ ਸਬੰਧੀ ਉਨ੍ਹਾਂ ਪੁਲਸ ਨੂੰ ਸੂਚਿਤ ਕੀਤਾ ਪਰ ਕੋਈ ਕਾਰਵਾਈ ਨਹੀਂ ਹੋ ਰਹੀ ਸਗੋਂ ਉਲਟਾ ਦੋਸ਼ੀ ਸਾਨੂੰ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦੇ ਰਹੇ ਹਨ। ਤਰਨਤਾਰਨ ਦੇ ਡੀ.ਐੱਸ.ਪੀ ਸਤਨਾਮ ਸਿੰਘ ਨੇ ਕਿਹਾ ਕਿ ਇਹ ਆਪਸ ਵਿਚ ਰਿਸ਼ਤੇਦਾਰ ਹਨ ਅਤੇ ਇਨ੍ਹਾਂ ਵਿਚ ਜੋ ਝਗੜਾ ਹੋਇਆ ਹੈ ਉਸ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਕੀ ਗਾਂਧੀ ਦੀ ਹੱਤਿਆ ਵਿਚ ਆਰਐਸਐਸ ਦੀ ਭੂਮਿਕਾ ਸੀ ?

*ਵਿਸ਼ੇਸ਼ ਰਿਪੋਰਟ*

**ਪ੍ਰੋ. ਬਲਵਿੰਦਰਪਾਲ ਸਿੰਘ** (ਮੋ. 9815700916)

ਕਾਂਗਰਸ ਦੇ ਸੁਪਰੀਮੋ ਰਾਹੁਲ ਗਾਂਧੀ ਨੇ ਆਰ ਐਸ ਐਸ 'ਤੇ ਦੋਸ਼ ਲਗਾਇਆ ਸੀ ਕਿ ਆਰ ਐਸ ਐਸ ਮਹਾਤਮਾ ਗਾਂਧੀ ਦੇ ਕਤਲ ਦੀ ਜ਼ਿੰਮੇਵਾਰ ਹੈ। ਆਰ ਐਸ ਐਸ ਨੇ ਰਾਹੁਲ ਗਾਂਧੀ ਦੇ ਬਿਆਨ ਨੂੰ ਝੂਠਾ ਕਰਾਰ ਦੇ ਕੇ ਅਦਾਲਤ ਵਿਚ ਮੁਕੱਦਮਾ ਦਰਜ ਕਰਵਾ ਦਿੱਤਾ ਹੈ। ਆਰ ਐਸ ਐਸ ਦਾ ਤਰਕ ਹੈ ਕਿ ਗੋਪਾਲ ਗੋਡਸੇ ਨੂੰ ਆਰ ਐਸ ਐਸ ਨੇ ਕੋਈ ਲਿਖਤੀ ਹਦਾਇਤ ਨਹੀਂ ਦਿੱਤੀ ਕਿ ਜਾ ਕੇ ਗਾਂਧੀ ਨੂੰ ਗੋਲੀ ਮਾਰ ਦਿਓ।

ਭਾਰਤ ਵਿਚ ਗਾਂਧੀ ਦੀ ਹੱਤਿਆ ਦਾ ਪਹਿਲਾ ਯਤਨ 25 ਜੂਨ 1934 ਨੂੰ ਹੋਇਆ ਸੀ। ਜਦ ਉਨ੍ਹਾਂ ਦੀ ਕਾਰ 'ਤੇ ਪੂਨਾ ਵਿਚ ਬੰਬ ਸੁੱਟਿਆ ਗਿਆ। 1944 ਵਿਚ ਇਕ ਵਾਰ ਫਿਰ ਪੰਚਗਨੀ ਵਿਚ ਤਕਰੀਬਨ 20 ਲੜਕੇ ਬੱਸ ਭਰ ਕੇ ਆਏ ਤੇ ਪੂਰਾ ਦਿਨ ਗਾਂਧੀ ਦੇ ਵਿਰੁੱਧ ਨਾਅਰੇ ਲਗਾਉਂਦੇ ਰਹੇ ਤੇ ਫਿਰ ਉਨ੍ਹਾਂ ਦੇ ਨੇਤਾ ਨੱਥੂ ਰਾਮ ਗੋਡਸੇ ਨੇ ਗਾਂਧੀ ਜੀ 'ਤੇ ਛੁਰੇ ਨਾਲ ਹਮਲਾ ਕੀਤਾ। ਪਰ ਉਥੇ ਮੌਜੂਦ ਮਿਲਾਰੇ ਗੁਰੂ ਜੀ ਤੇ ਮਨੀ ਸ਼ੰਕਰ ਪੁਰੋਹਿਤ ਨੇ ਨੱਥੂ ਰਾਮ ਗੋਡਸੇ ਨੂੰ ਫੜ ਲਿਆ। ਪਰ ਉਸ ਦੀ ਕੋਈ ਸ਼ਿਕਾਇਤ ਪੁਲੀਸ ਵਿਚ ਦਰਜ ਨਹੀਂ ਕਰਾਈ ਗਈ। 1944 ਵਿਚ ਗਾਂਧੀ ਜੀ ਦੇ ਵਰਧਾ ਸਥਿਤ ਸੇਵਾਗ੍ਰਾਮ ਆਸ਼ਰਮ ਵਿਚ ਨੱਥੂ ਰਾਮ ਦੇ ਕੋਲੋਂ ਚਾਕੂ ਬਰਾਮਦ ਹੋਇਆ। ਗਾਂਧੀ ਜੀ ਦੇ ਨਿੱਜੀ ਸਕੱਤਰ ਪਿਆਰੇ ਲਾਲ ਇਸ ਬਾਰੇ ਦੱਸਦੇ ਹਨ ਕਿ ਸਵੇਰੇ ਹੀ ਉਨ੍ਹਾਂ ਨੂੰ ਜ਼ਿਲ੍ਹੇ ਦੇ ਐਸ ਪੀ ਨੇ ਸੂਚਨਾ ਦਿੱਤੀ ਸੀ ਕਿ ਸਵੈ ਸੇਵਕ ਗੰਭੀਰ ਸ਼ਰਾਰਤ ਕਰਨਾ ਚਾਹੁੰਦੇ ਹਨ। ਇਹ ਸੁਆਲ ਪੈਦਾ ਹੁੰਦਾ ਹੈ ਕਿ ਸਵੈ ਸੇਵਕ ਕੌਣ ਹੈ, ਜਿਨ੍ਹਾਂ ਦਾ ਜ਼ਿਕਰ ਪਿਆਰੇ ਲਾਲ ਕਰ ਰਹੇ ਹਨ ਤੇ ਉਸ ਸਮੇਂ ਨੱਥੂ ਰਾਮ ਗੋਡਸੇ ਤੇ ਇਨ੍ਹਾਂ ਸਵੈ ਸੇਵਕਾਂ ਵਿਚ ਕੀ ਸੰਬੰਧ ਸੀ ?





ਇਸ ਦੇ ਬਾਅਦ 29 ਜੂਨ 1946 ਨੂੰ ਮੁੰਬਈ ਪੂਨਾ ਦੇ ਵਿਚਕਾਰ ਨਰੇਲ ਦੇ ਕੋਲ ਇਕ ਵੱਡਾ ਸਾਰਾ ਪੱਥਰ ਰੱਖ ਕੇ ਗਾਂਧੀ ਜੀ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਇਕ ਵਾਰ ਗਾਂਧੀ ਜੀ ਨੇ 125 ਸਾਲ ਜੀਉਣ ਦੀ ਇੱਛਾ ਪ੍ਰਗਟਾਈ ਤਾਂ ਗੋਡਸੇ ਨੇ ਆਪਣੇ ਅਖ਼ਬਾਰ ਅਗ੍ਰਹਿਣੀ ਵਿਚ ਇਕ ਜੁਆਬੀ ਲੇਖ ਲਿਖਿਆ ਜਿਸ ਦਾ ਹੈਡਿੰਗ ਸੀ-'ਪਰ ਜੀਣ ਕੌਣ ਦੇਵੇਗਾ' ?

ਗੋਡਸੇ ਦੁਆਰਾ ਗਾਂਧੀ ਜੀ ਦੀ ਹੱਤਿਆ ਨੂੰ ਜਾਇਜ਼ ਠਹਿਰਾਉਣ ਵਾਲਿਆਂ ਦਾ ਮੂਲ ਤਰਕ ਹੈ ਕਿ ਪਾਕਿਸਤਾਨ ਨੂੰ 55 ਕਰੋੜ ਦੇਣ ਦੇ ਮੁੱਦੇ 'ਤੇ ਹੀ ਗੋਡਸੇ ਉਸ ਦੀ ਹੱਤਿਆ ਕਰਨ ਲਈ ਮਜ਼ਬੂਰ ਹੋਇਆ ਸੀ। ਸੁਆਲ ਉਠਦਾ ਹੈ ਕਿ 1944 ਜਾਂ 1946 ਵਿਚ ਇਹ ਮੁੱਦਾ ਕਿਤੇ ਦੂਰ ਦੂਰ ਤਕ ਵਜੂਦ ਵਿਚ ਨਹੀਂ ਸੀ ਤਾਂ ਫਿਰ ਗਾਂਧੀ ਦੀ ਹੱਤਿਆ ਦੇ ਪਿਛੇ ਕੋਈ ਹੋਰ ਕਾਰਨ ਸੀ, ਜਿਸ ਨੂੰ ਚਲਾਕੀ ਨਾਲ ਲੁਕਾ ਲੈਣਾ ਹੀ ਉਨ੍ਹਾਂ ਦੇ ਕਤਲ ਦੀ ਕਾਮਨਾ ਕਰਨ ਵਾਲਿਆਂ ਨੂੰ ਚੰਗਾ ਲੱਗਿਆ ਤੇ ਲੱਗਦਾ ਹੈ ? ਆਰ ਐਸ ਐਸ ਕਦੀ ਸਵੀਕਾਰ ਨਹੀਂ ਕਰਦੀ ਕਿ ਗਾਂਧੀ ਦੀ ਹੱਤਿਆ ਪਿੱਛੇ ਉਸ ਦਾ ਕੋਈ ਹੱਥ ਸੀ। ਆਰ ਐਸ ਐਸ ਦੇ ਤਰਕ ਹੈ ਕਿ ਨੱਥੂ ਰਾਮ ਗੋਡਸੇ ਦੁਆਰਾ ਅਦਾਲਤ ਵਿਚ ਦਿੱਤਾ ਗਿਆ ਬਿਆਨ ਇਸ ਦੋਸ਼ ਨੂੰ ਝੂਠਾ ਸਿੱਧ ਕਰਨ ਦੇ ਲਈ ਕਾਫੀ ਹੈ, ਜਿਸ ਵਿਚ ਗੋਡਸੇ ਨੇ ਕਿਹਾ ਸੀ ਕਿ ਸੰਘ ਨਾਲ ਉਸ ਦਾ ਕੋਈ ਵਾਸਤਾ ਨਹੀਂ ਹੈ। ਸਿਰਫ ਉਹ ਤੇ ਨਾਰਾਇਣ ਹੀ ਗਾਂਧੀ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਸਨ। ਆਰ ਐਸ ਐਸ ਦੇ ਅਨੁਸਾਰ ਖੁਦ ਹੱਤਿਆਰੇ ਨੱਥੂ ਰਾਮ ਗੋਡਸੇ ਵਲੋਂ ਦਿੱਤਾ ਗਿਆ ਇਹ ਬਿਆਨ ਕਾਫੀ ਹੈ ਕਿ ਆਰ ਐਸ ਐਸ ਗਾਂਧੀ ਦੀ ਹੱਤਿਆ ਲਈ ਦੋਸ਼ੀ ਨਹੀਂ। ਆਪਣੇ ਬਿਆਨ ਵਿਚ ਨੱਥੂ ਰਾਮ ਹਿੰਦੂ ਮਹਾਂ ਸਭਾ ਦੇ ਵਿਨਾਇਕ ਦਾਮੋਦਰ ਸਾਵਰਕਰ ਦਾ ਹੱਥ ਹੋਣ ਤੋਂ ਸਾਫ ਮੁਕਰ ਗਿਆ। ਦਰਅਸਲ ਨੱਥੂ ਰਾਮ 'ਤੇ ਦਬਾਅ ਬਣਾਇਆ ਗਿਆ ਸੀ ਕਿ ਅਦਾਲਤੀ ਕਾਰਵਾਈ ਵਿਚ ਉਹ ਹਿੰਦੂ ਮਹਾਂ ਸਭਾ ਤੇ ਆਰ ਐਸ ਐਸ ਦਾ ਬਚਾਅ ਕਰੇ। ਇਸ ਲਈ ਪੂਰੀ ਅਦਾਲਤੀ ਕਾਰਵਾਈ ਦੌਰਾਨ ਉਸ ਨੇ ਗਾਂਧੀ ਦੇ ਕਤਲ ਦੇ ਮੁਕੱਦਮੇ ਵਿਚ ਇਕ ਵਾਰ ਵੀ ਵੀਡੀ ਸਾਵਰਕਰ ਦਾ ਨਾਮ ਨਹੀਂ ਲਿਆ।

ਜਦ ਲਾਲ ਕ੍ਰਿਸ਼ਨ ਅਡਵਾਨੀ ਨੇ ਆਰ ਐਸ ਐਸ ਨੂੰ ਇਸ ਮਾਮਲੇ ਵਿਚ ਕਲੀਨ ਚਿੱਟ ਦੇਣ ਦੀ ਕੋਸ਼ਿਸ਼ ਕੀਤੀ ਤਾਂ ਨੱਥੂ ਰਾਮ ਗੋਡਸੇ ਦਾ ਭਰਾ ਗੋਪਾਲ ਗੋਡਸੇ ਔਖਾ ਹੋ ਗਿਆ ਸੀ। ਗਾਂਧੀ ਵਧ ਨਾਮਕ ਕਿਤਾਬ ਤੇ ਹੋਰ ਕਈ ਜਗ੍ਹਾ ਤੇ ਵੀ ਉਸ ਨੇ ਜ਼ੋਰ ਦੇ ਕੇ ਕਿਹਾ ਕਿ ਉਸ ਦੇ ਵੱਡੇ ਭਰਾ ਨੇ ਕਦੇ ਵੀ ਆਰ ਐਸ ਐਸ ਨਹੀਂ ਛੱਡੀ ਤੇ ਅੰਤ ਤੱਕ ਸੰਘ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਂਦਾ ਰਿਹਾ। ਗੋਪਾਲ ਗੋਡਸੇ ਗਾਂਧੀ ਦੀ ਹੱਤਿਆ ਦੇ ਮਾਮਲੇ ਵਿਚ ਸਹਾਇਕ ਅਪਰਾਧੀ ਸੀ ਤੇ ਉਸ ਦੀ ਇਸ ਕਿਤਾਬ ਨੂੰ ਅੱਜ ਵੀ ਆਰ ਐਸ ਐਸ ਲੋਕਾਂ ਵਿਚਾਲੇ ਮੁਫ਼ਤ ਵੰਡਦੀ ਰਹਿੰਦੀ ਹੈ। ਗੋਪਾਲ ਗੋਡਸੇ ਨੇ 1994 ਵਿਚ ਦਿੱਤੇ ਗਏ ਆਪਣੇ ਇਕ ਇੰਟਰਵਿਊ ਵਿਚ ਕਿਹਾ ਕਿ ਦਰਅਸਲ ਨੱਥੂ ਰਾਮ ਨੇ ਆਰ ਐਸ ਐਸ ਤੇ ਸਾਵਰਕਰ ਤੋਂ ਦੂਰੀ ਇਸ ਲਈ ਬਣਾਈ, ਕਿਉਂਕਿ ਗਾਂਧੀ ਦੀ ਹੱਤਿਆ ਕਾਰਨ ਗੋਲਵਲਕਰ ਤੇ ਆਰ ਐਸ ਐਸ ਕਾਫੀ ਮੁਸੀਬਤ ਵਿਚ ਪੈ ਗਏ ਸਨ।

ਗਾਂਧੀ ਦੀ ਹੱਤਿਆ ਪਿੱਛੇ ਆਰ ਐਸ ਐਸ ਦੇ ਹੱਥ ਹੋਣ ਦੇ ਮਾਮਲੇ ਨੂੰ ਅਦਾਲਤੀ ਕਾਰਵਾਈ 'ਤੇ ਛੱਡਣਾ ਯੋਗ ਹੈ, ਪਰ ਇਤਿਹਾਸਕ ਲਿਖਤਾਂ ਗਾਂਧੀ ਦੀ ਹੱਤਿਆ ਦੇ ਪਿੱਛੇ ਛੁਪੇ ਵਿਚਾਰ ਨੂੰ ਫੜਨ ਵਿਚ ਦਿਲਚਸਪੀ ਰੱਖਦੀਆਂ ਹਨ। ਭਾਰਤੀ ਕਾਨੂੰਨ ਪ੍ਰਣਾਲੀ ਠੋਸ ਸਬੂਤ ਮੰਗਦੀ ਹੈ, ਜਿਸ ਸੰਗਠਨ ਦੀ ਪੂਰੀ ਕਾਰਵਾਈ ਗੁਪਤ ਢੰਗ ਨਾਲ ਚੱਲਦੀ ਹੋਵੇ, ਜਿਸ ਦਾ ਕੋਈ ਮੈਂਬਰਸ਼ਿਪ ਰਜਿਸਟਰ ਨਾ ਹੋਵੇ, ਜਿਸ ਦੀਆਂ ਬੈਠਕਾਂ ਦੀ ਕੋਈ ਲਿਖਤੀ ਕਾਰਵਾਈ ਨਾ ਰੱਖੀ ਜਾਂਦੀ ਹੋਵੇ, ਉਸ ਦੇ ਬਾਰੇ ਲਿਖਤੀ ਤੇ ਠੋਸ ਸਬੂਤ ਮਿਲਣਾ ਲੱਗਭੱਗ ਅਸੰਭਵ ਹੈ। ਆਰ ਐਸ ਐਸ ਤੇ ਨੱਥੂ ਰਾਮ ਗੋਡਸੇ ਦਾ ਕੀ ਸੰਬੰਧ ਹੈ, ਇਸ ਦੇ ਲਈ ਨੱਥੂ ਰਾਮ ਗੋਡਸੇ ਦੀ ਸੰਘ ਮੈਂਬਰਸ਼ਿਪ ਰਸੀਦ ਪੇਸ਼ ਨਹੀਂ ਕੀਤੀ ਜਾ ਸਕਦੀ। 1947-48 ਵਿਚ ਗੋਡਸੇ ਸੰਘ ਦੀ ਕਿਸ ਸ਼ਾਖਾ ਵਿਚ ਜਾਂਦਾ ਸੀ, ਇਸ ਦਾ ਕੋਈ ਸਬੂਤ ਨਹੀਂ ਮਿਲਦਾ। ਪਰ ਗੋਡਸੇ, ਆਰ ਐਸ ਐਸ ਤੇ ਗਾਂਧੀ ਦੀ ਹੱਤਿਆ ਵਿਚ ਬਹੁਤ ਸਾਰੇ ਤਾਰ ਅਜਿਹੇ ਜੁੜੇ ਹਨ, ਜਿਨ੍ਹਾਂ ਕਾਰਨ ਆਰ ਐਸ ਐਸ ਕਟਹਿਰੇ ਵਿਚ ਖੜੀ ਹੁੰਦੀ ਹੈ। ਜਿਵੇਂ ਕਿ ਗੋਪਾਲ ਗੋਡਸੇ ਨੇ ਕਿਹਾ ਕਿ ਤੁਸੀਂ ਕਹਿ ਸਕਦੇ ਹੋ ਆਰ ਐਸ ਐਸ ਨੇ ਕੋਈ ਮਤਾ ਪਾਸ ਨਹੀਂ ਕੀਤਾ ਕਿ ਜਾਓ ਕਿ ਗਾਂਧੀ ਦਾ ਕਤਲ ਕਰ ਦਿਓ। ਪਰ ਆਰ ਐਸ ਐਸ ਗੋਡਸੇ ਤੋਂ ਖੁਦ ਨੂੰ ਅਲੱਗ ਨਹੀਂ ਕਰ ਸਕਦੀ। ਸ਼ੋਸ਼ਲ ਮੀਡੀਆ ਵਿਚ ਗਾਂਧੀ ਦੇ ਵਿਰੁੱਧ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਪ੍ਰਚਾਰ ਕੌਣ ਕਰ ਰਿਹਾ ਹੈ। ਹਾਲਾਂਕਿ ਆਰ ਐਸ ਐਸ ਨੇ ਲਿਖਤੀ ਤੌਰ 'ਤੇ ਕੋਈ ਆਦੇਸ਼ ਜਾਰੀ ਨਹੀਂ ਕੀਤਾ ਤੇ ਗਾਂਧੀ ਦੇ ਵਿਰੁੱਧ ਪ੍ਰਚਾਰ ਕੀਤਾ ਜਾਵੇ। ਪਰ ਇਹ ਪ੍ਰਚਾਰ ਕਰਨ ਵਾਲੇ ਲੋਕ ਆਰ ਐਸ ਐਸ ਦੀ ਵਿਚਾਰਧਾਰਾ ਦੇ ਕੱਟੜ ਸਮਰਥਕ ਹੁੰਦੇ ਹਨ।

ਗਾਂਧੀ ਦੀ ਹੱਤਿਆ ਤੋਂ ਪਹਿਲਾਂ ਤੇ ਬਾਅਦ ਵਿਚ ਆਰ ਐਸ ਐਸ ਦੇ ਦੋ ਅਲੱਗ ਅਲੱਗ ਸੁਰ ਰਹੇ ਹਨ। ਪਹਿਲਾਂ ਤਾਂ ਉਹ ਗੋਲਵਲਕਰ ਦੀ ਅਗਵਾਈ ਵਿਚ ਗਾਂਧੀ ਦੀ ਹੱਤਿਆ ਦਾ

ਬਾਕੀ ਸਫ਼ਾ 28 'ਤੇ

# ਸੌਵੇਂ ਸਾਲ ’ਚ ਪੁੱਜਾ ਜਸਵੰਤ ਸਿੰਘ ਕੰਵਲ

**ਪ੍ਰਿੰ. ਸਰਵਣ ਸਿੰਘ**

ਭਾਈ ਜੋਧ ਸਿੰਘ ਤੇ ਖ਼ੁਸ਼ਵੰਤ ਸਿੰਘ ਸੈਂਕੜਾ ਮਾਰਦੇ ਮਾਰਦੇ ਰਹਿ ਗਏ। ਹੁਣ ਆਸ ਜਸਵੰਤ ਕੰਵਲ ਉੱਤੇ ਹੈ। 27 ਜੂਨ 2018 ਨੂੰ ਉਹਦਾ



ਸੌਵਾਂ ਜਨਮ ਦਿਵਸ ਹੈ। ਉਹ ਇਸ ਵੇਲੇ ਪੰਜਾਬੀ ਦਾ ਸਭ ਤੋਂ ਵੱਡਉਮਰਾ ਲੇਖਕ ਹੈ। ਭਾਈ ਜੋਧ ਸਿੰਘ 31 ਮਈ 1882 ਤੋਂ 4 ਦਸੰਬਰ 1981 ਤਕ 99 ਸਾਲ 6 ਮਹੀਨੇ 4 ਦਿਨ ਜੀਵਿਆ ਸੀ। ਖ਼ੁਸ਼ਵੰਤ ਸਿੰਘ 2 ਫਰਵਰੀ 1915 ਤੋਂ 20 ਮਾਰਚ 2014 ਤਕ 99 ਸਾਲ 1 ਮਹੀਨਾ 18 ਦਿਨ ਜਿਉਂਦਾ ਰਿਹਾ। ਦਰਅਸਲ, ਸੌਵਾਂ ਸਾਲ ਕ੍ਰਿਕਟ ਦੇ ਸੈਂਕੜੇ ਵਾਂਗ ਸੌਵੇਂ ਰਨ ਵਾਂਗ ਹੀ ਰਿਸਕੀ ਹੁੰਦਾ ਹੈ। ਜੇਕਰ ਉਹਦਾ ਸੈਂਕੜਾ ਵੱਜ ਗਿਆ ਤਾਂ ਵਿਸ਼ਵ ਲੇਖਕਾਂ ਵਿੱਚ ਸਾਡੇ ਇਸ ਪੰਜਾਬੀ ਲੇਖਕ ਦਾ ਵਿਸ਼ਵ ਰਿਕਾਰਡ ਹੋਵੇਗਾ! ਕੰਵਲ ਦੀ ਸਿਹਤ ਹਾਲੇ ਕਾਇਮ ਹੈ। ਅੰਦਰਲੇ ਘਰੋਂ ਬਾਹਰਲੇ ਤੇ ਬਾਹਰਲੇ ਘਰੋਂ ਅੰਦਰਲੇ ਘਰ ਗੇੜੇ ਮਾਰਦਾ ਰਹਿੰਦਾ ਹੈ। ਕਦੇ ਕਦੇ ਪਿੰਡ ਦੀ ਫਿਰਨੀ ‘ਤੇ ਤੁਰਿਆ ਜਾਂਦਾ ਆਪਣੇ ਆਪ ਨਾਲ ਗੱਲਾਂ ਕਰਦਾ ਵੀ ਵੇਖਿਆ ਜਾ ਸਕਦਾ ਹੈ। ਹਵਾ ‘ਚ ਹੱਥ ਦੀਆਂ ਉਂਗਲਾਂ ਤਾਣਦਾ ਆਪਣੇ ਜਾਣੇ ਨੁਕਤੇ ਸਿੱਧ ਕਰਦਾ ਲੱਗਦਾ ਹੈ। ਉਹ 1943 ਤੋਂ ਕਿਤਾਬਾਂ ਲਿਖਦਾ ‘ਜੀਵਨ ਕਣੀਆਂ’ ਤੋਂ ‘ਧੁਰ ਦਰਗਾਹ’ ਤਕ ਪਹੁੰਚ ਗਿਆ ਹੈ। ਉਹਦੀਆਂ ਕਿਤਾਬਾਂ ਦਾ ਸੈਂਕੜਾ ਵੀ ਹੋਣ ਵਾਲਾ ਹੈ। ‘ਧੁਰ ਦਰਗਾਹ’ ਦੇ ਸਰਵਰਕ ਉੱਤੇ ਸਤਰਾਂ ਛਪੀਆਂ ਹਨ: ‘ਦਿਲ ਦੇ ਤਾਰਿਓ! ਰੂਹ ਦੇ ਪਿਆਰਿਓ! ਵਿਛੜਨ ਦਾ ਵੇਲਾ ਧੱਕਾ ਦੇ ਕੇ ਆ ਗਿਆ ਏ। ਧੱਕੇ ਮਾਰਦੇ ਮੇਲੇ ਨੇ ਇੱਕ ਦਿਨ ਖਿਲਰਣਾ ਹੀ ਹੈ। ਆਓ ਰਲ ਮਿਲ ਕੇ ਇਸ ਮੇਲੇ ਨੂੰ ਯਾਦਗਾਰੀ ਬਣਾਈਏ। ਯਾਰਾਂ ਦੋਸਤਾਂ, ਪਾਠਕਾਂ, ਲੇਖਕਾਂ ਤੇ ਅਨਾਦੀ ਮੇਲ ਮਿਲਾਪੀਆਂ ਨੂੰ, ਘੁੱਟ ਘੁੱਟ ਜੱਫੀਆਂ ਪਾ ਕੇ ਮਿਲੀਏ ਤੇ ਪਿਆਰ ਦੀਆਂ ਪੱਕੀਆਂ ਲੀਹਾਂ ਨੂੰ ਯਾਦਗਾਰੀ ਬਣਾਈਏ।‘ ਕਿਤਾਬ ਦੇ ਅੰਤ ਵਿੱਚ ਲਿਖਿਆ ਹੈ– ‘ਨਾ ਮਰਿਆ ਨਾ ਜੀਵਿਆ, ਜਸਵੰਤ ਸਿੰਘ ਕੰਵਲ।‘

28 ਜਨਵਰੀ 2018 ਨੂੰ ਅਸੀਂ ਇਕੱਠਿਆਂ ਨੇ ਢੁੱਡੀਕੇ ਦਾ ਖੇਡ ਮੇਲਾ ਵੇਖਿਆ। ਠੰਢ ਹੋਣ ਕਰਕੇ ਕੰਵਲ ਭੂਰੀ ਦੀ ਬੁੱਕਲ ਮਾਰੀ ਬੈਠਾ ਸੀ। ਮੇਲੇ ਜਾਣ ਨੂੰ ਆਖਿਆ ਤਾਂ ਉਹ ਜਕੋ-ਤਕੇ ਵਿੱਚ ਪੈ ਗਿਆ, ਪਰ ਮੈਂ ਇਹ ਕਹਿ ਕੇ ਤਿਆਰ ਕਰ ਲਿਆ, “ਕੀ ਪਤਾ ਮੁੜ ਕੇ ‘ਕੱਠਿਆਂ ਮੇਲਾ ਵੇਖਣਾ ਨਸੀਬ ਹੋਵੇ ਜਾਂ ਨਾ ਹੋਵੇ!“ ਕੰਵਲ ਕਾਰ ਵਿੱਚ ਬਹਿਣ ਲੱਗਾ ਤਾਂ ਮੈਂ ਪਹਿਲੀ ਵਾਰ ਉਹਦੇ ਹੱਥ ‘ਚ ਖੂੰਡੀ ਵੇਖੀ ਜੋ ਤੁਰਨ ਲੱਗਿਆਂ ਉਹਦੇ ਲੜਕੇ ਸਰਬਜੀਤ ਨੇ ਮੱਲੋ-ਲੀ ਫੜਾਈ। ਮੇਲੇ ‘ਚ ਸਟੇਜ ਦੀਆਂ ਉੱਚੀਆਂ ਪੌੜੀਆਂ ਚੜ੍ਹਨ ਦੀ ਥਾਂ ਅਸੀਂ ਹੇਠਲੀਆਂ ਕੁਰਸੀਆਂ ‘ਤੇ ਹੀ ਬੈਠ ਗਏ। ਮੇਲਾ ਵੇਖਦਿਆਂ ਉਸ ਨੇ ਖ਼ੁਸ਼ ਹੋ ਕੇ ਕਿਹਾ, “ਲੈ ਮੈਂ ਹੁਣ ਸਾਲ ਭਰ ਨੀ ਡੋਲਦਾ!“ 2009 ‘ਚ ਕੰਵਲ ਦਾ 91ਵਾਂ ਜਨਮ ਦਿਨ ਢੁੱਡੀਕੇ ਖੇਡ ਮੇਲੇ ਵਿੱਚ ਹੀ ਮਨਾਇਆ ਗਿਆ ਸੀ। ਉਦੋਂ ਤੋਂ ਉਹਦਾ ਜਨਮ ਦਿਨ ਪਿੰਡ ਵੱਲੋਂ ਹੀ ਮਨਾਇਆ ਜਾ ਰਿਹਾ ਹੈ।

1950ਵਿਆਂ ਵਿੱਚ ਕੰਵਲ ਪਿੰਡ ਦਾ ਸਰਪੰਚ ਬਣਿਆ ਤਾਂ ਉਸ ਨੇ ਲਾਲਾ ਲਾਜਪਤ ਰਾਏ ਦੇ ਸਾਥੀ ਲਾਲਾ ਮੋਹਨ ਲਾਲ ਐੱਮ.ਐੱਲ.ਸੀ. ਨਾਲ ਰਲ ਕੇ ਉਨ੍ਹਾਂ ਦੇ ਜਨਮ ਸਥਾਨ ਢੁੱਡੀਕੇ ਦੇ ਵਿਕਾਸ ਦੀ ਯੋਜਨਾ ਬਣਾਈ। 28 ਜਨਵਰੀ 1956 ਨੂੰ ਲਾਲਾ ਜੀ ਦੇ ਜਨਮ ਦਿਵਸ ‘ਤੇ ਇਕੱਠ ਕਰ ਕੇ ਲਾਜਪਤ ਰਾਏ ਖੇਡ ਮੇਲਾ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ।

ਕੰਵਲ ਨਾਵਲਕਾਰ ਹੀ ਨਹੀਂ, ਕਹਾਣੀਕਾਰ, ਵਾਰਤਾਕਾਰ, ਕਵੀ, ਪੱਤਰਕਾਰ, ਚਿੱਠੀ ਲੇਖਕ, ਰੇਖਾ ਚਿੱਤਰਕਾਰ, ਸਾਹਿਤ ਸਭੀਆ, ਕਾਨਫਰੰਸੀਆ, ਇਨਾਮੀਆ, ਸੈਲਾਨੀ, ਰਾਜਸੀ ਪਾਰਟੀਆਂ ਦਾ ਸਲਾਹਕਾਰ, ਸ਼ਤਰੰਜ ਦਾ ਖਿਡਾਰੀ ਤੇ ਕਬੀਲਦਾਰ ਵੀ ਹੈ। ਉਸ ਨੇ ਆਸ਼ਕੀ ਵੀ ਕੀਤੀ ਜਿਸ ਦਾ ਵੇਰਵਾ ਉਹਦੀ ਪੁਸਤਕ ‘ਪੁੰਨਿਆਂ ਦਾ ਚਾਨਣ’ ਵਿੱਚੋਂ ਪੜ੍ਹਿਆ ਜਾ ਸਕਦਾ ਹੈ। ਉਹ ਦਸਵੀਂ ਤਕ ਹੀ ਪੜ੍ਹ ਸਕਿਆ ਸੀ। ਫਿਰ ਮਲਾਇਆ ‘ਚ ਰਿਹਾ, ਮੁੜ ਕੇ ਖੇਤੀ ਕੀਤੀ, ਸਾਧ ਤੋਂ ਵੇਦਾਂਤ ਪੜ੍ਹਿਆ ਅਤੇ ਸਾਧ ਬਣਦਾ-ਬਣਦਾ ਬਚਿਆ। ਪਿੰਡ ਦੇ ਪਾਰਟੀਬਾਜ਼ੀ ਵਾਲੇ ਮਾਹੌਲ ਵਿੱਚ ਵੈੱਲੀ ਬਣਨ ਦੇ ਆਸਾਰ ਸਨ, ਪਰ ਉਹ ਵੈੱਲੀ ਬਣਨੋਂ ਵੀ ਬਚ ਗਿਆ। ਫਿਰ ਸ਼੍ਰੋਮਣੀ ਕਮੇਟੀ ਵਿੱਚ ਕਲਰਕ ਵਜੋਂ ਨੌਕਰੀ ਕੀਤੀ। ਕਰਮਾਂ ਦੀ ਖੇਡ ਵੇਖੋ ਕਿ ਦਸਵੀਂ ਫੇਲ੍ਹ ਅਤੇ ਪੰਜ ਬੱਚਿਆਂ ਦੇ ਬਾਪ ਉੱਤੇ ਲਾਹੌਰ ਤੋਂ ਐੱਮ.ਬੀ.ਬੀ.ਐੱਸ. ਪਾਸ ਡਾਕਟਰ ਜਸਵੰਤ ਗਿੱਲ ਮਰ ਮਿਟੀ ਜਿਸ ਦੀ ਯਾਦ ਵਿੱਚ ਉਸ ਨੇ ‘ਪੁੰਨਿਆਂ ਦਾ ਚਾਨਣ’ ਤੇ ‘ਧੁਰ ਦਰਗਾਹ’ ਪੁਸਤਕਾਂ ਲਿਖੀਆਂ ਅਤੇ ਹਰ ਸਾਲ ਜਸਵੰਤ ਗਿੱਲ ਯਾਦਗਾਰੀ ਐਵਾਰਡ



ਦਿੱਤਾ ਜਾ ਰਿਹਾ ਹੈ। ‘ਭਾਵਨਾ’ ਕਾਵਿ ਸੰਗ੍ਰਹਿ ਦੀ ਪਾਰਵਤੀ ਤਾਂ ਸੀ ਹੀ ਜਸਵੰਤ ਗਿੱਲ ਜਿਸ ਬਾਰੇ ਕਈ ਸਾਲਾਂ ਬਾਅਦ ਪਤਾ ਲੱਗਾ। ਕੰਵਲ ਨੂੰ ‘ਭੇਤ’ ਛੁਪਾ ਕੇ ਰੱਖਣਾ ਆਉਂਦਾ ਹੈ।

× × ×

ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਨੂੰ ਸਰੂ ਦਾ ਰੁੱਖ ਕਿਹਾ ਜਾ ਸਕਦਾ ਹੈ। ਉਹ ਵਗਦੀਆਂ ਹਵਾਵਾਂ ਦੇ ਵੇਗ ‘ਚ ਝੂੰਮਦਾ ਹੈ। ਕਦੇ ਖੱਬੇ ਲਹਿਰਾਉਂਦਾ ਹੈ, ਕਦੇ ਸੱਜੇ ਤੇ ਕਦੇ ਵਾਵਰੋਲੇ ਵਾਂਗ ਘੁੰਮਦਾ ਹੈ। ਉਹਦੀਆਂ ਟਾਹਣੀਆਂ ਲਚਕਦਾਰ ਹਨ, ਤਣਾ ਮਜ਼ਬੂਤ ਤੇ ਜੜ੍ਹਾਂ ਡੂੰਘੀਆਂ ਜਿਸ ਕਰਕੇ ਵਾਵਰੋਲੇ ਤਾਂ ਕੀ, ਝੱਖੜ ਤੂਫ਼ਾਨ ਵੀ ਉਸ ਨੂੰ ਧਰਤੀ ਤੋਂ ਨਹੀਂ ਹਿਲਾ ਸਕੇ। ਉਹ ਜਿੰਨਾ ਧਰਤੀ ਤੋਂ ਉੱਤੇ ਹੈ ਉਨਾ ਹੀ ਧਰਤੀ ਦੇ ਥੱਲੇ ਹੈ। ਉਹ ਵੇਗਮੱਤਾ ਲੇਖਕ ਹੈ ਤੇ ਲੋਹੜੇ ਦਾ ਜਜ਼ਬਾਤੀ। ਉਹਦੇ ਰੁਮਾਂਚਿਕ ਰਉਂ ‘ਚ ਲਿਖੇ ਜਜ਼ਬਾਤੀ ਸੰਵਾਦ ਸਿੱਧੇ ਦਿਲਾਂ ‘ਤੇ ਵਾਰ ਕਰਦੇ ਹਨ। ਮਿਹਣੇ ਮਾਰਦੇ ਤੇ ਆਰਾਂ ਲਾਉਂਦੇ ਹਨ। ਉਹਦੀ ਪ੍ਰੀਤ ਭਿੱਜੀ ਰੁਮਾਂਚਿਕ ਸ਼ੈਲੀ ਦੇ ਲੱਖਾਂ ਪਾਠਕ ਹਨ। ਕੰਵਲ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਉਸ ਨੇ ਪਹਿਲੀ ਵਾਰ ਪੰਜਾਬ ਦੇ ਪੇਂਡੂ ਜੀਵਨ ਨੂੰ ਆਪਣੇ ਨਾਵਲਾਂ ਵਿੱਚ ਦਰਸਾਇਆ। ਉਹਦੇ ਕਈ ਨਾਵਲਾਂ ਦੇ ਦਰਜਨ ਤੋਂ ਵੱਧ ਐਡੀਸ਼ਨ ਛਪੇ। ਉਹਦੀਆਂ ਕਿਤਾਬਾਂ ਦੀਆਂ ਕੁਲ ਕਾਪੀਆਂ ਦਸ ਲੱਖ ਤੋਂ ਵੀ ਵੱਧ ਛਪ ਗਈਆਂ ਹੋਣਗੀਆਂ। ਇੱਕ ਕਾਪੀ ਦੀ ਦਸ ਵੀਹ ਰੁਪਏ ਵੀ ਰਾਇਲਟੀ ਮਿਲੀ ਹੋਵੇ ਤਾਂ ਲਾ ਲਓ ਹਿਸਾਬ ਕਿੰਨੀ ਰਾਇਲਟੀ ਮਿਲੀ? ਜਿਹੜੇ ਕਹਿੰਦੇ ਹਨ ਕਿ ਪੰਜਾਬੀ ਵਿੱਚ ਲਿਖਣਾ ਖ਼ਾਕ ਛਾਨਣਾ ਹੈ, ਕੰਵਲ ਨੂੰ ਪੁੱਛੋ ਕਿਤਾਬਾਂ ਲਿਖ ਕੇ ਕੀ ਖੱਟਿਆ? ਉਸ ਨੇ ਕਲਮ ਦੀ ਕਮਾਈ ਨਾਲ ਪਰਿਵਾਰ ਪਾਲਿਆ, ਚਾਰੇ ਧੀਆਂ ਹੋਸਟਲਾਂ ਵਿੱਚ ਐੱਮ.ਐੱਸਸੀ. ਤਕ ਪੜ੍ਹਾਈਆਂ ਅਤੇ ਡਾਕਟਰ, ਪ੍ਰੋਫ਼ੈਸਰ ਤੇ ਇੰਜਨੀਅਰ ਜਵਾਈਆਂ ਦੇ ਲੜ ਲਾਈਆਂ। ਜਿੰਨੀ ਜ਼ਮੀਨ ਉਹਨੂੰ ਵਿਰਸੇ ‘ਚ ਮਿਲੀ ਸੀ ਓਦੂੰ ਵੱਧ ਕਲਮ ਦੀ ਕਮਾਈ ਨਾਲ ਬਣਾਈ। ਦੇਸ਼ ਵਿਦੇਸ਼ ਦੀਆਂ ਸੈਰਾਂ ਵੱਖ ਕੀਤੀਆਂ। ਬਣਦਾ ਸਰਦਾ ਦਸਵੰਧ ਵੀ ਪਿੰਡ ਦੇ ਲੇਖੇ ਲਾਇਆ। ਸਾਹਿਤ ਟਰੱਸਟ ਢੁੱਡੀਕੇ ਵੱਲੋਂ ਲੱਖਾਂ ਦੇ ਇਨਾਮ ਦਿੱਤੇ। ਪੰਜਾਹ ਸਾਲ ਪਹਿਲਾਂ ਜਦੋਂ ਕਾਲਜ ਦੇ ਪ੍ਰੋਫ਼ੈਸਰਾਂ ਤੇ ਪ੍ਰਿੰਸੀਪਲ ਨੂੰ ਵੀ ਆਮਦਨ ਕਰ ਨਹੀਂ ਸੀ ਭਰਨਾ ਪੈਂਦਾ, ਕੰਵਲ ਉਦੋਂ ਵੀ ਰਾਇਲਟੀ ਦਾ ਆਮਦਨ ਕਰ ਭਰਦਾ ਸੀ।

ਕੰਵਲ ਦਾ ਕੱਦ ਸਰੂ ਵਾਂਗ ਲੰਮਾ ਹੈ ਤੇ ਉਮਰ ਦੇ 100ਵੇਂ ਸਾਲ ਵਿੱਚ ਵੀ ਉਹ ਸਿੱਧਾ ਸਲੋਟ ਹੈ। ਸਿਰਫ਼ ਖੱਬੀ ਅੱਖ ਦੀ ਨਜ਼ਰ ਕੁਝ ਕਮਜ਼ੋਰ ਹੋਈ ਹੈ। ਦਿਲ ਨੂੰ ਤਕਲੀਫ਼ ਹੋਈ ਸੀ ਜੋ ਇਲਾਜ ਕਰਵਾਉਣ ਨਾਲ ਠੀਕ ਹੋ ਗਈ। ਖਾਣ ਪੀਣ ਲੱਗਾ ਅਜੇ ਵੀ ਅੱਧੀ ਰੋਟੀ ਸ਼ੱਕਰ ਘਿਉ ਨਾਲ ਖਾਂਦਾ ਹੈ। ਕਿਤਾਬਾਂ ਲਿਖਣ ਦਾ ਰਿਕਾਰਡ ਤਾਂ ਹੈ ਹੀ, ਸੰਭਵ ਹੈ ਸਾਹਿਤਕ ਉਮਰ ਦਾ ਰਿਕਾਰਡ ਵੀ ਰੱਖ ਜਾਵੇ।

ਕੰਵਲ ਨਾਲ ਮੇਰੀ ਮਿਲਣੀ ਨਾਵਲ ‘ਪੂਰਨਮਾਸ਼ੀ’ ਪੜ੍ਹਨ ਨਾਲ ਹੋਈ ਸੀ। ਉਸ ਨੂੰ ਮਿਲਣ ਤੋਂ ਪਹਿਲਾਂ ਮੈਂ ਉਹਦੇ ਪਾਤਰਾਂ ਰੂਪ, ਚੰਨੋ, ਸ਼ਾਮੋ, ਜਗੀਰ ਤੇ ਦਿਆਲੇ ਅਮਲੀ ਨੂੰ ਮਿਲਿਆ। ਉਹਦੇ ਨਾਵਲ ਵਿਚਲੇ ‘ਨਵੇਂ ਪਿੰਡ’ ਉਰਫ ਢੁੱਡੀਕੇ ਨੂੰ ਮਿਲਿਆ ਜਿੱਥੇ ਰੂਪ ਦਾ ਖੂਹ ਚਲਦਾ ਸੀ ਤੇ ਬਚਨੋ ਗੋਹੇ ਵਾਲਾ ਬੱਠਲ ਧੋਣ ਆਈ ਸੀ। ਇਹ ਮੂੰਹ ‘ਨੇਰ੍ਹੇ ਮਿਲਣ ਦਾ ਬਹਾਨਾ ਸੀ। ਖ਼ੁਸ਼ਵੰਤ ਸਿੰਘ ਨੇ ਇਸ ਚਲਦੇ ਖੂਹ ਦੇ ਬਿਰਤਾਂਤ ਨੂੰ ‘ਇਲੱਸਟ੍ਰੇਟਡ ਵੀਕਲੀ’ ਵਿੱਚ ਵਡਿਆਇਆ ਸੀ। ਜਿੱਥੇ ਖੂਹ ਹੁੰਦਾ ਸੀ, ਖੇਤ ਹੁੰਦੇ ਸਨ ਤੇ ਬਚਨੋ ਰੂਪ ਨੂੰ ਮਿਲੀ ਸੀ, ਉੱਥੇ ਹੁਣ ਕੰਵਲ ਦਾ ਘਰ ਹੈ। ਖੂਹ ਬੇਆਬਾਦ ਹੋ ਗਿਆ, ਪਰ ਪੂਰਨਮਾਸ਼ੀ ਵਿੱਚ ਆਬਾਦ ਹੈ। ਉਸ ਖੂਹ ਦੀ ਮੌਣ ਉੱਤੇ ਬਲਰਾਜ ਸਾਹਨੀ ਵੀ ਬੈਠਿਆ ਤੇ ਆਉਂਦੇ ਜਾਂਦੇ ਵੀ ਬਥੇਰੇ ਬੈਠੇ। ਉਹਦੀ ਨਿਸ਼ਾਨੀ ਅਜੇ ਵੀ ਕਾਇਮ ਹੈ। ਪੂਰਨਮਾਸ਼ੀ ਲੋਕ ਗੀਤਾਂ ਨਾਲ ਭਰੀ ਪਈ ਸੀ। ਹਰ ਕਾਂਡ ਦੇ ਅੱਗੇ ਤੇ ਪਿੱਛੇ ਇੱਕ ਟੱਪਾ ਸੀ। ਮੈਂ ਪੂਰਨਮਾਸ਼ੀ ਕਾਹਦੀ ਪੜ੍ਹੀ, ਬੱਸ ਕੰਵਲ ਦਾ ਹੋ ਕੇ ਰਹਿ ਗਿਆ। ਫਿਰ ਮੈਂ ਉਸ ਨੂੰ ਏਨਾ ਮਿਲਿਆ ਕਿ ਹੁਣ ਤਕ ਮਿਲਦਾ ਹੀ ਆ ਰਿਹਾ ਹਾਂ। ਉਹ ਸਿਰਜਣਾ ਦਾ ਭਰ ਵਗਦਾ ਦਰਿਆ ਹੈ। ਉਸ ਨੇ ਕਈ ਵਾਰ ਕਿਹਾ ਹੈ ਕਿ ਇਹ ਉਹਦੀ ਆਖ਼ਰੀ ਪੁਸਤਕ ਹੈ, ਪਰ ਲੱਗਦਾ ਹੈ ਉਹ ਤਦ ਤਕ ਲਿਖਦਾ ਰਹੇਗਾ ਜਦ ਤਕ ਅੰਤਿਮ ਸਵਾਸ ਨਹੀਂ ਲੈ ਲੈਂਦਾ!

ਮੈਂ ਉਹਨੂੰ ਉੱਠਦਾ ਬੈਠਦਾ, ਤੁਰਦਾ ਫਿਰਦਾ, ਪੜ੍ਹਦਾ ਲਿਖਦਾ, ਬੋਲਦਾ ਚਲਦਾ, ਹਸਦਾ ਖੇਡਦਾ, ਮਸਤੀ ਮਾਰਦਾ, ਇਸ਼ਕ ਕਰਦਾ ਤੇ ਹੰਝੂ ਵਹਾਉਂਦਾ ਵੇਖਦਾ ਰਿਹਾ ਹਾਂ। ਕਦੇ ਖੇੜੇ ‘ਚ ਖਿੜਦਾ, ਕਦੇ ਉਦਾਸੀ ‘ਚ ਝੂਰਦਾ। ਕਦੇ ਕਾਨਫਰੰਸਾਂ ‘ਤੇ ਜਾਂਦਾ, ਕਦੇ ਸਾਹਿਤ ਸਭਾਵਾਂ ‘ਚ ਬੋਲਦਾ। ਕਦੇ ਕੋਟ ਪੈਂਟ ਪਾਏ ਹੁੰਦੇ, ਕਦੇ ਲੁੰਗੀ ਲਾਈ ਹੁੰਦੀ। ਕਦੇ ਮੰਡਾਸਾ ਮਾਰਿਆ ਹੁੰਦਾ, ਕਦੇ ਲੋਈ ਲਈ ਹੁੰਦੀ। ਕਦੇ ਨੰਗੇ ਸਿਰ ਤੇ ਕਦੇ ਪਰਨਾ ਵਲ੍ਹੇਟਿਆ ਹੁੰਦਾ। ਕਦੇ ਕੰਬਲੀ ਦੀ ਬੁੱਕਲ, ਕਦੇ ਖੇਸ ਦੀ ਬੁੱਕਲ। ਕਦੇ ਧੂਣੀ ਰਮਾਉਂਦਾ, ਕਦੇ ਧੁੱਪ ਸੇਕਦਾ। ਕਦੇ ਵੱਟ ਬੰਨੇ, ਕਦੇ ਟਾਹਲੀ ਦੀ ਛਾਵੇਂ। ਕਦੇ ਪੱਬਾਂ ਭਾਰ ਬੈਠਾ ਤੇ ਕਦੇ ਝੂਲਾ ਝੂਲਦਾ। ਕਦੇ ਨਿਆਣਿਆਂ ਨਾਲ ਕੌਡਾਂ ਖੇਡਦਾ। ਕਦੇ ਅੰਦਰਲੇ ਘਰ, ਕਦੇ ਬਾਹਰਲੀ ਕੋਠੀ। ਕਦੇ ਤਾਸ਼ ਖੇਡਦਾ, ਕਦੇ ਸ਼ਤਰੰਜ। ਕਦੇ ਡਾਕਘਰ, ਕਦੇ ਢੁੱਡੀਕੇ ਦੀ ਫਿਰਨੀ ‘ਤੇ। ਕਦੇ ‘ਕੱਲਾ ਬੈਠਾ ਆਪਣੇ ਆਪ ਨਾਲ ਗੱਲਾਂ ਕਰਦਾ। ਕਦੇ ਵਰਾਂਡੇ ਵਿੱਚ ਕੁਰਸੀ ਮੇਜ਼ ‘ਤੇ ਪੜ੍ਹਦਾ ਲਿਖਦਾ। ਅਨੂਪ ਵਿਰਕ ਉਹਦੇ ਬਾਰੇ ਲਿਖਦਾ ਹੈ:

ਉਹ ਚੰਨ ਚਾਨਣੀ ਰਾਤ ਜਿਹਾ  
ਔੜਾਂ ਵਿੱਚ ਹੋਈ ਬਰਸਾਤ ਜਿਹਾ  
ਉਹ ਸੁਪਨਾ ਸਾਹਿਤ ਸਮੁੰਦਰ ਦਾ  
ਉਹ ਅਕਾਸ਼ ਦੀ ਖੁੱਲ੍ਹੀ ਕਿਤਾਬ ਜਿਹਾ  
ਉਹ ਇਸ਼ਟ ਜਿਹਾ ਉਹ ਇਸ਼ਕ ਜਿਹਾ  
ਮੇਰੇ ਸੀਨੇ ਅੰਦਰ ਲਿਸ਼ਕ ਰਿਹਾ।

## ਅੰਤਰਧਰਮੀ ਜੋੜੇ ਨਾਲ ਬਦਸਲੂਕੀ ਕਰਨ ਵਾਲੇ ਅ.ਫ਼ਸਰ ਖਿਲਾਫ ਕਾਰਵਾਈ

**ਲਖਨਊ/ਬਿਊਰੋ ਨਿਊਜ਼ :** ਲਖਨਊ ਦੇ ਪਾਸਪੋਰਟ ਸੇਵਾ ਕੇਂਦਰ ਵਿੱਚ ਇਕ ਅੰਤਰਧਰਮੀ ਜੋੜੇ ਨਾਲ ਬਦਸਲੂਕੀ ਕਰਨ ਵਾਲੇ ਇਕ ਅਫ਼ਸਰ ਦਾ ਤਬਾਦਲਾ ਕਰ ਦਿੱਤਾ ਗਿਆ ਹੈ ਜਿਸ ਨੇ ਇਕ ਮੁਸਲਿਮ ਪਤੀ



ਨੂੰ ਹਿੰਦੂ ਧਰਮ ਗ੍ਰਹਿਣ ਕਰਨ ਲਈ ਕਿਹਾ ਸੀ ਤੇ ਉਸ ਦੀ ਪਤਨੀ ਨੂੰ ਇਕ ਮੁਸਲਿਮ ਨਾਲ ਵਿਆਹ ਕਰਾਉਣ ‘ਤੇ ਬੁਰਾ ਭਲਾ ਕਿਹਾ ਸੀ। ਇਹ ਜੋੜਾ ਆਪਣੀ ਪਾਸਪੋਰਟ ਅਰਜ਼ੀ ਲੈ ਕੇ ਸੇਵਾ ਕੇਂਦਰ ਵਿੱਚ ਗਿਆ ਸੀ। ਮੁਹੰਮਦ ਅਨਸ ਸਿਦੀਕੀ ਤੇ ਤਨਵੀ ਸੇਠ ਨੇ 12 ਸਾਲ ਪਹਿਲਾਂ ਵਿਆਹ ਕਰਵਾਇਆ ਸੀ ਤੇ ਉਨ੍ਹਾਂ ਆਪਣੇ ਨਾਲ ਹੋਏ ਮਾੜੇ ਸਲੂਕ ਦੀ ਘਟਨਾ ਦੇ ਵੇਰਵੇ ਟਵਿਟਰ ‘ਤੇ ਸਾਂਝੇ ਕੀਤੇ ਸਨ ਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸੁਸ਼ਮਾ ਸਵਰਾਜ ਨਾਲ ਟੈਗ ਵੀ ਕੀਤਾ ਸੀ। ਲਖਨਊ ਵਿੱਚ ਖੇਤਰੀ ਪਾਸਪੋਰਟ ਦਫ਼ਤਰ ਨੇ ਇਸ ਜੋੜੇ ਨਾਲ ਬਦਸਲੂਕੀ ਕਰਨ ਵਾਲੇ ਅਫ਼ਸਰ ਵਿਕਾਸ ਮਿਸ਼ਰਾ ਦਾ ਤਬਾਦਲਾ ਕਰ ਦਿੱਤਾ ਹੈ। ਆਰਪੀਓ ਪਿਊਸ਼ ਵਰਮਾ ਨੇ ਦੱਸਿਆ ਕਿ ਸਿੱਦੀਕੀ ਤੇ ਤਨਵੀ ਉਨ੍ਹਾਂ ਨੂੰ ਮਿਲੇ ਸਨ ਤੇ ਉਨ੍ਹਾਂ ਨੂੰ ਪਾਸਪੋਰਟ ਜਾਰੀ ਕਰ ਦਿੱਤੇ ਗਏ ਹਨ। ਇਸ ਦੌਰਾਨ, ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਨੇ ਇਸ ਮਾਮਲੇ ਬਾਰੇ ਰਿਪੋਰਟ ਮੰਗੀ ਹੈ।

## ਸਰਬੱਤ ਦਾ ਭਲਾ ਟਰੱਸਟ ਨੇ ਦੁਬਈ ’ਚ 60 ਲੱਖ ਰੁਪਏ ‘ਬਲੱਡ ਮਨੀ’ ਦੇ ਕੇ 15 ਭਾਰਤੀ ਫ਼ਾਂਸੀ ਤੋਂ ਬਚਾਏ

**ਜਲੰਧਰ/ਬਿਊਰੋ ਨਿਊਜ਼ :** ਸਰਬੱਤ ਦਾ ਭਲਾ ਟਰੱਸਟ ਦੇ ਮੁਖੀ ਐੱਸਪੀ. ਸਿੰਘ ਉਬਰਾਏ ਦੇ ਯਤਨਾਂ ਸਦਕਾ ਦੁਬਈ ਵਿਚ ਮੌਤ ਦੇ ਮੂੰਹ ਫਸੇ 14 ਪੰਜਾਬੀਆਂ ਸਮੇਤ 15 ਜਣਿਆਂ ਨੂੰ ਬਲੱਡ ਮਨੀ ਦੇ ਕੇ ਸਹੀ ਸਲਾਮਤ ਵਾਪਸ ਭਾਰਤ ਲਿਆਂਦਾ ਗਿਆ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਐੱਸਪੀ. ਸਿੰਘ ਉਬਰਾਏ ਨੇ ਦੱਸਿਆ ਕਿ ਅੱਠ-ਨੌਂ ਸਾਲ ਪਹਿਲਾਂ ਜੇਲ੍ਹਾਂ ਵਿੱਚ ਫਸੇ ਇਨ੍ਹਾਂ ਨੌਜਵਾਨਾਂ ਦੇ ਮਾਪੇ ਉਨ੍ਹਾਂ ਨੂੰ ਮਿਲੇ ਸਨ, ਜਿਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਹ ਸਾਰੇ ਜਣੇ ਦੋ ਵੱਖ-ਵੱਖ ਕਤਲ ਕੇਸਾਂ ਵਿੱਚ ਫਸੇ ਹੋਏ ਸਨ। ਅਦਾਲਤੀ ਕੇਸਾਂ ਦੌਰਾਨ ਅਤੇ ਪੀੜਤ ਧਿਰਾਂ ਨਾਲ ਰਾਜ਼ੀਨਾਮਾ ਕਰਕੇ ਬਣਦੀ ਬਲੱਡ ਮਨੀ 60 ਲੱਖ ਰੁਪਏ ਦਾ ਭੁਗਤਾਨ ਕਰਕੇ ਇਨ੍ਹਾਂ ਨੌਜਵਾਨਾਂ ਦੀ ਜਾਨ ਬਚਾਈ ਗਈ ਹੈ।

ਸ੍ਰੀ ਉਬਰਾਏ ਨੇ ਦੱਸਿਆ ਕਿ ਇਨ੍ਹਾਂ ਨੌਜਵਾਨਾਂ ‘ਤੇ ਦਰਜ ਕੇਸਾਂ ਵਿੱਚੋਂ ਇੱਕ ਕੇਸ ਸ਼ਾਰਜਾਹ ਤੇ ਇੱਕ ਅਲ-ਇਨ (ਆਬੂ ਧਾਬੀ) ‘ਚ ਦਰਜ ਸੀ। ਉਥੋਂ ਦੀਆਂ ਅਦਾਲਤਾਂ ਨੇ ਕਤਲ ਕੇਸਾਂ ਵਿੱਚ ਇਨ੍ਹਾਂ ਨੌਜਵਾਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। 2015 ਵਿੱਚ ਹੋਏ ਪਾਕਿਸਤਾਨ ਦੇ ਪਿਸ਼ਾਵਰ ਵਾਸੀ ਮੁਹੰਮਦ ਫਰਹਾਨ ਦੇ ਕਤਲ ਸਬੰਧੀ 10 ਪੰਜਾਬੀਆਂ ਨੂੰ ਦੋਸ਼ੀ ਮੰਨਿਆ ਗਿਆ ਸੀ। ਅਲ-ਇਨ ਅਦਾਲਤ ਨੇ ਅਕਤੂਬਰ 2016 ਵਿੱਚ ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ, ਜਿਨ੍ਹਾਂ ਵਿੱਚ ਠੀਕਰੀਵਾਲ (ਬਰਨਾਲਾ) ਦਾ ਸਤਮਿੰਦਰ ਸਿੰਘ, ਨਵਾਂਸ਼ਹਿਰ ਦਾ ਚੰਦਰ




ਸ਼ੇਖਰ, ਮਾਲੇਰਕੋਟਲਾ ਦਾ ਚਮਕੌਰ ਸਿੰਘ, ਲੁਧਿਆਣਾ ਦਾ ਕੁਲਵਿੰਦਰ ਸਿੰਘ, ਚੌਲਾਂਗ (ਲੁਧਿਆਣਾ) ਦਾ ਬਲਵਿੰਦਰ, ਸਮਰਾਲਾ ਦਾ ਧਰਮਵੀਰ ਸਿੰਘ, ਮੁਹਾਲੀ ਦਾ ਹਰਜਿੰਦਰ ਸਿੰਘ, ਮੁੱਧ (ਅੰਮ੍ਰਿਤਸਰ) ਦਾ ਤਰਸੇਮ ਸਿੰਘ, ਪਟਿਆਲਾ ਦਾ ਗੁਰਪ੍ਰੀਤ ਸਿੰਘ, ਗੁਰਦਾਸਪੁਰ ਦਾ ਜਗਜੀਤ ਸਿੰਘ ਅਤੇ ਤਰਨ ਤਾਰਨ ਦਾ ਕੁਲਦੀਪ ਸਿੰਘ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ 14 ਭਾਰਤੀ ਨੌਜਵਾਨ ਦੁਬਈ ਦੀਆਂ ਜੇਲ੍ਹਾਂ ਵਿੱਚ ਬੰਦ ਹਨ, ਜਿਨ੍ਹਾਂ ਨੂੰ ਛੁਡਾਉਣ ਲਈ ਕਾਰਵਾਈ ਚੱਲ ਰਹੀ ਹੈ। ਇਸ ਕੇਸ ਦੀ ਅਗਲੀ ਤਰੀਕ 9 ਜੁਲਾਈ ਹੈ। ਉਨ੍ਹਾਂ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਲੇਬਰ ਵੱਜੋਂ ਆਪਣੇ ਮੁੰਡਿਆਂ ਨੂੰ ਅਰਬ ਦੇਸ਼ਾਂ ਵਿੱਚ ਨਾ ਭੇਜਣ।

## ਸਤੰਬਰ-ਅਕਤੂਬਰ ‘ਚ ਹੋ ਸਕਦੀਆਂ ਹਨ ਪੰਜਾਬ ‘ਚ ਪੰਚਾਇਤੀ ਚੋਣਾਂ

**ਪਟਿਆਲਾ/ਬਿਊਰੋ ਨਿਊਜ਼ :** ਪੰਜਾਬ ਸੂਬੇ ਦੀਆਂ ਪੰਚਾਇਤੀ ਚੋਣਾਂ ਸਤੰਬਰ ਤੋਂ ਅਕਤੂਬਰ ਦੇ ਵਿਚ-ਵਿਚ ਹੋ ਸਕਦੀਆਂ ਹਨ। ਭਾਵੇਂ ਅੰਤਿਮ ਚੋਣ ਪ੍ਰੋਗਰਾਮ ਚੋਣ ਕਮਿਸ਼ਨਰ ਵੱਲੋਂ ਦਿੱਤਾ ਜਾਣਾ ਹੁੰਦਾ ਹੈ ਪਰ ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਵਿਭਾਗ ਵੱਲੋਂ ਪੰਚਾਇਤੀ ਚੋਣਾਂ ਕਰਵਾਉਣ ਲਈ ਪੱਤਰ ਲਿਖ ਦਿੱਤਾ ਗਿਆ ਹੈ। ਇਸ ਦੌਰਾਨ ਵਿਭਾਗ ਨੇ ਪੰਚਾਂ-ਸਰਪੰਚਾਂ ਦੀ ਚੋਣ ਲਈ 10 ਸਤੰਬਰ ਅਤੇ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਦੀਆਂ ਚੋਣਾਂ ਲਈ 5 ਅਕਤੂਬਰ ਦੀ ਤਰੀਕ ਸੁਝਾਈ ਹੈ। ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਹਵਾਲੇ ਨਾਲ ਉਨ੍ਹਾਂ ਦੇ ਓਐਸਡੀ ਗੁਰਦਰਸ਼ਨ ਸਿੰਘ ਬਾਹੀਆ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਪੰਚਾਇਤ ਵਿਭਾਗ ਨੇ ਆਪਣੇ ਵੱਲੋਂ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਾਸਤੇ ਹਰੀ ਝੰਡੀ ਦੇ ਦਿੱਤੀ ਹੈ।

# Sir Speedy Tustin

Printers to the Community

**Outdoor 3'x11' Promo Flag**

**Only $29/-**

Pole & Spike $55/-

**Outdoor 3'x6' Durable Banner**

All weather, durable to sunlight, rain and wear & tear. Text only.

**Only $69/-**

**Receipt Books**

Customized with your information and design. 2 part carbonless with numbering and perforation.

**Call for Price**

**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**

**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**

**11" Printed Balloons**

Printed with your logo and info. One color, one location. Min. qty 1000

**19¢ each**

White T-Shirts, 1 color screen printing in 1 position. Min Qty. 100

**Your Printed T-Shirts**

**Only $4.99**

1 color in 1 position. Min Qty. 100

**Your Printed Caps**

**Only $4.99**

**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW

# ਪੰਜਾਬ ਲਈ ਸੰਸਾਰ ਫੁੱਟਬਾਲ ਕੱਪ ਦੇ ਸਬਕ

**ਨਿਰਮਲ ਸੰਧੂ**
ਲੇਖਕ ਸੀਨੀਅਰ ਪੱਤਰਕਾਰ ਹੈ



ਜਿਹੜੇ ਲੋਕ ਸਕੂਲ ਵਿਦਿਆਰਥੀਆਂ ਦੇ ਦੁੱਖ-ਸੁੱਖ ਦੇ ਸਾਂਝੀ ਹਨ, ਉਨ੍ਹਾਂ ਨੂੰ ਇਨ੍ਹਾਂ ਖ਼ਬਰਾਂ ਤੋਂ ਕੋਈ ਹੈਰਾਨੀ ਨਹੀਂ ਹੋਈ ਹੋਣੀ ਕਿ ਫਗਵਾੜਾ, ਰੁੜਕਾ ਕਲਾਂ ਅਤੇ ਮਾਹਿਲਪੁਰ ਵਿੱਚ ਗਭਰੇਟ, ਰੂਸ ਵਿੱਚ ਚੱਲ ਰਹੇ ਫ਼ੀਫ਼ਾ ਸੰਸਾਰ ਕੱਪ ਦੇ ਮੈਚ ਵੱਡੀਆਂ ਸਕਰੀਨਾਂ ਉੱਤੇ ਦੇਖ ਰਹੇ ਹਨ। ਅਸਲ ਵਿੱਚ, ਇਸ ਮਸ਼ਕ ਲਾਂਭੇ ਰਹਿ ਰਹੇ ਵੱਡਿਆਂ ਨੂੰ ਵੀ ਸੰਸਾਰ ਪੱਧਰ ਦੇ ਇਹ ਮੈਚ ਦੇਖਣੇ ਚਾਹੀਦੇ ਹਨ ਅਤੇ ਇਨ੍ਹਾਂ ਤੋਂ ਢੁਕਵੇਂ ਸਬਕ ਲੈਣੇ ਚਾਹੀਦੇ ਹਨ। ਇਹ ਮਨੋਰੰਜਨ ਤਾਂ ਹੈ ਹੀ, ਇਹ ਮਸ਼ਕ ਉਨ੍ਹਾਂ ਦੀ ਚਰਿੱਤਰ ਉਸਾਰੀ ਵਿਚ ਵੀ ਮਦਦਗਾਰ ਸਾਬਤ ਹੋਵੇਗੀ ਅਤੇ ਹਾਰਾਂ ਤੇ ਨਾਕਾਮੀਆਂ ਨਾਲ ਜੂਝਦਿਆਂ ਇਨ੍ਹਾਂ ਨੂੰ ਆਲ੍ਹਾ ਮਿਆਰੀ ਮੁਕਾਬਲਿਆਂ ਲਈ ਹੰਭਲੇ ਮਾਰਨ ਲਈ ਤਿਆਰ ਕਰੇਗੀ। ਬਿਨਾਂ ਸ਼ੱਕ, ਗਰੁੱਪ ਬੀ ਦੇ ਸ਼ੁਰੂਆਤੀ ਮੈਚ ਵਿਚ ਰੋਨਾਲਡੋ ਨੇ ਸਪੇਨ ਖ਼ਿਲਾਫ਼ ਖੇਡਦਿਆਂ ਆਪਣੀ ਟੀਮ ਪੁਰਤਗਾਲ ਲਈ ਜਿਸ ਤਰ੍ਹਾਂ ਹੈਟ੍ਰਿਕ ਜੜੀ, ਉਹ ਆਪਣੇ ਆਪ ਵਿਚ ਦਰਸ਼ਕ ਨੂੰ ਸੱਤਵੇਂ ਆਸਮਾਨ 'ਤੇ ਪਹੁੰਚਾਉਣ ਵਰਗਾ ਕੋਈ ਅਹਿਸਾਸ ਹੈ।

ਤਕਨਾਲੋਜੀ ਨੇ ਇਨ੍ਹਾਂ ਗਭਰੇਟਾਂ ਨੂੰ ਆਪਣੇ ਨਾਇਕ ਚੁਣਨ ਲਈ ਹੱਦਾਂ-ਸਰਹੱਦਾਂ ਤੋਂ ਪਾਰ ਦੇਖਣ ਦਾ ਬਲ ਬਖ਼ਸ਼ਿਆ ਹੈ। ਕਹਿਰਾਂ ਦੀ ਗਰਮੀ ਦੌਰਾਨ ਅੰਮ੍ਰਿਤਸਰ ਦੀ ਪਾਰਕ ਵਿਚ ਮੈਚ ਖੇਡਣ ਤੋਂ ਬਾਅਦ ਇਨ੍ਹਾਂ ਗਭਰੇਟਾਂ ਨੂੰ ਕ੍ਰਿਸਟਿਆਨੋ ਰੋਨਾਲਡੋ, ਲਿਓਨਲ ਮੈਸੀ, ਪੇਲੇ ਅਤੇ ਮੈਰਾਡੋਨਾ ਬਾਰੇ ਗੱਲਾਂ ਕਰਦਿਆਂ ਸੁਣਨਾ ਪੁਰਸਕੂਨ ਸੀ। ਕੌਮਾਂਤਰੀ ਫੁੱਟਬਾਲ ਦੇ ਇਨ੍ਹਾਂ ਧੁਨੰਤਰਾਂ ਨੇ ਪੰਜਾਬ ਵਿੱਚ ਇਨ੍ਹਾਂ ਸਕੂਲੀ ਖਿਡਾਰੀਆਂ ਨੂੰ ਸਿਰਫ਼ ਪ੍ਰੇਰਿਆ ਤੇ ਉਤੇਜਿਤ ਹੀ ਨਹੀਂ ਕੀਤਾ ਸਗੋਂ ਇਹ ਉਨ੍ਹਾਂ ਦੇ ਰੋਲ ਮਾਡਲ ਬਣ ਗਏ ਹਨ।

ਪੰਜਾਬ ਆਪਣੇ ਇਨ੍ਹਾਂ ਬੱਚਿਆਂ ਤੋਂ ਪਹਿਲਾ ਸਬਕ ਲੈ ਸਕਦਾ ਹੈ ਕਿ ਗਲੋਬਲ ਪੱਧਰ 'ਤੇ ਸੋਚੋ ਅਤੇ ਉੱਤਮਤਾ ਦੀ ਦਾਦ ਦਿਓ, ਇਹ ਭਾਵੇਂ ਕਿਸੇ ਵੀ ਥਾਂ ਨਾਲ ਵਾਬਸਤਾ ਹੋਵੇ। ਯੂਰੋਪ, ਲਾਤੀਨੀ ਅਮਰੀਕਾ ਅਤੇ ਹੋਰ ਥਾਈਂ ਚੱਲ ਰਹੇ ਕਲੱਬ ਅਤੇ ਵੱਖ ਵੱਖ ਮੁਲਕ, ਟੀਸੀ ਉੱਤੇ ਪੁੱਜਣ ਲਈ ਸਰਵੋਤਮ ਕੋਚਾਂ ਦੀਆਂ ਸੇਵਾਵਾਂ ਲੈਂਦੇ ਹਨ ਅਤੇ ਮਹਿੰਗੇ ਤੋਂ ਮਹਿੰਗਾ ਖਿਡਾਰੀ ਆਪਣੀ ਟੀਮ ਵਿੱਚ ਲਿਆਉਂਦੇ ਹਨ। ਸਿਆਸੀ ਜਮਾਤ ਲਈ ਸਬਕ ਹੈ ਕਿ ਕਿਸੇ ਵੀ ਕਾਰਜ ਲਈ ਸਰਵੋਤਮ ਸ਼ਖ਼ਸ ਨੂੰ ਅੱਗੇ ਲਿਆਓ ਅਤੇ ਅਜਿਹਾ ਢਾਂਚਾ ਉਸਾਰੋ ਜਿਸ ਨਾਲ ਅਜਿਹਾ ਹੋਣਾ ਯਕੀਨੀ ਹੋਵੇ।

ਪੰਜਾਬੀ ਬਹੁਤ ਤੇਜ਼ੀ ਨਾਲ ਮੁਕਾਬਲੇ ਵਾਲੀ ਭਾਵਨਾ ਛੱਡ ਰਹੇ ਹਨ ਅਤੇ ਗ਼ੁਰਬਤ, ਜਾਤ, ਮਜ਼੍ਹਬ ਤੇ ਸਿਆਸੀ ਰਸੂਖ਼ ਦੇ ਸਿਰ ਉੱਤੇ ਨੌਕਰੀਆਂ/ਲਾਭ/ਮੁਫ਼ਤ ਸਹੂਲਤਾਂ ਲਈ ਪੱਲੇ ਅੱਡ ਰਹੇ ਹਨ। ਸਿਆਸੀ ਪਾਰਟੀਆਂ ਉਮੀਦਵਾਰਾਂ ਦੀ ਚੋਣ ਮੌਕੇ ਕੋਈ ਖ਼ਾਸ ਤਰੱਦਦ ਨਹੀਂ ਕਰਦੀਆਂ ਸਗੋਂ ਮੌਜੂਦਾ ਸਿਆਸੀ ਪਰਿਵਾਰਾਂ, ਜਾਤਾਂ ਅਤੇ ਵੋਟ ਬੈਂਕਾਂ ਦੇ ਆਧਾਰ ਤੱਕ ਸੀਮਤ ਰਹਿੰਦੀਆਂ ਹਨ। ਨਤੀਜੇ ਵਜੋਂ ਸਮੁੱਚੇ ਚੋਣ ਅਮਲ ਵਿੱਚੋਂ ਔਸਤ ਜਿਹੀਆਂ ਸਰਕਾਰਾਂ ਹੋਂਦ ਵਿੱਚ ਆਉਂਦੀਆਂ ਹਨ ਜਿਹੜੀਆਂ ਫਿਰ ਸੂਬੇ ਨੂੰ ਆਪਣੇ ਹਿਸਾਬ ਨਾਲ ਚਲਾਉਂਦੀਆਂ ਹਨ।

ਸੰਸਥਾਵਾਂ ਦੀ ਉਸਾਰੀ ਦੇ ਮਾਮਲੇ ਵਿਚ ਪ੍ਰਤਾਪ ਸਿੰਘ ਕੈਰੋਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ, ਕਿਉਂਕਿ ਬਤੌਰ ਮੁੱਖ ਮੰਤਰੀ ਉਨ੍ਹਾਂ ਕੋਲ ਸੰਸਾਰ ਪੱਧਰੀ ਨਜ਼ਰੀਆ ਸੀ। ਵਿਦੇਸ਼ੀ ਮੁਹਾਰਤ, ਤਕਨਾਲੋਜੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰੂਪ ਵਿਚ ਮਿਲੀ ਸੰਸਥਾਈ ਸਹਾਇਤਾ ਨਾਲ ਹੀ ਹਰਾ ਇਨਕਲਾਬ ਸੰਭਵ ਹੋ ਸਕਿਆ। ਬਾਅਦ ਦੇ ਲੀਡਰਾਂ ਨੇ ਸੂਬੇ ਨੂੰ ਇਸ (ਹਰੇ ਇਨਕਲਾਬ) ਦੇ ਦੁਰਪ੍ਰਭਾਵਾਂ ਤੋਂ ਬਚਾਓ ਦਾ ਹੀਲਾ ਨਹੀਂ ਕੀਤਾ। ਉਸ ਵਕਤ ਤਾਂ ਪੰਜਾਬੀ ਤਜਰਬੇ ਕਰਨ, ਜੋਖ਼ਿਮ ਉਠਾਉਣ ਅਤੇ ਨਵੀਆਂ ਤਕਨੀਕਾਂ ਵਰਤਣ ਲਈ ਅਹੁਲ ਰਹੇ ਸਨ। ਹੁਣ ਸੌੜੇ ਹਿਤਾਂ ਵਾਲੀ ਸਿਆਸੀ ਲੀਡਰਸ਼ਿਪ ਕਾਰਨ ਪੰਜਾਬੀਆਂ ਦਾ ਗੱਡਾ ਬੁਰੀ ਤਰ੍ਹਾਂ ਫਸ ਗਿਆ ਹੈ। ਉਹ ਆਪਣੇ ਗਿਆਨ ਮੁਤਾਬਿਕ ਪੁਰਾਣੇ ਢੰਗ-ਤਰੀਕਿਆਂ ਰਾਹੀਂ ਖੇਤੀ ਕਰ ਰਹੇ ਹਨ ਅਤੇ ਇਹ ਸਾਰਾ ਕੁਝ ਉਨ੍ਹਾਂ ਲਈ ਹੀ ਨਹੀਂ ਸਗੋਂ ਸੂਬੇ ਦੇ ਜਲ ਸਰੋਤਾਂ ਲਈ ਵੀ ਤਬਾਹਕੁਨ ਹੈ।

ਲੀਡਰਸ਼ਿਪ ਨੂੰ ਇਹ ਪੱਕਾ ਬਹਾਨਾ ਲੱਭ ਗਿਆ ਹੈ ਕਿ ਕਾਇਆ-ਕਲਪ ਕਰਨ ਲਈ ਲੋੜੀਂਦੇ ਫੰਡ ਨਹੀਂ ਹਨ। ਪੈਰਾਂ ਸਿਰ ਹੋਣ ਕਾਰਨ ਭਾਵੇਂ ਖੇਡ ਸੱਭਿਆਚਾਰ ਨੂੰ ਹੁਲਾਰਾ ਦੇਣ ਵਿਚ ਵਾਹਵਾ ਮਦਦ ਮਿਲਦੀ ਹੈ ਪਰ ਸੰਸਾਰ ਦੇ ਸਭ ਤੋਂ ਅਮੀਰ ਅਤੇ ਸ਼ਕਤੀਸ਼ਾਲੀ ਮੁਲਕ- ਅਮਰੀਕਾ, ਰੂਸ ਤੇ ਚੀਨ, ਸੰਸਾਰ ਕੱਪ ਲਈ ਕੁਆਲੀਫਾਈ ਨਹੀਂ ਕਰ ਸਕੇ ਹਨ। ਸੇਨੇਗਲ ਅਤੇ ਯੂਰੁਗੁਏ ਨੇ ਇਹ ਵਿਚਾਰ ਹੀ ਖ਼ਾਰਿਜ ਕਰ ਦਿਤਾ ਹੈ ਕਿ ਵਧੀਆ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਕੌਮਾਂਤਰੀ ਮੁਕਾਬਲੇ ਵਿਚ ਸਫ਼ਲਤਾ ਦਾ ਧੁਰਾ ਹੁੰਦਾ ਹੈ।

ਇਕ ਪੜਾਅ ਤੋਂ ਬਾਅਦ ਆਬਾਦੀ ਜਾਂ ਭੂਗੋਲਿਕ ਰੁਕਾਵਟਾਂ ਕੋਈ ਮਾਇਨਾ ਨਹੀਂ ਰੱਖਦੀਆਂ। ਆਈਸਲੈਂਡ ਵਰਗੇ ਆਬਾਦੀ ਤੇ ਰਹਿਣਯੋਗ ਇਲਾਕੇ ਪੱਖੋਂ ਨਿੱਕੇ ਜਿਹੇ ਮੁਲਕ ਜਿਸ ਦੀ ਆਬਾਦੀ ਸਿਰਫ਼ 3.3 ਲੱਖ ਹੈ, ਨੇ ਸੰਸਾਰ ਕੱਪ ਲਈ ਕੁਆਲੀਫ਼ਾਈ ਹੀ ਨਹੀਂ ਕੀਤਾ ਸਗੋਂ ਸੰਸਾਰ ਭਰ ਦੇ ਫੁੱਟਬਾਲ ਪ੍ਰੇਮੀਆਂ ਦੇ ਮੂੰਹ ਵਿਚ ਉਂਗਲਾਂ ਪੁਆ ਦਿਤੀਆਂ ਜਦੋਂ ਇਹ ਟੀਮ ਅਰਜਨਟੀਨਾ ਨਾਲ 1-1 ਦੀ ਬਰਾਬਰੀ ਉੱਤੇ ਤੁਲ ਗਈ। ਇਹ ਅਰਜਨਟੀਨਾ ਉਹੀ ਹੈ ਜਿਸ ਨੇ ਲਿਓਨਲ ਮੈਸੀ ਸਮੇਤ ਫੁੱਟਬਾਲ ਦੇ ਬਹੁਤ ਮਹਾਨ ਖਿਡਾਰੀ ਪੈਦਾ ਕੀਤੇ ਹਨ।

ਪੰਜਾਬੀਆਂ ਨੂੰ ਵੀ ਕੋਈ ਡੱਕ ਨਹੀਂ ਸਕਦਾ ਬਸ਼ਰਤੇ ਕਾਮਯਾਬੀ ਲਈ ਇੱਛਾ ਅਤੇ ਹੌਸਲਾ ਬੁਲੰਦ ਹੋਵੇ। ਮਿਲਖਾ ਸਿੰਘ ਸਧਾਰਨ ਜਿਹੇ ਪਿਛੋਕੜ ਵਿਚੋਂ ਉੱਠਿਆ ਅਤੇ ਹਰ ਅੜਿੱਕੇ ਖ਼ਿਲਾਫ਼ ਜੀਅ-ਜਾਨ ਨਾਲ ਜੂਝਿਆ ਤੇ ਫਿਰ ਅੱਜ ਵਾਲੇ ਮੁਕਾਮ ਉੱਤੇ ਪਹੁੰਚਿਆ। ਇਸ ਮੁਕਾਮ ਉੱਤੇ ਪਹੁੰਚਣ ਲਈ ਫ਼ੌਜ ਨੇ ਉਸ ਦੀ ਇਮਦਾਦ ਕੀਤੀ। ਉਂਜ, ਬਹੁਤ ਸਾਰੇ ਪ੍ਰਤਿਭਾਸ਼ਾਲੀ ਬੱਚੇ ਆਪਣਾ ਜਲਵਾ ਦਿਖਾਉਣ ਤੋਂ ਬਗੈਰ ਹੀ ਹਨੇਰਿਆਂ ਵਿਚ ਗੁਆਚ ਗਏ ਕਿਉਂਕਿ ਬਤੌਰ ਮੁਲਕ ਅਸੀਂ ਆਪਣੇ ਸੋਮੇ ਫ਼ਜ਼ੂਲ ਖ਼ਰਚੀ ਵਿਚ ਗੁਆ ਲਏ ਅਤੇ ਮਾਨਵੀ ਵਸੀਲਿਆਂ ਨੂੰ ਐਵੇਂ ਹੀ ਮੁਰਝਾ ਜਾਣ ਦਿੱਤਾ। ਹਰ ਸੂਬੇ ਨੂੰ ਹੀ ਨਹੀਂ ਸਗੋਂ ਹਰ ਸ਼ਹਿਰ, ਕਸਬੇ ਅਤੇ ਪਿੰਡ ਨੂੰ ਪ੍ਰਤਿਭਾ ਦੀ ਖੋਜ ਲਈ ਨਿਰਪੱਖ, ਇਮਾਨਦਾਰ ਅਤੇ ਭ੍ਰਿਸ਼ਟਾਚਾਰ ਮੁਕਤ ਢਾਂਚਾ ਚਾਹੀਦਾ ਹੈ। ਪ੍ਰਤਿਭਾ ਨੂੰ ਸਾਣ 'ਤੇ ਚਾੜ੍ਹਨ ਲਈ ਲੋੜੀਂਦਾ ਬੁਨਿਆਦੀ ਢਾਂਚਾ ਅਤੇ ਸੰਸਥਾਈ ਸਹਾਇਤਾ ਵੀ ਲੋੜੀਂਦੇ ਹਨ।

ਜੇ ਪੰਜਾਬ ਵਿਚ ਕੋਈ ਬੰਨ੍ਹ-ਸੁਭ ਨਹੀਂ ਬਣ ਰਿਹਾ ਤਾਂ ਕਾਰਨ ਇਹ ਹੈ ਕਿ ਸਾਲ ਦਰ ਸਾਲ ਪੱਖਪਾਤ ਤੇ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਮੈਰਿਟ ਨੂੰ ਕੁਰਬਾਨ ਕਰ ਦਿੱਤਾ ਗਿਆ ਹੈ। ਜਮਹੂਰੀਅਤ ਨੂੰ ਕੁਝ ਚੋਣਵੇਂ ਸਿਆਸੀ ਪਰਿਵਾਰਾਂ ਨੇ ਅਗਵਾ ਕਰ ਲਿਆ ਹੈ ਜੋ ਆਪਣੀ ਸੱਤਾ ਅਤੇ ਸੁੱਖ-ਸਹੂਲਤਾਂ ਦੀ ਖ਼ਾਤਿਰ ਸਾਜ਼ਿਸ਼ ਲਈ ਰਲ ਬੈਠੇ ਹਨ। 98 ਵਰ੍ਹਿਆਂ ਦੇ ਸ਼ਾਨਾਮੱਤੇ ਇਤਿਹਾਸ ਵਾਲਾ ਸ਼੍ਰੋਮਣੀ ਅਕਾਲੀ ਦਲ ਹੁਣ ਇਕ ਪਰਿਵਾਰ ਦੇ ਕਾਰੋਬਾਰ ਤਕ ਨਿੱਘਰ ਗਿਆ ਹੈ। ਸੰਸਾਰ ਕੱਪ ਦੀ ਤਾਂ ਗੱਲ ਹੀ ਛੱਡੋ, ਕੀ ਪਰਿਵਾਰਕ ਮੈਂਬਰਾਂ ਦੀ ਬਹੁਤਾਤ ਵਾਲੀ ਕੋਈ ਚੋਣ ਕਮੇਟੀ ਅਜਿਹੀ ਟੀਮ ਚੁਣ ਸਕਦੀ ਹੈ ਜਿਹੜੀ ਮੁਕਾਮੀ ਮੈਚ ਜਿੱਤਣ ਦੀ ਵੀ ਸੱਤਿਆ ਰੱਖਦੀ ਹੋਵੇ?

ਇਹੀ ਗੱਲ ਕਾਂਗਰਸ ਉਤੇ ਵੀ ਐਨ ਸਹੀ ਢੁਕਦੀ ਹੈ ਜੋ ਪੰਜਾਬ ਨੂੰ ਅੱਵਲ ਪੁਜ਼ੀਸ਼ਨ ਤੋਂ ਹੇਠਾਂ ਲਿਆ ਸੁੱਟਣ ਲਈ ਬਰਾਬਰ ਦੀ ਜ਼ਿੰਮੇਵਾਰ ਹੈ। ਬਹੁਤ ਮਾੜੀ ਕਾਰਗੁਜ਼ਾਰੀ ਅਤੇ ਪੱਖਪਾਤੀ ਤਰਜੀਹਾਂ ਸਾਬਤ ਹੋਣ ਦੇ ਬਾਵਜੂਦ ਲੀਡਰਾਂ ਦੀ ਉਹੀ ਜੁੰਡਲੀ ਸੱਤਾ ਵਿਚ ਆ ਗਈ ਹੈ। ਇਹ ਅਜਿਹੀ ਕੰਗਾਲ ਟੀਮ ਹੈ ਜਿਸ ਨੂੰ ਪੰਜਾਬੀ ਆਪਣੀ ਅਗਵਾਈ ਲਈ ਵਾਰ-ਵਾਰ ਚੁਣ ਰਹੇ ਹਨ। ਜਿਸ ਤਰ੍ਹਾਂ ਸੰਸਾਰ ਕੱਪ ਵਿਚ ਹੁੰਦਾ ਹੈ, ਮਾੜੀ ਕਾਰਗੁਜ਼ਾਰੀ ਕੋਈ ਔਗੁਣ ਨਹੀਂ ਹੁੰਦੀ; ਇਹ ਭਾਵੇਂ ਸ਼ਖ਼ਸੀ ਪੱਧਰ 'ਤੇ ਹੋਵੇ ਜਾਂ ਪਾਰਟੀ ਪੱਧਰ ਉਤੇ।

ਸੱਤਾਧਾਰੀ ਜੁੰਡਲੀ ਹਵਾ ਦੇ ਤਾਜ਼ਾ ਬੁੱਲਿਆਂ ਲਈ ਪਾਰਟੀ ਦੇ ਦਰਵਾਜ਼ੇ ਨਹੀਂ ਖੋਲ੍ਹ ਰਹੀ। ਜੇ ਕਾਂਗਰਸ 2019 ਵਿਚ ਅਤੇ ਉਸ ਤੋਂ ਬਾਅਦ ਪ੍ਰਸੰਗਿਕ ਰਹਿਣਾ ਚਾਹੁੰਦੀ ਹੈ ਤਾਂ ਇਸ ਨੂੰ ਪੁਰਾਣੀ ਲੀਡਰਸ਼ਿਪ ਅਤੇ ਇਨ੍ਹਾਂ ਦੇ ਹਿੱਤਾਂ ਨੂੰ ਚੰਗਾ ਹਲੂਣਾ ਦੇਣਾ ਪਵੇਗਾ ਅਤੇ ਪਾਰਟੀ ਅੰਦਰ ਉਤਸ਼ਾਹੀ ਨੌਜੁਆਨਾਂ ਨੂੰ ਅੱਗੇ ਲਿਆਉਣਾ ਪਵੇਗਾ। 'ਆਪ' ਬਾਰੇ ਕੁਝ ਵੀ ਕਹਿਣ ਦੀ ਥਾਂ ਅਜੇ ਹੋਰ ਉਡੀਕਣਾ ਪਵੇਗਾ ਕਿਉਂਕਿ ਦਿੱਲੀ ਤੋਂ ਬਾਹਰ ਇਸ ਦੀ ਅਜ਼ਮਾਇਸ਼ ਅਜੇ ਹੋਈ ਨਹੀਂ ਹੈ।

ਮਾੜੀ ਸਰਕਾਰ ਵੀ ਚੰਗੀ ਕਾਰਗੁਜ਼ਾਰੀ ਦਿਖਾ ਸਕਦੀ ਹੈ ਜੇ ਇਹ ਸੰਸਥਾਵਾਂ ਦਾ ਸਤਿਕਾਰ ਕਰੇ ਅਤੇ ਨਿਯਮਾਂ ਮੁਤਾਬਕ ਚੱਲੇ। ਭ੍ਰਿਸ਼ਟਾਚਾਰ ਅਤੇ ਮੁਲਾਹਜ਼ੇਦਾਰੀਆਂ ਦੇ ਇਤਿਹਾਸ ਦੇ ਬਾਵਜੂਦ 'ਫੀਫਾ' ਨੇ ਫੁੱਟਬਾਲ ਦੀ ਖੇਡ ਨੂੰ ਲੀਹ ਉਤੇ ਹੀ ਨਹੀਂ ਰੱਖਿਆ ਸਗੋਂ ਨਵੀਆਂ ਟੀਸੀਆਂ ਵੀ ਛੋਹੀਆਂ ਹਨ। ਪੰਜਾਬ ਦੀਆਂ ਸਰਕਾਰਾਂ ਕਾਨੂੰਨ ਦੀਆਂ ਕਿਤਾਬਾਂ ਨੂੰ ਹਵਾ 'ਚ ਉਡਾਉਂਦੀਆਂ ਰਹੀਆਂ ਹਨ ਅਤੇ ਸਭ ਫ਼ੈਸਲੇ ਅਕਸਰ ਮੁੱਖ ਮੰਤਰੀ ਜਾਂ ਉੱਪ ਮੁੱਖ ਮੰਤਰੀ ਦੀ ਪਸੰਦ ਮੁਤਾਬਕ ਹੁੰਦੇ ਰਹੇ ਹਨ। ਮਾੜੇ ਸਾਥ ਅਤੇ ਰਾਜ ਪ੍ਰਬੰਧ ਦੇ ਆਪਣੇ ਨਤੀਜੇ ਹੁੰਦੇ ਹਨ। ਕਾਂਗਰਸ ਕੋਲ ਕੌਮਾਂਤਰੀ ਹਾਕੀ ਖਿਡਾਰੀ ਪਰਗਟ ਸਿੰਘ ਹੈ ਜੋ ਐਮਐਲਏ ਵੀ ਹੈ; ਫਿਰ ਵੀ ਖੇਡ ਮੰਤਰੀ ਵਾਲਾ ਕਾਰਜ ਸਕੂਲ ਪਾਸ ਲੀਡਰ ਨੂੰ ਦੇ ਦਿੱਤਾ ਗਿਆ ਜਿਸ ਕੋਲ ਖੇਡਾਂ ਲਈ ਕੋਈ ਜੋਸ਼ ਨਹੀਂ ਹੈ।

ਬਟਾਲਾ ਨੇੜਲੇ ਪਿੰਡ ਗੁਜਰਪੁਰਾ ਦੀ ਵਸਨੀਕ ਕੌਮਾਂਤਰੀ ਕਰਾਟੇ ਖਿਡਾਰਨ ਕੁਲਦੀਪ ਕੌਰ ਨੇ ਇਸੇ ਸਾਲ ਜਨਵਰੀ ਵਿਚ ਖ਼ੁਦਕੁਸ਼ੀ ਕਰ ਲਈ ਸੀ। ਉਸ ਅਤੇ ਉਸ ਦੀ ਮਾਂ ਉੱਤੇ ਹਮਲਾ ਹੋਇਆ ਸੀ ਅਤੇ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ ਸਗੋਂ ਹਮਲਾਵਰਾਂ ਦੀ ਸਰਪ੍ਰਸਤੀ ਇਲਾਕੇ ਦੇ ਮੰਤਰੀ ਨੇ ਕੀਤੀ। ਇਸ ਤੋਂ ਬਾਅਦ ਕੇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਜਿਸ ਨੇ ਖ਼ਦਸ਼ੇ ਮੁਤਾਬਕ ਆਪਣੀ ਰਿਪੋਰਟ ਵਿਚ ਸ਼ੱਕੀਆਂ ਦਾ ਹੀ ਪੱਖ ਪੂਰਿਆ ਪਰ ਅਦਾਲਤ ਨੇ ਇਹ ਰਿਪੋਰਟ ਰੱਦ ਕਰ ਦਿੱਤੀ। ਇਹ ਦੋ ਮਿਸਾਲਾਂ ਸਰਕਾਰ ਦੀ ਕਾਰਕਰਦਗੀ ਅਤੇ ਲੀਡਰਸ਼ਿਪ ਦੀ ਮਾਨਸਿਕਤਾ ਦੇ ਦਰਸ਼ਨ ਕਰਵਾ ਦਿੰਦੀਆਂ ਹਨ।

ਇਹ ਠੀਕ ਹੈ ਕਿ ਹਰ ਖਿਡਾਰੀ ਤੇ ਹਰ ਮੁਲਕ ਜਾਂ ਸੂਬਾ ਸੰਸਾਰ ਪੱਧਰ ਦੇ ਮਿਆਰਾਂ ਤੱਕ ਨਹੀਂ ਪਹੁੰਚ ਸਕਦਾ। ਦੁਖਦਾਈ ਗੱਲ ਇਹ ਹੈ ਕਿ ਇਸ ਪਾਸੇ ਕੋਈ ਕੋਸ਼ਿਸ਼ ਹੀ ਨਹੀਂ ਕੀਤੀ ਜਾ ਰਹੀ। ਜਿਸ ਸੂਬੇ ਵਿਚ ਬੇਰੁਜ਼ਗਾਰੀ ਸਿਖਰਾਂ ਛੂਹ ਰਹੀ ਹੋਵੇ ਅਤੇ ਨੌਜੁਆਨਾਂ ਦਾ ਪੂਰ ਨਸ਼ਿਆਂ ਦੀ ਦਲਦਲ ਵਿਚ ਫਸ ਗਿਆ ਹੋਵੇ ਤਾਂ ਖੇਡ ਕਲਚਰ ਅਪਨਾਉਣਾ ਮਹਿਜ਼ ਕੋਈ ਮਰਜ਼ੀ ਨਹੀਂ ਰਹਿ ਜਾਂਦੀ ਸਗੋਂ ਲੋੜ ਬਣ ਜਾਂਦੀ ਹੈ ਪਰ ਲੀਹ ਪਾੜਨ ਲਈ ਤੁਹਾਨੂੰ ਅਜਿਹੀ ਲੀਡਰਸ਼ਿਪ ਦੀ ਲੋੜ ਹੁੰਦੀ ਹੈ ਜਿਹੜੀ ਜਾਗਰੂਕ ਤੇ ਜ਼ਿੰਮੇਵਾਰ ਹੋਵੇ ਅਤੇ ਪ੍ਰਤਿਭਾ ਦੀ ਕਦਰ ਕਰੇ। ਅਜਿਹਾ ਸਿਰਫ਼ ਖੇਡਾਂ ਦੇ ਖੇਤਰ ਵਿਚ ਹੀ ਨਹੀਂ ਸਗੋਂ ਹਰ ਖੇਤਰ- ਸਿੱਖਿਆ, ਸਿਹਤ, ਖੇਤੀ, ਸਨਅਤ, ਵਾਤਾਵਰਨ ਤੇ ਸਿਆਸਤ ਵਿਚ ਵੀ ਹੋਣਾ ਚਾਹੀਦਾ ਹੈ। ਅਸੀਂ ਫ਼ਿਲਹਾਲ ਸੰਸਾਰ ਵਿਆਪੀ ਉੱਤਮਤਾ ਦੇ ਸੁਪਨੇ ਲੈਣੇ ਬੰਦ ਕਰ ਦਿੱਤੇ ਹੋਏ ਹਨ।

# ਫੀਫਾ ਵਿਸ਼ਵ ਕੱਪ 2018 ਦਾ ਦੂਜਾ ਪਾਸਾ

**ਮਨਦੀਪ**

ਮਕਬੂਲ ਖੇਡ ਫੁੱਟਬਾਲ ਦਾ 21ਵਾਂ ਮਹਾਂ-ਮੁਕਾਬਲਾ 'ਫੀਫਾ ਵਿਸ਼ਵ ਕੱਪ 2018' ਮੇਜ਼ਬਾਨ ਰੂਸ ਵਿੱਚ ਧੂਮਧਾਮ ਨਾਲ ਸ਼ੁਰੂ ਹੋ ਚੁੱਕਾ ਹੈ। ਦੁਨੀਆ ਭਰ ਵਿਚ ਸੋਸ਼ਲ ਮੀਡੀਆ, ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਅਤੇ ਲੋਕਾਂ ਦੀ ਜ਼ੁਬਾਨ ਉੱਤੇ ਇਸਦੀ ਖ਼ੂਬ ਚਰਚਾ ਹੈ। ਫੀਫਾ ਕਲੱਬ, ਰਾਸ਼ਟਰੀ ਤੇ ਬਹੁਰਾਸ਼ਟਰੀ ਕੰਪਨੀਆਂ ਅਤੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਵੀ ਇਸ ਦੀ ਹਰਮਨਪਿਆਰਤਾ ਵਧਾਉਣ ਲਈ ਯਤਨ ਕਰ ਰਹੀਆਂ ਹਨ।

ਸੰਸਾਰ ਭਰ ਵਿੱਚ ਫੀਫਾ ਕਲੱਬ ਤੇ ਉਸ ਦੀਆਂ ਭਾਈਵਾਲ ਕੰਪਨੀਆਂ ਵੱਲੋਂ ਇਸ ਕਦਰ ਚਾਰੇ ਪਾਸੇ ਵਿਸ਼ਵ ਕੱਪ ਦਾ ਸ਼ੋਰਗੁੱਲ ਖੜ੍ਹਾ ਕੀਤਾ ਜਾ ਰਿਹਾ ਹੈ ਕਿ ਦੁਨੀਆ ਭਰ ਵਿਚ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੀਆਂ ਸਰਕਾਰਾਂ ਖਿਲਾਫ਼, ਸੀਰੀਆ ਤੇ ਮੱਧ ਪੂਰਬ ਦੇ ਹੋਰ ਦੇਸ਼ਾਂ ਉੱਪਰ ਹੋ ਰਹੇ ਸਾਮਰਾਜੀ ਹਮਲਿਆਂ ਅਤੇ ਫਿਲਸਤੀਨੀ ਲੋਕਾਂ ਉੱਤੇ ਥੋਪੀ ਜਾ ਰਹੀ ਨਿਹੱਕੀ ਜੰਗ ਖ਼ਿਲਾਫ਼ ਉੱਠ ਰਹੀ ਵਿਰੋਧ ਦੀ ਆਵਾਜ਼ ਨੂੰ ਦਬਾਉਣ ਦੇ ਯਤਨ ਕੀਤੇ ਜਾ ਰਹੇ ਹਨ। ਮੰਦੀ ਦੀ ਮਾਰ ਹੇਠ ਆਈਆਂ ਅਤੇ ਜੰਗ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀਆਂ ਸਰਕਾਰਾਂ ਲਈ ਚਾਲੂ ਵਿਸ਼ਵ ਕੱਪ ਫੌਰੀ ਦਰਦ-ਨਿਵਾਰਕ ਦਵਾਈ ਦਾ ਕੰਮ ਕਰ ਰਿਹਾ ਹੈ। ਸਥਾਨਕ ਸਰਕਾਰਾਂ ਵੀ ਫੀਫਾ ਕੱਪ ਦਾ ਗੁਣਗਾਨ ਕਰਕੇ ਰਾਸ਼ਟਰੀ ਤੇ ਬਹੁਰਾਸ਼ਟਰੀ ਕੰਪਨੀਆਂ ਦੇ ਮੁਨਾਫਿਆਂ ਵਿੱਚ ਇਜ਼ਾਫਾ ਕਰਨ ਦਾ ਵਾਹਕ ਬਣ ਰਹੀਆਂ ਹਨ। ਇਸਦੀ ਉੱਘੀ ਮਿਸਾਲ ਦੱਖਣੀ ਅਮਰੀਕੀ ਦੇਸ਼ਾਂ ਦੀ ਪੂਰੀ ਬੈਲਟ ਤੇ ਖ਼ਾਸਕਰ ਇਸ ਖਿੱਤੇ ਦੇ ਚਿਲੀ, ਬੋਲੀਵੀਆ, ਅਰਜਨਟੀਨਾ ਆਦਿ ਦੇਸ਼ ਹਨ। ਇਹ ਦੇਸ਼ ਮੌਜੂਦਾ ਦੌਰ ਅੰਦਰ ਵੱਡੀ ਤੇ ਇਤਿਹਾਸਕ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੇ ਹਨ। (ਇਹ ਉਹੀ ਖਿੱਤਾ ਹੈ ਜਿੱਥੇ ਆਬਾਦੀ ਦਾ ਵੱਡਾ ਹਿੱਸਾ ਲੋਕ ਫੁੱਟਬਾਲ ਦੇ ਦੀਵਾਨੇ ਹਨ।) ਮਈ ਵਿੱਚ ਅਰਜਨਟੀਨਾ ਦਾ ਸਾਲਾਨਾ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦਨ ਦੇ ਮੁਕਾਬਲੇ ਆਪਣੇ ਸਾਰੇ ਇਤਿਹਾਸਕ ਰਿਕਾਰਡ ਤੋੜਦਿਆਂ ਬੁਰੇ ਦੌਰ ਵਿੱਚ ਦਾਖ਼ਲ ਹੋ ਗਿਆ। ਅਜਿਹੇ ਵਿੱਚ ਲੋਕਾਂ ਦਾ ਸਰਕਾਰ ਵਿਰੁੱਧ ਰੋਹ ਲਗਾਤਾਰ ਲਾਮਬੰਦ ਹੋਣਾ ਸੁਭਾਵਿਕ ਹੀ ਸੀ। ਇਹੀ ਹਾਲਤ ਬਾਕੀ ਲਾਤੀਨੀ ਅਮਰੀਕੀ ਮੁਲਕਾਂ ਦੀ ਹੈ। ਅਜਿਹੇ ਵਿੱਚ ਵਿਸ਼ਵ ਕੱਪ ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਲਈ ਸੰਜੀਵਨੀ ਬੂਟੀ ਦਾ ਕੰਮ ਕਰ ਰਿਹਾ ਹੈ। ਉਹ ਸਰਕਾਰੀ ਨੀਤੀਆਂ ਖਿਲਾਫ਼ ਲਾਮਬੰਦ ਹੋ ਰਹੇ ਲੋਕ ਰੋਹ ਨੂੰ ਵਿਸ਼ਵ ਕੱਪ ਦੇ ਸ਼ੋਰਗੁੱਲ ਹੇਠ ਰੋਲਣ ਲਈ ਫੀਫਾ ਕਲੱਬ ਦਾ ਸਹਿਯੋਗ ਕਰ ਰਹੀਆਂ ਹਨ।

ਰੂਸ ਅੰਦਰ ਗ਼ਰੀਬੀ ਨੂੰ ਵੱਡੇ-ਵੱਡੇ ਸਾਈਨ ਬੋਰਡਾਂ ਹੇਠ ਕੱਜਣ ਦੇ ਯਤਨ ਕੀਤੇ ਗਏ। ਚੋਰ-ਉਚੱਕਿਆਂ 'ਤੇ ਖ਼ਾਸ ਨਜ਼ਰ ਰੱਖੀ ਜਾ ਰਹੀ ਹੈ। ਸ਼ਹਿਰ ਦੇ 20 ਲੱਖ ਕੁੱਤੇ ਤੇ ਬਿੱਲੀਆਂ ਜ਼ਹਿਰੀਲੀ ਦਵਾਈ ਤੇ ਗੋਲੀ ਮਾਰ ਕੇ ਮਾਰ ਦਿੱਤੇ। ਵਿਸ਼ਵ ਕੱਪ



ਤੇ ਫੀਫਾ ਕਲੱਬ ਨਾਲ ਜੁੜੇ ਵਿਵਾਦਾਂ ਬਾਰੇ ਬੋਲਣ ਤੇ ਲਿਖਣ ਵਾਲੇ ਲੇਖਕਾਂ ਅਤੇ ਪੱਤਰਕਾਰਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਰੂਸ 'ਚ ਕਈ ਨਿਰਪੱਖ ਪੱਤਰਕਾਰਾਂ ਤੇ ਲੇਖਕਾਂ ਨੂੰ ਵਿਸ਼ਵ ਕੱਪ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਉੱਧਰ ਫਿਲਸਤੀਨ ਉੱਪਰ ਹੋ ਰਹੇ ਲਗਾਤਾਰ ਹਮਲੇ ਸਬੰਧੀ ਇਜ਼ਰਾਇਲ ਦੀ ਜੰਗੀ ਨੀਤੀ ਦੇ ਵਿਰੋਧ ਵਜੋਂ ਫਿਲਸਤੀਨੀ ਲੋਕਾਂ ਅਤੇ ਖ਼ਾਸਕਰ ਫਿਲਸਤੀਨ ਦੀ ਫੁੱਟਬਾਲ ਟੀਮ ਵੱਲੋਂ ਅਰਜਨਟੀਨਾ ਦੇ ਪ੍ਰਸਿੱਧ ਖਿਡਾਰੀ ਲਾਇਨਲ ਮੈਸੀ ਨੂੰ ਇਜ਼ਰਾਈਲ ਨਾਲ ਦੋਸਤਾਨਾ ਮੈਚ ਨਾ ਖੇਡਣ ਦੀ ਅਪੀਲ ਕੀਤੀ ਗਈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮਾਰਨ ਦੀ ਧਮਕੀ ਦੇਣਾ ਅਤੇ ਰੂਸ ਅੰਦਰ ਹੋ ਰਹੇ ਵਿਸ਼ਵ ਕੱਪ ਦਾ ਵਿਰੋਧ ਹੋਣ ਦੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਬੈਂਬਾਂ ਦੇ ਸਾਏ ਹੇਠ ਮਨੋਰੰਜਨ ਦੇ ਨਾਂ ਹੇਠ ਖੇਡਾਂ ਦਾ ਵਪਾਰ ਕਰਨ ਅਤੇ ਉਸ ਵਪਾਰ ਤੇ ਮਨੋਰੰਜਨ ਦੀ ਆੜ ਹੇਠ ਸਾਮਰਾਜੀ ਤੇ ਵੱਡੇ ਸਰਮਾਏਦਾਰ ਦੇਸ਼ਾਂ ਵੱਲੋਂ ਨਿੱਜੀ ਕਾਰਪੋਰੇਸ਼ਨਾਂ ਦੇ ਮੁਨਾਫ਼ੇ ਵਧਾਉਣ ਲਈ ਅਰਬਾਂ ਜੁਟਾਉਣੇ, ਜੰਗ ਦੀ ਮਾਰ ਹੇਠ ਆਏ ਲੋਕਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਬਰਾਬਰ ਹਨ।

ਫੀਫਾ ਕਲੱਬ ਰਾਸ਼ਟਰੀ ਅਤੇ ਬਹੁਰਾਸ਼ਟਰੀ ਕੰਪਨੀਆਂ ਨਾਲ ਮਿਲਕੇ ਅਤੇ ਆਪਣੇ ਸਿੱਧੇ ਨੈੱਟਵਰਕਾਂ ਰਾਹੀ ਫੁੱਟਬਾਲ ਦੀ ਖੇਡ ਦਾ ਅਤੇ ਲੋਕਾਂ ਦੇ ਮਨੋਰੰਜਨ ਦਾ ਵੱਡਾ ਵਪਾਰ ਕਰ ਰਹੀ ਹੈ। ਇਸ ਦੀਆਂ ਜੜ੍ਹਾਂ ਸਾਮਰਾਜੀ ਮੁਲਕਾਂ ਦੀਆਂ ਸਰਕਾਰਾਂ ਨੂੰ ਹੁੰਦੀ ਮੋਟੀ ਫੰਡਿੰਗ ਤੋਂ ਲੈ ਕੇ ਗ਼ਰੀਬ ਮੁਲਕਾਂ ਦੀਆਂ ਸਰਕਾਰਾਂ ਦੀ ਮਦਦ ਅਤੇ ਇਸ ਦੇ ਇਵਜ਼ 'ਚ ਉਨ੍ਹਾਂ ਨਾਲ ਹੁੰਦੇ ਸਮਝੌਤਿਆਂ ਤਕ ਫੈਲੀਆਂ ਹੋਈਆਂ ਹਨ। ਹਰ ਖੇਤਰ ਦੀ ਖੇਡ ਤੇ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨਾ ਫੀਫਾ ਅਤੇ ਇਸ ਵਰਗੀਆਂ ਹੋਰ ਵੱਡੀਆਂ ਵਿਸ਼ਵ ਖੇਡ ਕਲੱਬਾਂ ਦਾ ਕੋਈ ਮਕਸਦ ਨਹੀਂ ਹੈ। ਬਲਕਿ ਅਰਬਾਂ-ਖਰਬਾਂ ਦੀਆਂ ਕੁਝ ਕੁ ਚੋਣਵੀਆਂ ਖੇਡਾਂ ਦੀ ਚਕਾਚੌਂਧ ਹੇਠ ਵਪਾਰ ਅਤੇ ਸਿਆਸਤ ਦੀਆਂ ਸਰਗਰਮੀਆਂ ਕੀਤੀਆਂ ਜਾਂਦੀਆਂ ਹਨ। ਸੰਸਾਰ ਵਿਆਪੀ ਭੁੱਖਮਰੀ, ਗ਼ਰੀਬੀ, ਬੇਰੁਜ਼ਗਾਰੀ, ਮਹਿੰਗਾਈ, ਜੰਗਾਂ, ਹਮਲੇ ਆਦਿ ਦੇ ਯੁੱਗ ਅੰਦਰ ਅਰਬਾਂ-ਖਰਬਾਂ ਦੀਆਂ ਖੇਡਾਂ ਤੇ ਮਨੋਰੰਜਨ ਬਹੁਗਿਣਤੀ ਗ਼ਰੀਬ ਲੋਕਾਂ ਦੀ ਜ਼ਿੰਦਗੀ 'ਚ ਕੋਈ ਚਾਨਣ ਅਤੇ ਖ਼ੁਸ਼ੀਆਂ ਨਹੀਂ ਲਿਆ ਸਕਦਾ। ਬਲਕਿ ਇਨ੍ਹਾਂ ਖੇਡਾਂ ਦਾ ਸਾਰਾ ਬੋਝ ਆਮ ਲੋਕਾਂ ਉੱਪਰ ਲੱਦਿਆ ਜਾਂਦਾ ਹੈ।

ਇਹੀ ਨਹੀਂ ਸਥਾਨਕ ਸਰਕਾਰਾਂ ਖ਼ਾਸਕਰ ਵਿਸ਼ਵ ਕੱਪ ਦੀ ਮੇਜ਼ਬਾਨੀ ਕਰਨ ਵਾਲੇ ਦੇਸ਼ਾਂ ਅੰਦਰ ਵਿਸ਼ਵ ਕੱਪ ਦੇ ਪ੍ਰਬੰਧਾਂ ਦਾ ਸਾਰਾ ਖ਼ਰਚ ਸਰਕਾਰੀ ਖਜ਼ਾਨੇ ਵਿੱਚੋਂ ਕੀਤਾ ਜਾਂਦਾ ਹੈ ਜਿਸ ਦੀ ਭਰਪਾਈ ਟੈਕਸਾਂ ਦੇ ਰੂਪ 'ਚ ਦੇਸ਼ ਦੇ ਲੋਕਾਂ ਦੀਆਂ ਜੇਬਾਂ ਵਿੱਚੋਂ ਕੀਤੀ ਜਾਂਦੀ ਹੈ। ਰੂਸ ਦੇ ਨੇੜੇ ਨਿਰਦੋਸ਼ ਲੋਕ ਮਰ ਰਹੇ ਹਨ ਤੇ ਦੂਜੇ ਪਾਸੇ ਵਿਸ਼ਵ ਮਨੋਰੰਜਨ ਤੇ ਜਸ਼ਨ ਦੇ ਸੁਰ ਅਲਾਪੇ ਜਾ ਰਹੇ ਹਨ। ਵਿਸ਼ਵ ਕੱਪ, ਵਿਸ਼ਵ ਅਮਨ-ਸ਼ਾਂਤੀ ਤੇ ਵਿਸ਼ਵ ਦੇ ਲੋਕਾਂ ਦੀ ਖ਼ੁਸ਼ਹਾਲੀ ਨਾਲ ਹੀ ਸ਼ੋਭਦੇ ਹਨ।

# ਖ਼ਾਲਸਾ ਰਾਜ ਦੇ ਪੰਜ ਉਸਰੱਈਏ

*ਖ਼ਾਲਸਾ ਰਾਜ ਪੰਜਾਬ ਦੇ ਇਤਿਹਾਸ ਦਾ ਉਹ ਸੁਨਹਿਰੀ ਸਮਾਂ ਸੀ, ਜਿਸ ਨੇ ਜਿੱਥੇ ਮੁਗ਼ਲ ਹਕੂਮਤ ਦੇ ਜ਼ੁਲਮ ਦਾ ਖਾਤਮਾ ਕੀਤਾ, ਉੱਥੇ ਹਿੰਦੁਸਤਾਨ ਦੇ ਵਿੱਚ ਅਰਾਜਕਤਾ ਫੈਲਾਉਣ ਲਈ ਆਉਣ ਵਾਲੇ ਬਾਹਰੀ ਹਮਲਾਵਰਾਂ ਦੇ ਮੂੰਹ ਮੋੜੇ। ਉੱਚੇ-ਸੁੱਚੇ ਕਿਰਦਾਰ ਵਾਲੀ ਖ਼ਾਲਸਾ ਫ਼ੌਜ ਨੇ ਆਮ ਲੋਕਾਂ ਦੇ ਮਨਾਂ ਵਿੱਚੋਂ ਹਕੂਮਤ ਦਾ ਭੈਅ ਖ਼ਤਮ ਕਰਨ ਦੇ ਨਾਲ ਉਨ੍ਹਾਂ ਨੂੰ ਨਿਆਂ ਪਸੰਦ ਸ਼ਾਸਨ ਦਿੱਤਾ। -ਇਬਲੀਸ਼*

**ਮਹਾਰਾਜਾ ਰਣਜੀਤ ਸਿੰਘ :** ਸ਼ੁਕਰਚੱਕੀਆ ਮਿਸਲ ਦੇ ਜਥੇਦਾਰ ਸਰਦਾਰ ਮਹਾ ਸਿੰਘ ਦੇ ਘਰ ਜੀਂਦਪਤੀ ਰਾਜਾ ਗਜਪਤੀ ਸਿੰਘ ਦੀ ਪੁੱਤਰੀ ਬੀਬੀ ਰਾਜ ਕੌਰ ਦੇ ਉਦਰ ਤੋਂ 2 ਨਵੰਬਰ 1780 ਨੂੰ ਰਣਜੀਤ ਸਿੰਘ ਦਾ ਜਨਮ ਹੋਇਆ। ਪਿਤਾ ਦੀ ਮੌਤ ਤੋਂ ਬਾਅਦ 10 ਸਾਲ ਦੀ ਉਮਰ ਵਿਚ ਰਣਜੀਤ ਸਿੰਘ ਗੱਦੀ 'ਤੇ ਬੈਠਾ। ਬਚਪਨ ਦੇ ਵਰ੍ਹਿਆਂ ਦੌਰਾਨ ਮਹਾਰਾਣੀ ਰਾਜ ਕੌਰ ਸਿਆਸਤ ਦਾ ਕੰਮ ਸੰਭਾਲਦੇ ਰਹੇ। ਰਾਜ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਤੋਂ ਬਾਅਦ ਰਣਜੀਤ ਸਿੰਘ ਨੇ ਸੰਨ 1799 ਵਿਚ ਲਾਹੌਰ ਕਬਜ਼ੇ ਵਿਚ ਲੈ ਲਿਆ। ਲਾਹੌਰ ਦਰਬਾਰ 'ਤੇ ਕਬਜ਼ੇ ਦੇ ਨਾਲ ਹੀ ਉਹ 'ਮਹਾਰਾਜਾ' ਦੇ ਖ਼ਿਤਾਬ ਨਾਲ ਜਾਣਿਆ ਜਾਣ ਲੱਗਾ। ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਤੋਂ ਪਿਸ਼ਾਵਰ ਅਤੇ ਤਿੱਬਤ ਦੀ ਹੱਦ ਤੋਂ ਲੈ ਕੇ ਸਿੰਧ ਤੱਕ ਆਪਣੇ ਰਾਜ ਨੂੰ ਫੈਲਾਅ ਕੇ ਇਸ ਨੂੰ ਚਾਰ ਸੂਬਿਆਂ ਲਾਹੌਰ, ਪੇਸ਼ਾਵਰ, ਕਸ਼ਮੀਰ ਅਤੇ ਮੁਲਤਾਨ ਵਿੱਚ ਵੰਡ ਦੇ ਉੱਚ ਪੱਧਰ ਦਾ ਰਾਜ ਪ੍ਰਬੰਧ ਕਾਇਮ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੀ ਜਿੱਥੇ ਸੋਨੇ ਦੀ ਸੇਵਾ ਕਰਵਾਈ, ਉੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਕਿਲ੍ਹਾ ਗੋਬਿੰਦਗੜ੍ਹ ਦਾ ਨਿਰਮਾਣ ਕਰਵਾਇਆ ਤੇ ਗੁਰੂ ਰਾਮਦਾਸ ਜੀ ਦੇ ਨਾਂ 'ਤੇ ਇੱਕ ਬਾਗ ਦੀ ਉਸਾਰੀ ਕਰਵਾਈ। ਉਨ੍ਹਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਸਿੱਕਾ ਵੀ ਚਲਾਇਆ। ਸੁਤੰਤਰ ਖ਼ਾਲਸਾ ਰਾਜ ਦੀ ਸਥਾਪਨਾ ਕਰਨ ਵਾਲਾ ਇਹ ਪ੍ਰਤਾਪੀ ਮਹਾਰਾਜਾ 27 ਜੂਨ 1839 ਨੂੰ ਅਧਰੰਗ ਦੇ ਰੋਗ ਕਾਰਨ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਕਹਿ ਗਿਆ।



**ਮਹਾਰਾਜਾ ਦਲੀਪ ਸਿੰਘ :** ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਦਾ ਜਨਮ ਫਰਵਰੀ 1837 ਨੂੰ ਲਾਹੌਰ ਵਿਖੇ ਮਹਾਰਾਣੀ ਜਿੰਦ ਕੌਰ ਦੇ ਉਦਰ ਤੋਂ ਹੋਇਆ। ਮਹਾਰਾਜਾ ਸ਼ੇਰ ਸਿੰਘ ਦੀ ਮੌਤ ਤੋਂ ਬਾਅਦ 18 ਸਤੰਬਰ 1843 ਨੂੰ ਦਲੀਪ ਸਿੰਘ ਲਾਹੌਰ ਦੇ ਤਖ਼ਤ 'ਤੇ ਬੈਠਾ। ਸ਼ੇਰੇ ਪੰਜਾਬ ਦੀ ਮੌਤ ਅਤੇ ਅਹਿਲਕਾਰਾਂ ਦੀ ਆਪਸੀ ਖਿੱਚੋਤਾਣ ਦਰਮਿਆਨ ਪੰਜਾਬ 'ਤੇ ਕਬਜ਼ੇ ਲਈ ਅੰਗਰੇਜ਼ਾਂ ਨੇ ਸਿੱਖ ਰਾਜ ਖ਼ਿਲਾਫ਼ ਆਪਣੀ ਮੁਹਿੰਮ ਛੇੜ ਦਿੱਤੀ। ਅੰਗਰੇਜ਼ਾਂ ਦੀ ਸਿੱਖਾਂ ਨਾਲ ਪਹਿਲੀ ਵੱਡੀ ਜੰਗ ਤੋਂ ਬਾਅਦ 9 ਮਾਰਚ 1846 ਨੂੰ ਦਿੱਲੀ ਅਤੇ ਲਾਹੌਰ ਦਰਬਾਰ ਦਰਮਿਆਨ ਸੰਧੀ ਤਾਂ ਹੋ ਗਈ ਪਰ ਇਹ ਲੰਬਾ ਸਮਾਂ ਕਾਇਮ ਨਾ ਰਹੀ ਤੇ ਇਸੇ ਵਰ੍ਹੇ ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗੀ ਅਤੇ ਰਾਜ ਪ੍ਰਬੰਧ ਚਲਾਉਣ ਲਈ ਇੱਕ ਹੋਰ ਅਹਿਦਨਾਮਾ ਲਿਖਿਆ ਗਿਆ ਅਤੇ ਰਿਆਸਤ ਦਾ ਪ੍ਰਬੰਧ ਚਲਾਉਣ ਲਈ ਸਿੱਖ ਅੰਗਰੇਜ਼ ਰੈਜ਼ੀਡੈਂਟ ਵੀ ਨਿਯੁਕਤ ਕਰ ਦਿੱਤਾ ਗਿਆ। ਅਪ੍ਰੈਲ 1848 ਵਿੱਚ ਸਿੱਖਾਂ ਅਤੇ ਅੰਗਰੇਜ਼ਾਂ ਵਿਚਾਲੇ ਮੁੜ ਜੰਗ ਛਿੜ ਪਈ। ਇਸ ਜੰਗ ਵਿੱਚ ਸਿੱਖਾਂ ਦੀ ਹਾਰ ਹੋਈ ਅਤੇ 10 ਸਾਲ ਦੇ ਮਹਾਰਾਜੇ ਨੂੰ ਮਾਰਚ-1849 ਨੂੰ ਪਿਤਾ ਦੇ ਰਾਜ ਤੋਂ ਬੇਦਖ਼ਲ ਕਰਕੇ ਉੱਤਰ ਪ੍ਰਦੇਸ਼ ਦੇ ਫ਼ਰੁਖ਼ਾਬਾਦ ਭੇਜ ਦਿੱਤਾ ਗਿਆ। ਅੰਗਰੇਜ਼ਾਂ ਨੇ ਦਲੀਪ ਸਿੰਘ ਦੀ ਸਿੱਖਿਆ ਦੇ ਅਜਿਹੇ ਪ੍ਰਬੰਧ ਕੀਤੇ ਕਿ ਉਹ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ 8 ਮਾਰਚ 1853 ਨੂੰ ਇਸਾਈ ਬਣ ਗਿਆ। 19 ਅਪ੍ਰੈਲ 1854 ਨੂੰ ਮਹਾਰਾਜੇ ਨੂੰ ਇੰਗਲੈਂਡ ਭੇਜ ਦਿੱਤਾ ਗਿਆ। ਸਮੇਂ ਦੇ ਨਾਲ ਮਹਾਰਾਜਾ ਵੀ ਅੰਗਰੇਜ਼ਾਂ ਦੀਆਂ ਨੀਤੀਆਂ ਨੂੰ ਸਮਝਣ ਲੱਗਾ ਤੇ ਉਸ ਨੇ ਮੁੜ ਸਿੱਖ ਧਰਮ ਅਪਣਾ ਲਿਆ। ਮਹਾਰਾਜੇ ਨੇ ਸਿੱਖਾਂ ਨੂੰ ਅੰਗਰੇਜ਼ ਸਾਮਰਾਜ ਵਿਰੁੱਧ ਲਾਮਬੰਦ ਕਰਨ ਲਈ ਭਾਰਤ ਵਾਪਸੀ ਦੇ ਕਈ ਉਪਰਾਲੇ ਕੀਤੇ। ਅਜਿਹੇ ਹੀ ਇੱਕ ਯਤਨ ਦੌਰਾਨ ਹਿੰਦੁਸਤਾਨ ਪਰਤਦੇ ਹੋਏ ਨੂੰ ਉਸ ਨੂੰ ਅਦਨ ਵਿਖੇ ਰੋਕ ਲਿਆ ਗਿਆ। ਉਸ ਉੱਪਰ ਕਈ ਪਾਬੰਦੀਆਂ ਲਗਾ ਦਿੱਤੀਆਂ ਗਈਆਂ। 5 ਸਿੱਖਾਂ ਨੂੰ ਅੰਗਰੇਜ਼ਾਂ ਖ਼ਿਲਾਫ਼ ਲਾਮਬੰਦ ਕਰਨ ਦੀ ਰੀਝ ਦਿਲ ਵਿੱਚ ਲਈ ਆਖ਼ਰ ਮਹਾਰਾਜਾ ਦਲੀਪ ਸਿੰਘ ਪੈਰਿਸ ਵਿੱਚ ਸਦਾ ਲਈ ਇਸ ਜਹਾਨ ਤੋਂ ਕੂਚ ਕਰ ਗਿਆ ਹੈ। ਉਸ ਦੀ ਦੇਹ ਨੂੰ ਪੈਰਿਸ ਤੋਂ ਇੰਗਲੈਂਡ ਲਿਜਾਇਆ ਗਿਆ ਅਤੇ ਉਸ ਦੀ ਰਿਹਾਇਸ਼ 'ਐਲਵਡਨ' ਦੇ ਅਹਾਤੇ ਵਿਚ ਦਫ਼ਨਾ ਦਿੱਤਾ ਗਿਆ।



**ਬਾਬਾ ਬੰਦਾ ਸਿੰਘ ਬਹਾਦਰ :** ਬਾਬਾ ਬੰਦਾ ਸਿੰਘ ਬਹਾਦਰ ਸਿੱਖ ਰਾਜ ਦੇ ਮੁੱਢਲੇ ਉਸਰੱਈਆਂ ਵਿੱਚ ਸਭ ਤੋਂ ਮੋਹਰੀ ਹੈ ਅਤੇ ਉਨ੍ਹਾਂ ਦੀ ਪੰਜਾਬ ਆਮਦ ਨੇ ਮੁਗ਼ਲ ਹਾਕਮਾਂ ਦੇ ਜਬਰ ਨੂੰ ਠੱਲ੍ਹ ਪਾਈ ਅਤੇ ਖ਼ਾਲਸਾ ਰਾਜ ਦੀ ਨੀਂਹ ਰੱਖੀ। ਬਾਬਾ ਬੰਦਾ ਸਿੰਘ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦਾਸ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਅੰਮ੍ਰਿਤ ਛਕ ਕੇ ਉਹ ਮਾਧੋ ਦਾਸ ਬੈਰਾਗੀ ਤੋਂ ਗੁਰਬਖ਼ਸ਼ ਸਿੰਘ ਬਣ ਗਏ, ਪਰ ਸਿੱਖ ਕੌਮ ਉਨ੍ਹਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਹੀ ਯਾਦ ਕਰਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ 1670 ਈਸਵੀ ਨੂੰ ਪੱਛਮੀ ਕਸ਼ਮੀਰ ਦੇ ਪੁੰਛ ਜ਼ਿਲ੍ਹੇ ਦਾ ਰਾਜੌਰੀ ਪਿੰਡ ਵਿੱਚ ਰਾਮਦੇਵ ਡੋਗਰਾ ਨਾਂ ਦੇ ਇਕ ਸਧਾਰਨ ਕਿਸਾਨ ਦੇ ਘਰ ਹੋਇਆ। ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਮੁਗ਼ਲਾਂ ਦੇ ਸਿੱਖਾਂ ਤੇ ਸਾਹਿਬਜ਼ਾਦਿਆਂ ਉੱਪਰ ਕੀਤੇ ਗਏ ਜ਼ੁਲਮਾਂ ਦੀ ਗਾਥਾ ਸੁਣ ਕੇ ਉਸ ਦਾ ਖ਼ੂਨ ਉਬਾਲੇ ਮਾਰਨ ਲੱਗਾ ਤੇ ਉਸ ਨੇ ਗੁਰੂ ਜੀ ਪਾਸੋਂ ਪੰਜਾਬ ਜਾਣ ਦੀ ਆਗਿਆ ਮੰਗੀ। ਗੁਰੂ ਸਾਹਿਬ ਨੇ ਬੰਦੇ ਨੂੰ ਇਸ ਦੀ ਇਜਾਜ਼ਤ ਦੇ ਦਿੱਤੀ। ਬੰਦਾ ਸਿੰਘ ਬਹਾਦਰ ਨੇ ਪਹਿਲਾ ਹਮਲਾ ਸੋਨੀਪਤ ਉੱਪਰ ਕੀਤਾ। ਫਿਰ ਕੈਥਲ, ਸਮਾਣਾ, ਘੁੜਾਮ, ਕਪੂਰੀ, ਸਢੌਰੇ, ਰੋਪੜ ਆਦਿ ਇਲਾਕਿਆਂ ਉੱਪਰ ਕਬਜ਼ਾ ਕਰਦੇ ਹੋਏ ਖ਼ਾਲਸਾ ਫ਼ੌਜ ਸਰਹਿੰਦ ਵੱਲ ਨੂੰ ਵਧੀ ਅਤੇ ਚਪੜਚਿੜੀ ਦੇ ਸਥਾਨ 'ਤੇ ਦੋਵਾਂ ਧਿਰਾਂ ਵਿਚਾਲੇ 22 ਮਈ 1710 ਨੂੰ ਜ਼ੋਰਦਾਰ ਜੰਗ ਹੋਈ। ਇਸ ਜੰਗ ਵਿੱਚ ਵਜ਼ੀਰ ਖ਼ਾਂ ਦੀ ਹਾਰ ਹੋਈ ਅਤੇ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹੰਦ ਵਜ਼ੀਰ ਖ਼ਾਂ ਨੂੰ ਮੌਤ ਦੇ ਘਾਟ ਉਤਾਰ ਕੇ ਸਾਹਿਬਜ਼ਾਦਿਆਂ ਦੀ ਮੌਤ ਦਾ ਬਦਲਾ ਲਿਆ। ਸਰਹਿੰਦ ਫ਼ਤਹਿ ਕਰਨ ਤੋਂ ਬਾਅਦ ਉਨ੍ਹਾਂ ਨੇ ਕਰਨਾਲ ਤੋਂ ਲੁਧਿਆਣੇ ਤੱਕ 22 ਪਰਗਨੇ ਆਪਣੇ ਅਧੀਨ ਕਰ ਲਏ ਤੇ ਸਢੌਰਾ ਅਤੇ ਨਾਹਨ ਦੇ ਦਰਮਿਆਨ ਮੁਖਲਿਸਪੁਰ ਨਾਂ ਦੇ ਪਹਾੜੀ ਸਥਾਨ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਇਸ ਨੂੰ 'ਲੋਹਗੜ੍ਹ' ਦਾ ਨਾਂ ਦਿੱਤਾ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਵੀ ਚਲਾਇਆ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜਲੰਧਰ, ਅੰਮ੍ਰਿਤਸਰ, ਬਟਾਲਾ, ਕਲਾਨੌਰ ਅਤੇ ਪਠਾਨਕੋਟ ਨੂੰ ਵੀ ਆਪਣੇ ਅਧਿਕਾਰ ਵਿੱਚ ਲੈ ਲਿਆ। ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਫਰੁਖਸੀਅਰ ਸ਼ਹਿਨਸ਼ਾਹ-ਏ-ਹਿੰਦ ਬਣਿਆ। ਉਸ ਨੇ ਕਸ਼ਮੀਰ ਦੇ ਸੂਬੇਦਾਰ ਅਬਦੁਸ ਸਮੱਦ ਖ਼ਾਂ ਨੂੰ ਸਿੱਖਾਂ ਵਿਰੁੱਧ ਕਾਰਵਾਈ ਦੇ ਹੁਕਮ ਦਿੱਤੇ। ਗੁਰਦਾਸ ਨੰਗਲ ਦੀ ਗੜ੍ਹੀ ਵਿਚ ਅੱਠ ਮਹੀਨੇ ਤੱਕ ਲੜਾਈ ਹੁੰਦੀ ਰਹੀ ਤੇ ਅੰਤ 7 ਦਸੰਬਰ 1715 ਨੂੰ ਬਾਬਾ ਬੰਦਾ ਸਿੰਘ ਬਹਾਦਰ ਤੇ 200 ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦਿੱਲੀ ਵਿੱਚ ਤਸੀਹੇ ਦੇ ਕੇ ਉਨ੍ਹਾਂ ਨੂੰ 19 ਜੂਨ 1716 ਨੂੰ ਸ਼ਹੀਦ ਕਰ ਦਿੱਤਾ ਗਿਆ।



**ਨਵਾਬ ਜੱਸਾ ਸਿੰਘ ਆਹਲੂਵਾਲੀਆ :** ਸਿੱਖ ਰਿਆਸਤਾਂ ਦੀ ਚੜ੍ਹਤ ਨੂੰ ਕਾਇਮ ਰੱਖਣ ਅਤੇ ਰਿਆਸਤਾਂ ਦੇ ਆਪਸੀ ਟਕਰਾਅ ਨੂੰ ਖ਼ਤਮ ਕਰਕੇ ਦਲ ਖ਼ਾਲਸਾ ਦੇ ਰੂਪ ਵਿਚ ਇਕ ਮੰਚ 'ਤੇ ਇਕੱਠੇ ਕਰਨ ਦਾ ਸਿਹਰਾ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਿਰ ਬੱਝਦਾ ਹੈ। ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਆਹਲੂਵਾਲੀਆ ਮਿਸਲ ਦੇ ਸਰਦਾਰ ਬਦਰ ਸਿੰਘ ਦੇ ਘਰ ਸੰਨ 1718 ਨੂੰ ਹੋਇਆ। ਪਿਤਾ ਦੀ ਛੋਟੀ ਉਮਰੇ ਮੌਤ ਤੋਂ ਬਾਅਦ ਉਹ ਆਪਣੀ ਮਾਤਾ ਸਮੇਤ ਦਿੱਲੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸੁਪਤਨੀ ਮਾਤਾ ਸੁੰਦਰ ਕੌਰ ਜੀ ਕੋਲ ਆ ਗਏ। ਇੱਥੇ ਜੱਸਾ ਸਿੰਘ ਨੇ ਧਾਰਮਿਕ ਵਿੱਦਿਆ ਅਤੇ ਕੀਰਤਨ ਵਿੱਦਿਆ ਹਾਸਲ ਕੀਤੀ। ਪੰਜਾਬ ਵਾਪਸੀ 'ਤੇ ਉਹ ਆਪਣੀ ਮਾਤਾ ਸਮੇਤ ਕਰਤਾਰਪੁਰ ਵਿਖੇ ਨਵਾਬ ਕਪੂਰ ਸਿੰਘ ਦੇ ਕੋਲ ਰਹਿਣ ਲੱਗੇ। ਸੰਨ 1748 ਵਿੱਚ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਅੰਮ੍ਰਿਤਸਰ ਦੇ ਹਾਕਮ ਸਲਾਬਤ ਖ਼ਾਨ ਨੂੰ ਮਾਰ ਕੇ ਗੁਰੂ ਨਗਰੀ ਨੂੰ ਖ਼ਾਲਸੇ ਦੇ ਪ੍ਰਬੰਧ ਹੇਠ ਲੈ ਆਂਦਾ। ਉਪਰੰਤ 1753 ਵਿੱਚ ਜਲੰਧਰ ਦੇ ਹਾਕਮ ਅਦੀਨਾਬੇਗ ਪਾਸੋਂ ਇਸ ਸ਼ਹਿਰ ਨੂੰ ਮੁਕਤ ਕਰਵਾਇਆ ਤੇ ਰਾਏ ਇਬਰਾਹੀਮ ਭੱਟੀ ਪਾਸੋਂ ਕਪੂਰਥਲੇ ਨੂੰ ਮੁਕਤ ਕਰਵਾ ਕੇ ਉਸ ਨੂੰ ਆਪਣੀ ਰਾਜਧਾਨੀ ਬਣਾਇਆ। 1200 ਹਿੰਦੁਸਤਾਨੀ ਬੰਦੀ ਔਰਤਾਂ ਨੂੰ ਅਹਿਮਦ ਸ਼ਾਹ ਦੁੱਰਾਨੀ ਪਾਸੋਂ ਮੁਕਤ ਕਰਵਾਉਣ ਕਰਕੇ ਸਿੱਖਾਂ ਨੇ ਉਨ੍ਹਾਂ ਨੂੰ 'ਬੰਦੀ ਛੋੜ' ਦੇ ਖ਼ਿਤਾਬ ਨਾਲ ਨਿਵਾਜਿਆ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਚਲਾਇਆ। 'ਵੱਡੇ ਘੱਲੂਘਾਰੇ' ਦੌਰਾਨ ਵੀ ਉਨ੍ਹਾਂ ਨੇ ਵੱਡੀ ਵੀਰਤਾ ਦਾ ਪ੍ਰਦਰਸ਼ਨ ਕੀਤਾ। ਨਵਾਬ ਜੱਸਾ ਸਿੰਘ ਆਹਲੂਵਾਲੀਆ ਦਾ ਦਿਹਾਂਤ ਸੰਨ 1783 ਨੂੰ ਅੰਮ੍ਰਿਤਸਰ ਵਿੱਚ ਹੋਇਆ।



**ਨਵਾਬ ਜੱਸਾ ਸਿੰਘ ਰਾਮਗੜ੍ਹੀਆ :** ਨਵਾਬ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਂ ਖ਼ਾਲਸਾ ਰਾਜ ਦੇ ਉਸਰੱਈਆਂ ਵਿਚ ਇਸ ਲਈ ਮਾਣਮੱਤਾ ਹੈ, ਕਿਉਂਕਿ ਸਿੱਖ ਸਰਦਾਰਾਂ ਬਾਬਾ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਆਦਿ ਨਾਲ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਖ਼ਾਲਸਈ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਵਿਚ ਉਨ੍ਹਾਂ ਨੇ ਵੱਡੀ ਭੂਮਿਕਾ ਨਿਭਾਈ। ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੁਰੱਖਿਆ ਲਈ ਨਵਾਬ ਜੱਸਾ ਸਿੰਘ ਨੇ ਸਰਦਾਰ ਨੰਦ ਸਿੰਘ ਸੰਘਾਣੀ ਨਾਲ ਮਿਲ ਕੇ ਰਾਮਰੌਣੀ ਬਣਾਈ। ਇਸ ਰੌਣੀ ਨੂੰ ਅਦੀਨਾ ਬੇਗ ਦੀਆਂ ਫ਼ੌਜਾਂ ਨੇ ਢਹਿ-ਢੇਰੀ ਕਰ ਦਿੱਤਾ, ਪਰ ਜੱਸਾ ਸਿੰਘ ਰਾਮਗੜ੍ਹੀਆ ਨੇ ਮੁੜ ਇਸ ਰੌਣੀ ਦੀ ਉਸਾਰੀ ਕਰਵਾ ਕੇ ਇਸ ਦਾ ਨਾਂ ਗੁਰੂ ਰਾਮਦਾਸ ਜੀ ਦੇ ਨਾਂ 'ਤੇ 'ਕਿਲ੍ਹਾ ਰਾਮਗੜ੍ਹ' ਰੱਖਿਆ। ਇਸੇ ਤੋਂ ਉਹ ਅਤੇ ਉਨ੍ਹਾਂ ਦੇ ਵੰਸ਼ਜ 'ਰਾਮਗੜ੍ਹੀਏ' ਆਖ ਕੇ ਸੱਦੇ ਜਾਣ ਲੱਗੇ। ਨਵਾਬ ਜੱਸਾ ਸਿੰਘ ਰਾਮਗੜ੍ਹੀਆ ਨੇ ਦੀਨਾਨਗਰ, ਬਟਾਲਾ, ਕਲਾਨੌਰ, ਸ੍ਰੀ ਹਰਗੋਬਿੰਦਪੁਰ, ਕਾਦੀਆਂ ਘੁਮਾਣ ਆਦਿ ਇਲਾਕਿਆਂ 'ਤੇ ਆਪਣੀ ਹਕੂਮਤ ਕਾਇਮ ਕੀਤੀ। ਹਰਿਮੰਦਰ ਸਾਹਿਬ ਦੀ ਹਮਲਾਵਰਾਂ ਤੋਂ ਪੱਕੀ ਸੁਰੱਖਿਆ ਲਈ ਉਨ੍ਹਾਂ ਨੇ ਇੱਥੇ 'ਰਾਮਗੜ੍ਹੀਆ ਬੁੰਗੇ' ਦੀ ਉਸਾਰੀ ਕਰਵਾਈ ਤੇ ਸਿੱਖ ਸੈਨਿਕਾਂ ਦੀ ਪੱਕੀ ਤਾਇਨਾਤੀ ਕੀਤੀ। ਉਨ੍ਹਾਂ ਦਾ ਦਿਹਾਂਤ ਸੰਨ 1802 ਨੂੰ ਹੋਇਆ।



## ਝਿੱਕਾ ਆਰਟ ਪ੍ਰਮੋਸ਼ਨ ਨੇ ਬਣਾਇਆ ਫਾਦਰ'ਜ਼ ਡੇਅ ਨੂੰ ਭਰਪੂਰ ਮਨੋਰੰਜਕ

**ਹੇਅਵਰਡ/ਨਿਊਜ਼ ਬਿਊਰੋ :** ਲੰਬੇ ਸਮੇਂ ਤੋਂ ਮਦਰ'ਜ਼ ਡੇਅ ਮਨਾਉਣ ਦੀਆਂ ਪ੍ਰੰਪਰਾਵਾਂ ਪੰਜਾਬੀ ਭਾਈਚਾਰੇ 'ਚ ਲਗਾਤਾਰ ਰਵਾਇਤ ਵਾਂਗ ਹੀ ਇਕ ਤਰ੍ਹਾਂ ਨਾਲ ਚੱਲਦੀਆਂ ਆ ਰਹੀਆਂ ਹਨ ਪਰ ਝਿੱਕਾ ਆਰਟ ਪ੍ਰੋਮੋਸ਼ਨ ਦੇ ਮਨਜੀਤ ਝਿੱਕਾ, ਸੋਨੀਆ ਚੇੜਾ ਅਤੇ ਬਲਜਿੰਦਰ ਪੱਟੀ ਵਲੋਂ ਪੰਜਾਬ ਲੋਕ ਰੰਗ ਅਤੇ ਇੱਕੀ ਇੰਟਰਨੈਸ਼ਨਲ ਇੰਟਰਟੇਨਮੈਂਟ ਦੇ ਸਹਿਯੋਗ ਨਾਲ ਲੰਘੇ ਐਤਵਾਰ ਨੂੰ ਰਾਜਾ ਸਵੀਟਸ ਹੇਅਵਰਡ ਵਿਖੇ ਫਾਦਰ'ਜ਼ ਡੇਅ ਮਨਾ ਕੇ ਸ਼ਾਇਦ ਕੈਲੀਫੋਰਨੀਆ 'ਚ ਪਹਿਲੀ ਵਾਰ ਪੰਜਾਬੀ ਭਾਈਚਾਰੇ ਲਈ ਇਕ ਤਰ੍ਹਾਂ ਨਾਲ ਫਾਦਰ'ਜ਼ ਡੇਅ ਦੀ ਮਹੱਤਤਾ ਹੋਰ ਵੀ ਗੂੜ੍ਹੀ ਕਰ ਦਿੱਤੀ ਹੈ। ਇਸ ਮੌਕੇ ਤੇ ਵੱਖ ਵੱਖ ਰੰਗਾਰੰਗ ਪ੍ਰੋਗਰਾਮ ਦਿਲਕਸ਼ ਸਨ, ਆਪਣੇ ਅੰਦਾਜ ਦੇ ਸਨ, ਖਾਸ ਤੌਰ ਤੇ ਬਲਜਿੰਦਰ ਪੱਟੀ ਦਾ ਗੀਤ 'ਮਾਂ ਦੀਆਂ ਸਿਫਤਾਂ ਸਾਰੇ ਕਰਦੇ ਪਿਓ ਦਾ ਨਾਂ ਕੋਈ ਲੈਂਦਾ ਨਹੀਂ' ਨਾਲ ਕੋਰੀਓਗ੍ਰਾਫੀ ਕਰਕੇ ਸਮਾਜ 'ਚ ਬਾਪ ਦੇ ਮਹੱਤਵਪੂਰਨ ਚਰਿੱਤਰ ਨੂੰ ਭਾਵੁਕ ਬਣਾ ਦਿੱਤਾ। ਜਸਜੀਤ ਤੇ ਜਸਪ੍ਰੀਤ, ਜਸਵਿੰਦਰ ਸੱਗੀ ਵਲੋਂ ਗੀਤਾਂ ਨਾਲ ਕਮਾਲ ਦੀ ਪੇਸ਼ਕਾਰੀ ਦੇਣ ਤੋਂ ਸਿਵਾ ਗਰੁੱਪ ਸੌਂਗ 'ਜਦੋਂ ਪਿਆ ਛਣਕਾਟਾ ਮੇਰੀ ਵੰਗ ਦਾ' ਪੇਸ਼ ਕੀਤਾ ਗਿਆ। ਅਜੇ ਭੰਗੜਾ ਅਕੈਡਮੀ ਵਲੋਂ ਕੁੜੀਆਂ ਦਾ ਭੰਗੜਾ ਅਤੇ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਗਿੱਧਾ ਇਕ ਤਰ੍ਹਾਂ ਨਾਲ ਇਸ ਦਿਵਸ ਦੇ ਸੰਗੀਤਕ ਰੰਗਾਂ 'ਚ ਮਹੱਤਵਪੂਰਨ ਤੇ ਦਿਲਕਸ਼ ਪੇਸ਼ਕਾਰੀ ਸੀ। ਝਿੱਕਾ ਆਰਟ ਪ੍ਰੋਮੋਸ਼ਨ ਵਲੋਂ ਮਨਜੀਤ ਝਿੱਕਾ ਅਤੇ ਸੋਨੀਆ ਚੇੜਾ ਨੇ ਕਿਹਾ ਕਿ ਉਹ ਖੁਸ਼ ਹਨ ਕਿ ਪਹਿਲੇ ਵਰ੍ਹੇ ਹੀ ਫਾਦਰ'ਜ਼ ਡੇਅ ਮਨਾਉਣ 'ਚ ਵੱਡੀਆਂ ਤੇ ਅਹਿਮ ਸਖਸ਼ੀਅਤਾਂ ਹਾਜ਼ਰ ਹੋਈਆਂ। ਪ੍ਰੋਗਰਾਮ ਦਾ ਲਗਾਤਾਰ ਚਾਰ ਘੰਟੇ ਸਿਖਰ ਬਣਾ ਕੇ ਚੱਲਣਾ ਉਹਨਾਂ ਦੀ ਪ੍ਰਾਪਤੀ ਹੈ। ਉਹ ਅਗਲੇ ਵਰ੍ਹਿਆਂ ਵਿਚ ਇਸ ਦਿਵਸ ਨੂੰ ਹੋਰ ਵੀ ਵੱਡੇ ਪੱਧਰ ਤੇ ਮਨਾਉਣ ਦਾ ਹਰ ਸੰਭਵ ਯਤਨ ਕਰਨਗੇ। ਉਨ੍ਹਾਂ ਆਪਣੇ ਸਹਿਯੋਗੀਆਂ ਤੇ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਜਿੱਥੇ ਸੀਨੀਅਰ ਫਾਦਰ'ਜ਼ ਨੂੰ ਦਸਤਾਰਾਂ ਅਤੇ ਹੋਰ ਸਨਮਾਨਯੋਗ ਚਿੰਨ੍ਹ ਦੇ ਕੇ ਉਨ੍ਹਾਂ ਦੇ ਸਮਾਜਿਕ ਰੋਲ ਨੂੰ ਵਡਿਆਈ ਦਿੱਤੀ ਉੱਥੇ ਇਸ ਦਿਨ ਨਾਲ ਸਬੰਧਿਤ ਹੋਰ ਵੀ ਯਾਦਗਾਰੀ ਚਿੰਨ੍ਹ ਪ੍ਰਦਾਨ ਕੀਤੇ ਗਏ। ਮੰਚ ਸੰਚਾਲਨ ਸ਼ਕਤੀ ਮਾਣਕ ਨੇ ਕੀਤਾ ਅਤੇ ਰਾਜਾ ਸਵੀਟਸ ਦੇ ਲਾਜ਼ੀਜ਼ ਖਾਣਿਆਂ ਦਾ ਹਾਜ਼ਰ ਲੋਕਾਂ ਨੇ ਅਨੰਦ ਮਾਣਿਆ।

## ਆਸਟਰੇਲੀਆ 'ਚ ਲੱਗਿਆ ਖੇਤੀ ਮੇਲਾ ਪੰਜਾਬ ਦੀ ਯਾਦ ਦਿਵਾ ਗਿਆ



ਮੇਲੇ ਵਿਚ ਖਿੱਚ ਦਾ ਕੇਂਦਰ ਰਿਹਾ ਸਾਲ 1911 ਵਿਚ ਬਣਿਆ, 'ਟਾਈਪ-ਡੀ ਟਾਈਟਨ ਟਰੈਕਟਰ'।

**ਸਿਡਨੀ/ਬਿਊਰੋ ਨਿਊਜ਼ :** ਆਸਟਰੇਲੀਆ ਤੇ ਕਰੀਬ ਤਿੰਨ ਹਜ਼ਾਰ ਕਿਸਾਨ ਅਤੇ ਕਾਰੋਬਾਰੀ ਖੇਤੀ ਨਾਲ ਸਬੰਧਤ ਪੁਰਾਣੀ ਮਸ਼ੀਨਰੀ ਖ਼ਰੀਦਣ ਅਤੇ ਵੇਚਣ ਲਈ ਇਕੱਠੇ ਹੋਏ। ਇਸ ਮੇਲੇ ਦੀ ਸ਼ੁਰੂਆਤ ਰਵਾਇਤੀ ਟਰੈਕਟਰ ਅਤੇ ਖੇਤੀ ਸੰਦਾਂ ਦੀ ਵਿੱਕਰੀ ਲਈ ਲੱਖਾਂ ਡਾਲਰਾਂ ਦੀ ਬੋਲੀ ਨਾਲ ਹੋਈ। ਆਸਟਰੇਲੀਆ ਵਿਚ ਆਪਣੀ ਕਿਸਮ ਦਾ ਇਹ ਅਨੋਖਾ ਖ਼ਰੀਦੋ-ਫ਼ਰੋਖ਼ਤ ਮੇਲਾ ਹੈ, ਜੋ ਪੰਜਾਬ ਦੇ ਕਿਸੇ ਪੇਂਡੂ ਮੇਲੇ ਦੀ ਝਾਤ ਪਾਉਂਦਾ ਹੈ।

ਇਹ ਮੇਲਾ ਨਿਊ ਸਾਊਥ ਵੇਲਜ਼, ਪੱਛਮੀ ਆਸਟਰੇਲੀਆ, ਕੁਈਨਜ਼ਲੈਂਡ ਤੇ ਨਿਊਜ਼ੀਲੈਂਡ ਤੋਂ ਖੇਤੀ ਸੰਦਾਂ ਦੇ ਇਤਿਹਾਸ ਦਾ ਵਿਲੱਖਣ ਨਮੂਨਾ ਹੈ। ਬੋਲੀ ਲਾਉਣ ਲਈ ਟਿਊਮਬਾ ਵਿਚ ਵਿੰਟੇਜ ਟਰੈਕਟਰ 'ਸੇਲ ਆਫ਼ ਦਿ ਕੰਟਰੀ' ਮਨਾਇਆ ਜਾਂਦਾ ਹੈ, ਜਿਸ ਵਿਚ ਸੈਂਕੜੇ ਤੋਂ ਵੱਧ ਪੁਰਾਣੇ ਟਰੈਕਟਰ ਮੇਲੇ ਦਾ ਸ਼ਿੰਗਾਰ ਬਣਦੇ ਹਨ। ਇਸ ਮੇਲੇ ਵਿਚ ਕਾਸ਼ਤ ਕਰਨ ਲਈ ਪੁਰਾਤਨ ਹਲ, ਤਵੀਆਂ ਤੇ ਹੋਰ ਖੇਤੀ ਮਸ਼ੀਨਰੀ ਨਿਲਾਮੀ ਦਾ ਹਿੱਸਾ ਬਣਦੇ ਹਨ। ਮੇਲੇ ਦੌਰਾਨ ਬਹੁਤੇ ਟਰੈਕਟਰ 50,000 ਡਾਲਰ ਤੋਂ ਵੱਧ ਦੀ ਬੋਲੀ ਨਾਲ ਵਿਕੇ। ਇੱਕ ਗੰਨਾ ਕਾਸ਼ਤਕਾਰ ਜੈੱਫ ਨੇ ਕਿਹਾ ਕਿ ਪੁਰਾਣੀ ਮਸ਼ੀਨਰੀ ਨਾਲ ਕਿਸਾਨ ਦੀਆਂ ਯਾਦਾਂ ਜੁੜੀਆਂ ਹੁੰਦੀਆਂ ਹਨ। ਕਿਸਾਨ ਸ਼ੈਨਨ ਬੈਸਟਮੈਨ ਆਪਣੇ ਦੋ ਪੋਤਰਿਆਂ ਨੂੰ ਮੇਲੇ ਵਿਚ ਲੈ ਕੇ ਆਇਆ। ਸ਼ੈਨਨ ਅਨੁਸਾਰ ਇਹ ਚੰਗਾ ਮੌਕਾ ਹੈ ਕਿ ਨਵੀਂ ਪੀੜ੍ਹੀ ਨੂੰ ਪੁਰਾਣੀ ਮਸ਼ੀਨਰੀ ਦੇਖਣ ਤੇ ਜਾਣਨ ਦਾ ਮੌਕਾ ਮਿਲਦਾ ਹੈ। ਮੇਲੇ ਵਿਚ ਸਾਲ 1911 ਵਿਚ ਬਣਿਆ 'ਟਾਈਪ-ਡੀ ਟਾਈਟਨ ਟਰੈਕਟਰ' ਖਿੱਚ ਦਾ ਕੇਂਦਰ ਰਿਹਾ, ਜਿਸ ਦੀ ਬੋਲੀ 1,90,000 ਡਾਲਰ ਵਿਚ ਲੱਗੀ।

# Classified

## ਲੜਕੀ ਦੀ ਲੋੜ

ਲਾਸ ਏਂਜਲਸ ਵਿਚ ਰਹਿ ਰਹੇ ਗਰੀਨ ਕਾਰਡ ਹੋਲਡਰ 6 ਫੁੱਟ ਦੇ 34 ਸਾਲਾ ਜੱਟ ਸਿੱਖ ਲੜਕੇ ਗੋਤ ਵਿਰਕ, 10+2 ਪਾਸ, ਟਰੱਕ ਡਰਾਈਵਰ ਲਈ ਕੱਚੀ ਜਾਂ ਪੱਕੀ ਲੜਕੀ ਦੀ ਲੋੜ ਹੈ। ਕੈਨੇਡਾ ਜਾਂ ਅਮਰੀਕਾ ਰਹਿ ਰਹੀ ਲੜਕੀ ਨੂੰ ਤਰਜੀਹ।

ਸੰਪਰਕ ਕਰੋ : 909-210-6379

ਈਮੇਲ : palwinderusa3@gmail.com

## GRANTHI SINGH REQUIRED

A US based Gurudwara is looking for Garanthi Singh who is proficient in Gurbani, Katha,Kirtan, Harmonium, Tabla and can communicate with children in English. Individual must also be willing to work in Langar. Both husband & wife fully dedicated and conversant with Gurmat will be preferred.

Email Resume to

**swinderhundal@yahoo.com**

## CHEF REQUIRED

Chef Needed for Samrath Restaurant in Los Angeles, CA. Must be able to prepare North Indian food. Chinese food experience is preferable. Cashier/Server/Waiter front desk also needed.

Please call

**(747) 224-1079**

or email resume to

**samrathrestaurant@gmail.com**


## ਏਜੀਪੀਸੀ ਵਲੋਂ ਖਾਲਸਾ ਰਾਜ ਦੀਆਂ ਬਰਕਤਾਂ ਤੇ ਬਖਸ਼ਿਸ਼ਾਂ ਸਬੰਧੀ ਸ਼ਾਨਦਾਰ ਵਿਚਾਰ ਗੋਸ਼ਟੀ

ਨੇ ਵੱਖੋ ਵੱਖ ਵਿਸ਼ਿਆਂ ਉਤੇ ਆਪਣੇ ਵਿਚਾਰ ਸੰਗਤਾਂ-ਸਰੋਤਿਆਂ ਨਾਲ ਸਾਂਝੇ ਕੀਤੇ।

ਡਾ. ਉਦੋਕੇ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਤੋਂ ਲੈ ਕੇ ਉਸ ਦੁਆਰਾ ਹਾਸਲ ਕੀਤੀ ਮਹਾਨ ਸ਼ਹਾਦਤ ਤੱਕ ਦੇ ਕਾਲ ਨੂੰ ਆਪਣੇ ਲਫਜ਼ਾਂ ਨਾਲ ਉਸ ਕਾਲ ਦੇ ਇਤਿਹਾਸਕ ਹਵਾਲਿਆਂ ਨਾਲ ਇਸ ਤਰਾਂ ਪਰੋਇਆ ਕਿ ਸਰੋਤਿਆਂ ਨੇ ਬਹੁਤ ਗੰਭੀਰਤਾ ਨਾਲ ਉਨਾਂ ਨੂੰ ਸੁਣਿਆ। ਉਨਾਂ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਉਨਾਂ ਦੁਆਰਾ ਕੀਤੇ ਹਿਰਨੀ ਦੇ ਸ਼ਿਕਾਰ ਵੇਲੇ ਉਸਦੇ ਢਿਡ ਵਿਚੋਂ ਨਿਕਲੇ ਹਿਰਨੀ ਦੇ ਬੱਚਿਆਂ ਦੀ ਤਰਸਯੋਗ ਹਾਲਤ ਵੇਖਣ ਕਰਕੇ ਉਹ ਜੀਵਨ ਤੋਂ ਨਿਰਾਸ਼ ਹੋ ਗਏ ਤੇ ਭਗਤੀ ਵੱਲ ਲੱਗੇ ਤੇ ਵੈਰਾਗੀ ਹੋ ਗਏ। ਉਨਾਂ ਦਾ ਬਚਪਨ ਦਾ ਨਾਮ ਮਾਧੋ ਦਾਸ ਸੀ । ਉਹ ਉਦਾਸੀ ਮੱਤ ਵੱਲ ਪਰੇਰੇ ਗਏ ਤੇ ਦੱਖਣ ਵੱਲ ਚਲੇ ਗਏ ਤੇ ਜਦ ਮਾਧੋ ਦਾਸ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਮਿਲਿਆ ਤਾਂ ਉਹ ਉਸ ਤੋਂ ਪਹਿਲਾਂ ਯੋਗ ਮੱਤ ਧਾਰਨ ਕਰ ਚੁੱਕਾ ਸੀ। ਦਸਮ ਪਾਤਸ਼ਾਹ ਨੇ ਉਸਨੂੰ ਸਿੰਘ ਸਜਾ ਕੇ, ਜਥੇਦਾਰ ਥਾਪ ਕੇ ਖਾਲਸਾ ਰਾਜ ਦੀ ਸਥਾਪਤੀ ਤੇ ਸਿੱਖ ਕੌਮ ਦੇ ਵੈਰੀਆਂ ਨੂੰ ਸਬਕ ਸਿਖਾਉਣ ਲਈ ਪੰਜਾਬ ਭੇਜਿਆ। ਜਿਥੇ ਆ ਕੇ ਉਨਾਂ 1710 ਵਿਚ ਖਾਲਸਾ ਰਾਜ ਦਾ ਐਲਾਨ ਕਰਦਿਆਂ ਇਸ ਪਹਿਲੇ ਮਹਾਨ ਖਾਲਸਾ ਰਾਜ ਦੀ ਨੀਂਹ ਰੱਖੀ। ਤੇ ਪੂਰੇ ਪੰਜਾਬ ਨੂੰ ਆਪਣੇ ਖਾਲਸਾ ਰਾਜ ਵਿਚ ਮਿਲਾ ਦਿੱਤਾ ਤੇ ਜ਼ਮੀਨੀ ਸੁਧਾਰਾਂ ਵਿਚ ਇਨਕਲਾਬੀ ਸੁਧਾਰ ਕਰਦਿਆਂ ਹੱਲ ਵਾਹਕਾਂ ਨੂੰ ਜ਼ਮੀਨਾ ਦੇ ਮਾਲਕ ਬਣਾ ਦਿਤਾ। ਵੈਰੀਆਂ ਦੇ ਧਾਰਮਿਕ ਅਸਥਾਨਾ ਦੀ ਰਖਿਆ ਕੀਤੀ। ਜਨਤਾ ਨਾਲ ਇਨਸਾਫ ਕੀਤਾ ਤੇ ਮੁਗਲਾਂ ਨੂੰ ਭਾਜੜਾਂ ਪਾ ਦਿੱਤੀਆਂ। ਗੁਰਦਾਸ ਨੰਗਲ ਵਿਚ ਮੁਗਲ ਫੌਜਾਂ ਦਾ ਘੇਰਾ ਪੈਣ ਤੇ ਕਈ ਸੌ ਸਿੰਘਾਂ ਨਾਲ ਗ੍ਰਿਫਤਾਰ ਹੋਏ ਤੇ ਦਿੱਲੀ ਜਾ ਕੇ ਬਹਾਦਰੀ ਤੇ ਸਿਰੜ ਨਾਲ ਮਹਾਨ ਸ਼ਹੀਦੀ ਨੂੰ ਪ੍ਰਾਪਤ ਕੀਤਾ।

ਡਾ. ਉਦੋਕੇ ਨੇ ਆਰ ਐਸ ਐਸ ਦੇ ਇਸ ਝੂਠ ਨੂੰ ਵੀ ਨੰਗਿਆਂ ਕੀਤਾ ਕਿ ਮਾਧੋ ਦਾਸ ਬੈਰਾਗੀ ਸੀ। ਜਦ ਕਿ ਉਹ ਗੁਰੂ ਸਾਹਿਬ ਨੂੰ ਮਿਲਣ ਵੇਲੇ ਜੋਗੀ ਸੀ। ਡਾ: ਉਦੋਕੇ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਲਈ ਬਹੁਤ ਸਾਰੇ ਕੀਮਤੀ ਇਤਿਹਾਸਕ ਸਰੋਤਾਂ ਦੇ ਸਬੂਤ ਪੇਸ਼ ਕੀਤੇ ਤੇ ਉਨਾਂ ਵਿਚੋਂ ਜਾਣਕਾਰੀ ਸਾਂਝੀ ਕੀਤੀ।

ਇਸ ਤੋਂ ਬਾਦ ਡਾ. ਅਮਰਜੀਤ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਬਾਰੇ ਤੇ ਉਨਾਂ ਦੁਆਰਾ ਸਥਾਪਤ ਕੀਤੇ ਖਾਲਸਾ ਰਾਜ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਕਿ ਕਿਵੇਂ ਛੋਟੀ ਉਮਰ ਵਿਚ ਹੀ ਉਨਾਂ ਉਤੇ ਜ਼ਿੰਮੇਵਾਰੀ ਆ ਪਈ ਪਰ ਸਿਆਣਪਤ ਧੀਰਜ ਤੇ ਹੌਸਲੇ ਨਾਲ ਉਨਾਂ ਮਿਸਲਾਂ ਨੂੰ ਜਿੱਤਦਿਆਂ ਇਕ ਵਡਾ ਖਾਲਸਾ ਰਾਜ ਸਥਾਪਤ ਕਰ ਦਿੱਤਾ ਜੋ ਪੰਜਾਬ ਸਾਲ ਤੱਕ ਕਾਇਮ ਰਿਹਾ, ਜਿਸ ਵਿਚ ਕਿਸੇ ਨੂੰ ਫਾਂਸੀ ਨਹੀਂ ਦਿੱਤੀ ਗਈ, ਕਿਸੇ ਨਾਲ ਧਾਰਮਿਕ ਵਲਗਣਾ ਕਰਕੇ ਵਿਤਕਰਾ ਨਹੀਂ ਕੀਤਾ ਗਿਆ। ਖਾਲਸਾ ਰਾਜ ਬਹੁਤ ਅਮੀਰ ਦੇਸ਼ ਸੀ। ਪਰ ਅੰਤ ਵਿਚ ਡੋਗਰਿਆਂ ਤੇ ਕੁਝ ਆਪਣਿਆਂ ਦੀ ਗੱਦਾਰੀ ਕਾਰਨ ਦੱਖਣੀ ਪੂਰਬੀ ਤੇ ਫਰੰਗੀਆਂ ਦੇ ਗੱਠਜੋੜ ਨੇ ਖਾਲਸਾ ਰਾਜ ਦਾ ਖਾਤਮਾ ਕਰ ਦਿੱਤਾ। ਤੇ ਸਿੱਖ ਕੌਮ ਅੰਗਰੇਜ਼ਾ ਦੀ ਗੁਲਾਮੀ ਤੋਂ ਬਾਦ ਸਿੱਖ ਆਗੂਆਂ ਦੀ ਅਣਗਹਿਲੀ ਤੇ ਦੂਰ ਦ੍ਰਿਸ਼ਟੀ ਦੀ ਘਾਟ ਕਰਕੇ ਬ੍ਰਾਹਮਣਵਾਦੀ ਵਹਿਸ਼ੀਆ ਦੀ ਗਲਾਮ ਬਣ ਗਈ, ਜਿਸਨੇ 1984 ਵਿਚ ਸਿੱਖ ਕੌਮ ਦਾ ਨਸਲਘਾਤ ਕੀਤਾ ਤੇ ਅੱਜ ਇਕ ਵਡੇ ਮਾਨਸਿਕ ਨਸਲਘਾਤ ਦਾ ਸਾਹਮਣਾ ਕਰ ਰਹੀ ਹੈ ਤੇ ਜਿਸ ਤੋਂ ਬਚਣ ਲਈ ਖਾਲਿਸਤਾਨ ਇਕੋ ਇਕ ਵਿਕਲਪ ਬਚਿਆ ਹੈ ਤੇ ਕੌਮ ਨੂੰ ਇਕਠੇ ਹੋ ਕੇ ਖਾਲਿਸਤਾਨ ਦੀ ਸਥਾਪਤੀ ਵੱਲ ਵਧਣਾ ਚਾਹੀਦਾ ਹੈ।

ਗੋਸ਼ਟੀ ਦੇ ਅੰਤ ਵਿਚ ਡਾ. ਉਦੋਕੇ ਤੇ ਡਾ. ਅਮਰਜੀਤ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਮੁੱਖ ਗਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਸਨਮਾਨਿਤ ਕੀਤਾ। ਗਰਦੁਆਰਾ ਸਾਹਿਬ ਵਿਚ ਪਿਛਲੇ ਪੰਜ ਸਾਲਾਂ ਤੋਂ ਸੇਵਾ ਕਰ ਰਹੇ ਭਾਈ ਬਚਿੱਤਰ ਸਿੰਘ ਸੰਘਾ ਨੂੰ ਮਾਨ ਲਾਅ ਫਰਮ ਤੇ ਮਹਿੰਦਰ ਸਿੰਘ ਮਾਨ ਤੇ ਜੰਗ ਸਿੰਘ ਬਦੇਸ਼ਾ ਨੇ ਇਕ ਯਾਦਗਾਰੀ ਪਲੇਟ ਨਾਲ ਸਨਮਾਨਿਤ ਕੀਤਾ। ਭਾਈ ਬਚਿੱਤਰ ਸਿੰਘ ਨੇ ਗੁਰਦੁਆਰਾ ਸਾਹਿਬ ਫਰੀਮਾਂਟ ਤੇ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੀ ਲਗਾਤਾਰ ਸੇਵਾ ਨਿਭਾਈ ਹੈ। ਸਟੇਜ ਸਕਤਰ ਦੀ ਸੇਵਾ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਨਿਭਾਈ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਗਾਤਾਰ ਕਈ ਸਿੱਖ ਸੈਮੀਨਾਰ ਕਰਵਾ ਕੇ ਸਿੱਖ ਕੌਮ ਦੇ ਸ਼ਾਨਦਾਰ ਤੇ ਅਮੀਰ ਵਿਰਸੇ ਦੇ ਪ੍ਰਚਾਰ ਤੇ ਪ੍ਰਸਰ ਲਈ ਯਤਨ ਕਰਦਿਆਂ ਉਜਵਲ ਭਵਿਖ ਲਈ ਵੀ ਵੱਡਾ ਉਦਮ ਕੀਤਾ ਹੈ।

## ਸ਼ਿਕਾਗੋ ਦੇ ਸਿੱਖ ਮੈਮੋਰੀਅਲ ਦਿਵਸ ਪਰੇਡ 'ਚ ਹੁੰਮ-ਹੁੰਮਾ ਕੇ ਪਹੁੰਚੇ

ਵਾਈਟਿੰਗਟਨ ਜੂਨੀਅਰ, ਜੋ ਕਿ ਪਰੇਡ ਦੇ ਗਰੈਂਡ ਮਾਰਸ਼ਲ ਸਨ, ਨੇ ਜੰਗੀ ਘੁਲਾਟੀਆਂ ਸਮੇਤ ਪਰੇਡ ਵਿਚ ਸ਼ਮੂਲੀਅਤ ਕੀਤੀ। ਪਰੇਡ ਵਿਚ ਸ਼ਾਮਲ ਸਿੱਖ ਭਾਈਚਾਰੇ ਦੇ ਲੋਕਾਂ ਨੇ ਪਹਿਲੇ ਅਤੇ ਦੂਜੇ ਵਿਸ਼ਵ ਯੁੱਧਾਂ ਵਿਚ ਭਾਗ ਲੈਣ ਵਾਲੇ ਸਿੱਖਾਂ ਦੀ ਕੁਰਬਾਨੀ ਨੂੰ ਦਰਸਾਉਂਦੇ ਪੋਸਟਰ ਹੱਥਾਂ ਵਿਚ ਚੁੱਕੇ ਹੋਏ ਸਨ।

ਗੌਰਤਲਬ ਹੈ ਕਿ ਸ਼ਿਕਾਗੋਲੈਂਡ ਦੇ ਸਿੱਖ ਭਾਈਚਾਰੇ ਦਾ ਇਹ ਸੱਤਵਾਂ ਵਰਾ ਸੀ, ਜਦੋਂ ਤੋਂ ਉਹ ਲਗਾਤਾਰ ਹਰ ਸਾਲ ਡਾਉਨਟਾਊਨ ਸ਼ਿਕਾਗੋ ਦੀ ਮੈਮੋਰੀਅਲ ਡੇ ਪਰੇਡ ਵਿੱਚ ਹਿਸਾ ਲੈ ਰਹੇ ਹਨ। ਸ਼ਿਕਾਗੋ ਦੇ ਸਿੱਖਾਂ ਦੀ ਇਸ ਪਹਿਲਕਦਮੀ ਨੇ ਸਾਰੇ ਪ੍ਰਮੁੱਖ ਅਮਰੀਕੀ ਮੀਡੀਆ ਦਾ ਧਿਆਨ ਖਿੱਚਿਆ ਹੈ। ਇਹ ਸਮਾਗਮ ਫ਼ਰਾਂਸ, ਬੈਲਜੀਅਮ, ਇਟਲੀ, ਲੀਬੀਆ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਲੜੇ ਗਏ ਯੁੱਧਾਂ ਦੌਰਾਨ ਸਿੱਖ ਸਿਪਾਹੀਆਂ ਦੇ ਯੋਗਦਾਨ ਬਾਰੇ ਵਿਸ਼ਵ ਨੂੰ ਦੱਸਣ ਦਾ ਵਿਲੱਖਣ ਮੌਕਾ ਪ੍ਰਦਾਨ ਕਰਦਾ ਹੈ, ਜਿਨਾਂ ਯੁੱਧਾਂ ਵਿਚ 83,005 ਸਿੱਖ ਸਿਪਾਹੀ ਮਾਰੇ ਗਏ ਸਨ ਅਤੇ 109,045 ਸਿਪਾਹੀ ਜ਼ਖ਼ਮੀ ਹੋਏ ਸਨ।

ਸਿੱਖ ਰਿਲੀਜੀਅਸ ਸੁਸਾਇਟੀ ਆਫ ਪੈਲਾਟਾਈਨ, ਇਲੀਨੋਇ ਅਤੇ ਸ਼ਿਕਾਗੋਲੈਂਡ ਦੇ ਸਿੱਖਾਂ ਦੇ ਸਾਂਝੇ ਉਦਮ ਨਾਲ ਇਸ ਵਾਰ ਦਾ ਇਹ ਸੰਮੇਲਨ ਕੀਤਾ ਗਿਆ। ਸਮਾਗਮ ਵਿਚ ਭਾਗ ਲੈਣ ਵਾਲੇ ਸਿੱਖਾਂ ਦੇ ਹੱਥਾਂ ਵਿਚ ਚੁੱਕੇ ਹੋਏ ਯੂਰਪੀ ਜੰਗਾਂ ਵਿਚ ਹਿੱਸਾ ਲੈਂਦੇ ਸਿੱਖ ਸਿਪਾਹੀਆਂ, ਭਾਈ ਘਨੱਈਆ ਜੀ ਵਰਗੇ ਸਿੱਖਾਂ ਦੀ ਝਾਕੀ ਪੇਸ਼ ਕਰਦੇ ਅਤੇ ਸਿੱਖ ਧਰਮ ਦੀ ਅਮੀਰ ਵਿਰਾਸਤ ਨੂੰ ਪੇਸ਼ ਕਰਦੇ ਬੈਨਰ ਅਤੇ ਪੋਸਟਰ ਇਕ ਅਲੌਕਿਕ ਨਜ਼ਾਰਾ ਪੇਸ਼ ਕਰ ਰਹੇ ਸਨ। ਇਸ ਮੌਕੇ ਸਿੱਖੀ ਦੇ ਮੂਲ ਸਿਧਾਂਤ ਬਾਰੇ ਅਮਰੀਕੀ ਭਾਈਚਾਰੇ ਨੂੰ ਜਾਣੂੰ ਕਰਵਾਉਣ ਦਾ ਢੁਕਵਾਂ ਮੌਕਾ ਮਿਲਦਾ ਹੈ। ਅਮਰੀਕਨਾਂ ਲਈ ਇਹ ਬਹੁਤ ਹੈਰਾਨੀ ਦੀ ਗੱਲ ਹੁੰਦੀ ਹੈ, ਜਦੋਂ ਉਨਾਂ ਨੂੰ ਪਤਾ ਲਗਦਾ ਹੈ ਕਿ ਅਮਰੀਕੀ ਸੰਵਿਧਾਨ ਵਿਚ ਦਰਜ ਉਚ ਆਦਰਸ਼ਾਂ ਬਾਰੇ ਅੱਜ ਤੋਂ 500 ਸਾਲ ਪਹਿਲਾਂ, ਜਦੋਂ ਕ੍ਰਿਸਟੋਫਰ ਕੋਲੰਬਸ ਉੱਤਰੀ ਅਮਰੀਕਾ ਦੀ ਤਲਾਸ਼ ਕਰ ਰਿਹਾ ਸੀ, ਸਿੱਖ ਗੁਰੂਆਂ ਨੇ ਵੀ ਵਚਨਬੱਧਤਾ ਪ੍ਰਗਟਾਈ ਸੀ। ਇਸ ਮੌਕੇ ਲਾਲ ਸਿੰਘ ਵੱਲੋਂ "ਸਿੱਖਸ ਐਟ ਏ ਗਲੇਂਸ" ਦੇ ਸਿਰਲੇਖ ਹੇਠ ਛਪਿਆ ਸਿੱਖ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਵਾਲਾ ਪੈਂਫਲਿਟ ਪਰੇਡ ਦੇਖਣ ਆਏ ਅਮਰੀਕੀ ਭਾਈਚਾਰੇ 'ਚ ਵੰਡਿਆ ਗਿਆ, ਜਿਸ ਨੂੰ ਬਹੁਤ ਪਸੰਦ ਕੀਤਾ ਗਿਆ। ਅਜਿਹੇ ਉਪਰਾਲਿਆਂ ਸਦਕਾ ਵਿਸ਼ਾਲ ਸੋਚ ਤੇ ਖੁੱਲੇ ਵਿਚਾਰਾਂ ਵਾਲੇ ਅਮਰੀਕੀ ਸਮਾਜ ਦੇ ਲੋਕਾਂ ਨੇ ਸਿੱਖ ਕਦਰਾਂ-ਕੀਮਤਾਂ ਵਿਚਲੀ ਵਿਆਪਕ ਅਤੇ ਤਰਕਪੂਰਨ ਵਿਚਾਰ ਦੀ ਸ਼ਲਾਘਾ ਕਰਨੀ ਸ਼ੁਰੂ ਕਰ ਦਿਤੀ ਹੈ।

ਜ਼ਿਕਰਯੋਗ ਹੈ ਕਿ ਮੈਮੋਰੀਅਲ ਡੇ-ਪਰੇਡ ਵਿਚ ਹਿੱਸਾ ਲੈਣ ਦਾ ਵਿਚਾਰ ਇਕ ਦੂਰਦਰਸ਼ੀ ਸਿੱਖ ਸਰਵਣ ਸਿੰਘ ਦੁਆਰਾ ਸ਼ੁਰੂ ਕੀਤਾ ਗਿਆ ਸੀ। ਪਹਿਲੇ ਸਾਲ ਸਰਵਣ ਸਿੰਘ ਨੇ ਰਾਜਿੰਦਰ ਸਿੰਘ ਮਾਗੋ, ਕੁਲਵੰਤ ਸਿੰਘ ਹੁੰਦਲ, ਠਾਕਰ ਸਿੰਘ ਬਸਾਤੀ, ਇਕਬਾਲ ਸਿੰਘ ਚੋਪੜਾ, ਜਸਬੀਰ ਸਿੰਘ ਭੱਲਾ ਵਰਗੇ ਸਮਰਪਿਤ ਸਿੱਖਾਂ ਨਾਲ ਮਿਲ ਕੇ ਇਸ ਵਿਚਾਰ ਨੂੰ ਅਮਲੀਜਾਮਾ ਪਹਿਨਾਇਆ। ਸਰਵਣ ਸਿੰਘ ਨੇ ਉਪਰੋਕਤ ਸਾਰਿਆਂ ਨਾਲ ਮਿਲ ਕੇ ਵੱਖ-ਵੱਖ ਮੌਕਿਆਂ 'ਤੇ ਸਿੱਖ ਭਾਈਚਾਰੇ ਦੀ ਜਾਣ-ਪਹਿਚਾਣ ਅਮਰੀਕਨਾਂ ਨਾਲ ਕਰਵਾਉਣ ਲਈ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਜ਼ਰੀਏ ਲਗਾਤਾਰ ਯਤਨ ਕੀਤੇ ਹਨ। ਸ਼ਿਕਾਗੋਲੈਂਡ ਵਿਚ ਸਿੱਖਾਂ ਨੂੰ ਮਾਨਤਾ ਦਿਵਾਉਣ ਵਾਸਤੇ ਜੋ ਬੀਜ ਸੱਤ ਸਾਲ ਪਹਿਲਾਂ ਬੋਇਆ ਗਿਆ ਸੀ, ਉਹ ਹੁਣ ਬਿਰਖ ਬਣ ਕੇ ਫਲ ਦੇਣ ਲੱਗਾ ਹੈ। ਇਸ ਸਮਾਗਮ 'ਚ ਕਮਿਸ਼ਨਰ ਫਰੈਂਕ ਅਵਿਲਾ ਦਾ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚਣਾ ਇਸ ਦੀ ਪ੍ਰਮੁੱਖ ਉਦਾਹਰਣ ਹੈ। ਇਸ ਤਰਾਂ ਇੱਕ ਪ੍ਰਮੁੱਖ ਸਰਕਾਰੀ ਸੰਸਥਾ ਵੱਲੋਂ ਮੁੱਖ ਮਹਿਮਾਨ ਵਜੋਂ ਸੱਦੇ ਨੂੰ ਸਵੀਕਾਰ ਕਰ ਲਿਆ ਗਿਆ ਅਤੇ ਕਮਿਸ਼ਨਰ ਨੇ ਆਪਣੀ ਪਤਨੀ ਅਤੇ ਪੋਤਰੀ ਨਾਲ ਪਰੇਡ ਵਿੱਚ ਹਿੱਸਾ ਲਿਆ।

ਸਿੱਖ ਰਿਲੀਜੀਅਸ ਸੋਸਾਇਟੀ ਆਫ ਪੈਲਾਟਾਈਨ, ਇਲੀਨੋਇ ਨੇ ਪਰੇਡ 'ਚ ਸ਼ਾਮਲ ਹੋਣ ਵਾਲਿਆਂ ਵਾਸਤੇ ਗੁਰਦੁਆਰਾ ਸਾਹਿਬ ਤੋਂ ਡਾਊਨਟਾਊਨ ਸ਼ਿਕਾਗੋ ਤੱਕ ਮੁਫ਼ਤ ਬੱਸ ਸੇਵਾ ਪ੍ਰਦਾਨ ਕੀਤੀ। ਪਰੇਡ ਦੀ ਸਮਾਪਤੀ 'ਤੇ ਬਕਿੰਘਮ ਫਾਊਂਟੇਨ ਦੇ ਨਜ਼ਦੀਕ ਗ੍ਰਾਂਟ ਪਾਰਕ ਵਿਚ ਗੁਰੂ ਕਾ ਲੰਗਰ ਵਰਤਾਇਆ ਗਿਆ।

ਇਸੇ ਦੌਰਾਨ ਸ਼ਿਕਾਗੋ ਦੇ ਸਿੱਖ ਭਾਈਚਾਰੇ ਕੁਲਦੀਪ ਸਿੰਘ ਮੱਕੜ ਦੇ ਯਤਨਾਂ ਨਾਲ 28 ਮਈ ਨੂੰ ਇਤਿਹਾਸਕ ਟਾਊਨਸ਼ਿਪ 'ਚ ਕਰਵਾਈ ਗਈ ਮੈਮੋਰੀਅਲ ਡੇ-ਪਰੇਡ ਵਿਚ ਵੀ ਹਾਜ਼ਰੀ ਭਰੀ। ਇਸ ਮੌਕੇ ਨਿਸ਼ਾਨ ਸਾਹਿਬ ਤੇ ਅਮਰੀਕੀ ਝੰਡੇ ਦੇ ਨਾਲ-ਨਾਲ ਸਿੱਖ ਸਿਪਾਹੀਆਂ ਦੀਆਂ ਕੁਰਬਾਨੀਆਂ ਦਰਸਾਉਂਦੇ ਪੋਸਟਰ ਵੀ ਲਹਿਰਾਏ ਗਏ। ਇਸ ਤਰਾਂ ਬਹੁਤ ਸਾਰੇ ਸਿੱਖਾਂ ਨੇ ਸਕੌਮਬਰਗ ਵਿਚ ਹਾਫਮੈਨ ਅਸਟੇਟ ਤੇ ਸੇਂਟ ਪੀਟਰ ਲੂਥਰਨ ਚਰਚ ਦੀ ਪਰੇਡ ਵਿਚ ਵੀ ਭਰਵੀਂ ਸ਼ਮੂਲੀਅਤ ਕੀਤੀ।

ਯਾਦ ਰੱਖਣਯੋਗ ਹੈ ਕਿ ਮੈਮੋਰੀਅਲ ਡੇ-ਪਰੇਡ ਕਰਵਾਉਣ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਜਨਰਲ ਜਾਨ ਲੋਗਨ ਨੇ ਕੀਤੀ ਸੀ। ਇਹ ਉਨਾਂ ਸਿਪਾਹੀਆਂ ਨੂੰ ਯਾਦ ਕਰਨ ਲਈ ਸ਼ੁਰੂ ਕੀਤੀ ਸੀ ਜੋ ਅਮਰੀਕਾ ਦੀ ਸੁਤੰਤਰਤਾ ਅਤੇ ਦੂਜੇ ਯੁੱਧਾਂ ਦੌਰਾਨ ਆਪਣੇ ਜੀਵਨ ਕੁਰਬਾਨ ਕਰ ਗਏ ਸਨ। ਸਭ ਤੋਂ ਪਹਿਲੀ ਮੈਮੋਰੀਅਲ ਡੇ-ਪਰੇਡ 30 ਮਈ 1868 ਨੂੰ ਕੀਤੀ ਗਈ ਸੀ।

## ਸ਼ਿਲਾਂਗ ਵਿਚੋਂ ਸਿੱਖ ਭਾਈਚਾਰੇ ਨੂੰ ਉਜਾੜਨਾ ਚਾਹੁੰਦੀ ਏ ਸਰਕਾਰ

ਲਈ ਦੂਜੀ ਥਾਂ ਕੁਆਟਰਜ਼ ਵੀ ਬਣਾਏ ਸੀ ਜੋ ਕਈ ਸਾਲਾਂ ਤੱਕ ਖਾਲੀ ਰਹੇ ਪਰ ਉਹ ਸ਼ਿਫਟ ਹੋਣ ਲਈ ਤਿਆਰ ਨਹੀਂ ਹੋਏ।"

ਖਾਸੀ ਨੇਤਾ ਦਾਅਵਾ ਕਰਦੇ ਹਨ ਕਿ ਨਗਰਪਾਲਿਕਾ ਦੇ ਜੋ ਕਰਮੀ ਪੰਜਾਬੀ ਲਾਈਨ ਵਿੱਚ ਰਹਿੰਦੇ ਹਨ, ਉਨ੍ਹਾਂ ਦੀ ਗਿਣਤੀ 50-100 ਤੋਂ ਵੱਧ ਨਹੀਂ ਹੈ ਅਤੇ ਬਾਕੀ ਲੋਕ ਗੈਰ-ਕਾਨੂੰਨੀ ਤੌਰ 'ਤੇ ਉੱਥੇ ਰਹਿ ਰਹੇ ਹਨ।

ਸਿਅਮ ਰਿੱਕੀ ਨੈਲਸਨ ਮੁਤਾਬਕ ਪੰਜਾਬੀ ਲਾਈਨ ਨੂੰ ਲੈ ਕੇ ਨਗਰਪਾਲਿਕਾ ਨਾਲ ਹੋਏ ਸਮਝੌਤੇ ਦੀ ਉਲੰਘਣਾ ਹੋਈ ਹੈ। ਸਿਅਮ ਰਿੱਕੀ ਨੈਲਸਨ ਦਾ ਕਹਿਣਾ ਹੈ ਕਿ 1954 ਵਿਚ ਸ਼ਿਲਾਂਗ ਮਿਊਂਸੀਪਲ ਬੋਰਡ ਅਤੇ ਸਥਾਨਕ ਸਰਕਾਰ ਵਿਚ ਜੋ ਸਮਝੌਤਾ ਹੋਇਆ ਸੀ, ਉਸ ਮੁਤਾਬਕ 34 ਹਜ਼ਾਰ ਵਰਗ ਫੁੱਟ ਦਾ ਇਸਤੇਮਾਲ ਸਵੀਪਰਜ਼ ਕੁਆਟਰਜ਼ ਲਈ ਹੋਣਾ ਸੀ।

ਉਸ ਖੇਤਰ ਵਿੱਚ ਕਮਰਸ਼ੀਅਲ ਸ਼ੈਡਜ਼ ਵੀ ਬਣਾਏ ਜਾਣ ਦੀ ਮਨਜ਼ੂਰੀ ਸੀ ਪਰ ਉਸ ਦਾ ਇਸਤੇਮਾਲ ਬਾਜ਼ਾਰ ਵਜੋਂ ਕੀਤਾ ਜਾਣਾ ਮਨ੍ਹਾਂ ਸੀ। ਰਿੱਕੀ ਨੈਲਸਨ ਸ਼ਿਲਾਂਗ ਅਤੇ ਉਹ ਇਲਾਕੇ ਜਿਸ ਵਿਚ ਪੰਜਾਬੀ ਲਾਈਨ ਆਉਂਦਾ ਹੈ, ਦੇ ਸਰਦਾਰ ਹਨ।

ਮੇਘਾਲਿਆ ਦੇ ਖਾਸੀ ਅਤੇ ਜੈਂਤੀਆ ਇਲਾਕੇ ਵਿਚ 30 ਤੋਂ ਵੱਧ ਸਰਦਾਰ ਹਨ ਜੋ ਸਥਾਨਕ ਲੋਕਾਂ ਰਾਹੀਂ ਚੁਣੇ ਜਾਂਦੇ ਹਨ ਅਤੇ ਉਨ੍ਹਾਂ ਇਲਾਕਿਆਂ ਵਿੱਚ ਇਨ੍ਹਾਂ ਸਰਦਾਰਾਂ ਦਾ ਦਖ਼ਲ ਜ਼ਿੰਦਗੀ ਦੇ ਹਰੇਕ ਖੇਤਰ ਵਿੱਚ ਹੁੰਦਾ ਹੈ। ਜ਼ਿਲ੍ਹਾ ਹਿੱਲ ਕੌਂਸਲ ਨੇ ਇੱਕ ਕਮੇਟੀ ਬਣਾਈ ਹੈ ਜੋ ਛੇਤੀ ਹੀ ਪੰਜਾਬੀ ਲਾਈਨ ਵਿੱਚ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗ ਨਾਲ ਰਹਿਣ ਵਾਲਿਆਂ ਦੀ ਪਛਾਣ ਦਾ ਕੰਮ ਸ਼ੁਰੂ ਕਰੇਗੀ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਭਗਵੀਆਂ ਪਾਰਟੀਆਂ ਖਾਸੀ ਭਾਈਚਾਰੇ ਦੇ ਕਬੀਲੇ ਨੂੰ ਸਿੱਖਾਂ 'ਤੇ ਹਮਲੇ ਕਰਨ ਲਈ ਭੜਕਾ ਰਹੀਆਂ ਹਨ। ਵੱਡੀ ਗੱਲ ਇਹ ਹੈ ਕਿ ਅਜੇ ਤੱਕ ਬਾਦਲ ਅਕਾਲੀ ਦਲ, ਜੋ ਆਪਣੇ ਆਪ ਨੂੰ ਪੰਥਕ ਪਾਰਟੀ ਕਹਾਉਂਦਾ, ਇੱਥੇ ਨਹੀਂ ਗਿਆ। ਜਦ ਕਿ ਉਹ ਮੋਦੀ ਸਰਕਾਰ ਰਾਹੀਂ ਸ਼ਿਲਾਂਗ ਪ੍ਰਸ਼ਾਸਨ ਉੱਪਰ ਦਬਾਅ ਵੀ ਪਾ ਸਕਦਾ ਸੀ। ਹਾਲ ਦੀ ਘੜੀ ਉੱਥੇ ਸਿੱਖਾਂ ਦੀ ਜਾਨ ਖਤਰੇ ਵਿਚ ਹੈ।

## ਕਸ਼ਮੀਰ ਵਾਦੀ 'ਚ ਹੁਣ ਆਮ ਲੋਕਾਂ ਲਈ 'ਬੁਰੇ ਦਿਨ ਆਉਣਗੇ'

ਸਕਦਾ ਕਿ ਅਜਿਹਾ ਸੋਚਣ ਵਾਲਾ ਅਤਿਵਾਦ ਦਾ ਸਮਰਥਨ ਕਰਨ ਵਾਲਾ ਹੈ।

ਉਧਰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਉਮੀਦ ਹੈ ਕਿ ਐਨਐਸਜੀ ਦੀ ਵਜ੍ਹਾ ਨਾਲ ਉਥੇ ਫ਼ੌਜੀ ਅਪਰੇਸ਼ਨਾਂ ਵਿਚ ਮਰਨ ਵਾਲੇ ਆਮ ਨਾਗਰਿਕਾਂ ਦੀ ਗਿਣਤੀ ਘਟੇਗੀ। ਇਸ ਤੋਂ ਇਲਾਵਾ ਐਨਐਸਜੀ ਨੂੰ ਵੀ ਮੁਠਭੇੜਾਂ ਨਾਲ ਨਿਪਟਣ ਦਾ ਤਜਰਬਾ ਵੀ ਹਾਸਲ ਹੋ ਜਾਵੇਗਾ। ਹਾਲਾਂਕਿ ਉਥੇ ਕਈ ਏਜੰਸੀਆਂ ਹੋਣ ਦੀ ਵਜ੍ਹਾ ਨਾਲ ਫ਼ੌਜ ਨੂੰ ਇਤਰਾਜ਼ ਸੀ ਪਰ ਪਿਛਲੇ ਹੀ ਮਹੀਨੇ ਗ੍ਰਹਿ ਮੰਤਰਾਲਾ ਨੇ ਇਨ੍ਹਾਂ ਦੀ ਤਾਇਨਾਤੀ ਨੂੰ ਹਰੀ ਦਿਖਾ ਦਿਤੀ ਸੀ। ਐਨਐਸਜੀ, ਬੀਐਸਐਫ ਨਾਲ ਮਿਲ ਕੇ ਉਨ੍ਹਾਂ ਦੇ ਹੁਮਹਮਾ ਕੈਂਪ ਵਿਚ ਸਿਖ਼ਲਾਈ ਕਰ ਰਹੀ ਹੈ। ਫਿਲਹਾਲ ਦੇਖਣਾ ਹੋਵੇਗਾ ਕਿ ਰੱਖਿਆ ਮੰਤਰਾਲੇ ਦੀ ਇਹ ਕਾਰਵਾਈ ਘਾਟੀ ਵਿਚ ਸ਼ਾਂਤੀ ਸਥਾਪਿਤ ਕਰਨ ਲਈ ਕਾਰਗਰ ਸਾਬਤ ਹੁੰਦੀ ਹੈ ਜਾਂ ਫਿਰ ਰਹਿੰਦੀ ਖੂੰਹਦੀ ਸ਼ਾਂਤੀ ਨੂੰ ਵੀ ਲਾਂਬੂ ਲਗਾ ਦੇਵੇਗੀ।

ਗਠਜੋੜ ਤੋੜਨ ਤੋਂ ਬਾਅਦ ਭਾਜਪਾ ਦਾ ਕਹਿਣਾ ਹੈ ਕਿ ਉਸ ਨੇ ਰਾਸ਼ਟਰ ਹਿੱਤ ਲਈ ਇਹ ਗਠਜੋੜ ਤੋੜਿਆ ਹੈ। ਪਿਛਲੇ ਕਰੀਬ ਤਿੰਨ ਸਾਲ ਤੋਂ ਜੰਮੂ-ਕਸ਼ਮੀਰ ਵਿਚ ਪੀਡੀਪੀ ਅਤੇ ਭਾਜਪਾ ਦੀ ਸਾਂਝੀ ਸਰਕਾਰ ਸੀ। ਭਾਜਪਾ ਭਾਵੇਂ ਆਪਣੇ ਇਸ ਕਾਰਜਕਾਲ ਦੌਰਾਨ ਘਾਟੀ ਦਾ ਬਹੁਤ ਸਾਰਾ ਵਿਕਾਸ ਕਰਨ ਦੀ ਗੱਲ ਆਖ ਰਹੀ ਹੈ ਪਰ ਹਕੀਕਤ ਇਹ ਹੈ ਕਿ ਇਨ੍ਹਾਂ ਤਿੰਨ ਸਾਲਾਂ ਦੌਰਾਨ ਸਰਕਾਰੀ ਸਿਸਟਮ ਤੋਂ ਤੰਗ ਆ ਕੇ ਬਹੁਤ ਸਾਰੇ ਨੌਜਵਾਨਾਂ ਨੇ ਹਥਿਆਰਾਂ ਦਾ ਰਾਹ ਅਖ਼ਤਿਆਰ ਕੀਤਾ ਹੈ। ਅਫ਼ਸੋਸ ਕਿ ਹੋਰਨਾਂ ਸਰਕਾਰਾਂ ਵਾਂਗ ਵੱਡੇ-ਵੱਡੇ ਦਾਅਵੇ ਕਰਨ ਵਾਲੀ ਮੋਦੀ ਸਰਕਾਰ ਵੀ ਇਨ੍ਹਾਂ ਭਟਕੇ ਨੌਜਵਾਨਾਂ ਨੂੰ ਵਾਪਸ ਲਿਆਉਣ ਲਈ ਕੋਈ ਸਾਰਥਿਕ ਉਪਰਾਲੇ ਨਹੀਂ ਕਰ ਸਕੀ ਬਲਕਿ ਉਨ੍ਹਾਂ ਦੇ ਸਫ਼ਾਏ ਦੀ ਗੱਲ ਆਖ ਰਹੀ ਹੈ। ਦਰਅਸਲ ਭਾਜਪਾ ਨੇ ਪੀਡੀਪੀ ਨਾਲ ਇਹ ਗਠਜੋੜ ਘਾਟੀ ਦੇ ਵਿਕਾਸ ਜਾਂ ਉਥੋਂ ਦੇ ਭਟਕੇ ਨੌਜਵਾਨਾਂ ਨੂੰ ਕੋਈ ਸਹੀ ਸੇਧ ਦੇਣ ਲਈ ਨਹੀਂ ਬਲਕਿ ਅਪਣੇ 'ਕਾਂਗਰਸ ਮੁਕਤ' ਭਾਰਤ ਦੇ ਸੁਪਨੇ ਨੂੰ ਪੂਰਾ ਕਰਨ ਲਈ ਕੀਤਾ ਸੀ ਜੋ ਬਿਨਾਂ ਸ਼ੱਕ ਭਾਜਪਾ ਲਈ ਵੱਡਾ ਮਾਅਰਕਾ ਸੀ ਕਿਉਂਕਿ ਉਸ ਨੇ ਇਹ ਗਠਜੋੜ ਇਕ ਅਜਿਹੀ ਪਾਰਟੀ ਨਾਲ ਕੀਤਾ ਸੀ ਜਿਸ ਦੇ ਵਿਚਾਰ ਉਸ ਨਾਲ ਬਿਲਕੁਲ ਵੀ ਮੇਲ ਨਹੀਂ ਖਾਂਦੇ ਸਨ। ਪੀਡੀਪੀ ਨੇ ਇਸ ਗੱਲ ਦਾ ਲਾਹਾ ਲੈਣਾ ਚਾਹਿਆ ਕਿ ਕੇਂਦਰ ਵਿਚ ਭਾਜਪਾ ਦੀ ਸਰਕਾਰ ਹੈ, ਭਾਜਪਾ ਨਾਲ ਗਠਜੋੜ ਕਰਕੇ ਉਨ੍ਹਾਂ ਦੇ ਸੂਬੇ ਨੂੰ ਚੰਗੀਆਂ ਸਹੂਲਤਾਂ ਮਿਲ ਸਕਣਗੀਆਂ, ਜਿਸ ਨਾਲ ਇੱਥੋਂ ਦੀ ਜਨਤਾ ਨੂੰ ਕਾਫ਼ੀ ਹੱਦ ਤਕ ਰਾਹਤ ਮਿਲੇਗੀ ਪਰ ਤਿੰਨ ਸਾਲ ਦੀ ਉਡੀਕ ਤੋਂ ਬਾਅਦ ਆਖ਼ਰਕਾਰ ਭਾਜਪਾ ਨੇ ਫਿਰ ਅਪਣਾ ਅਸਲ ਰੰਗ ਦਿਖਾ ਦਿਤਾ।

## ਕੀ ਗਾਂਧੀ ਦੀ ਹੱਤਿਆ ਵਿਚ ਆਰਐਸਐਸ ਦੀ ਭੂਮਿਕਾ ਸੀ ?

ਮਾਹੌਲ ਤਿਆਰ ਕੀਤਾ ਗਿਆ। ਗੋਲਵਲਕਰ ਨੇ ਆਪ ਦਿੱਲੀ ਵਿਚ ਸੰਘ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ "ਸੰਘ ਪਾਕਿਸਤਾਨ ਨੂੰ ਮਿਟਾਉਣ ਤੱਕ ਚੈਨ ਨਾਲ ਨਹੀਂ ਬੈਠੇਗਾ। ਜੇਕਰ ਕੋਈ ਸਾਡੇ ਰਾਹ ਵਿਚ ਆਇਆ ਤਾਂ ਅਸੀਂ ਉਸ ਨੂੰ ਖਤਮ ਕਰ ਦਿਆਂਗੇ। ਭਾਵੇਂ ਨਹਿਰੂ ਸਰਕਾਰ ਹੋਵੇ ਜਾਂ ਕੋਈ ਹੋਰ। ਮਹਾਤਮਾ ਗਾਂਧੀ ਸਾਨੂੰ ਹੁਣ ਗੁਮਰਾਹ ਨਹੀਂ ਕਰ ਸਕਦੇ। ਸਾਡੇ ਕੋਲ ਤਰੀਕੇ ਹਨ, ਜਿਸ ਨਾਲ ਅਜਿਹੇ ਲੋਕਾਂ ਨੂੰ ਤੁਰੰਤ ਚੁੱਪ ਕਰਾਇਆ ਜਾ ਸਕਦਾ ਹੈ। ਪਰ ਸਾਡੀ ਇਹ ਪਰੰਪਰਾ ਨਹੀਂ ਕਿ ਅਸੀਂ ਹਿੰਦੂਆਂ ਦੇ ਪ੍ਰਤੀ ਵੈਰ ਭਾਵਨਾ ਰੱਖੀਏ। ਜੇਕਰ ਸਾਨੂੰ ਮਜ਼ਬੂਰ ਕੀਤਾ ਗਿਆ, ਸਾਨੂੰ ਇਹ ਰਸਤਾ ਵੀ ਅਪਨਾਉਣਾ ਪਵੇਗਾ। ਜ਼ਾਹਿਰ ਹੈ ਕਿ ਗਾਂਧੀ ਦੀ ਹੱਤਿਆ ਪਿੱਛੇ ਫੈਸਲਾਕੁੰਨ ਭੂਮਿਕਾ ਆਰ ਐਸ ਐਸ ਦੇ ਜ਼ਹਿਰੀਲੇ ਪ੍ਰਚਾਰ ਦੀ ਸੀ, ਜੋ 1930 ਦੇ ਵਿਚਾਲੇ ਭਾਰਤ ਵਿਚ ਫੈਲਾਇਆ ਜਾ ਰਿਹਾ ਸੀ। ਅਸਲ ਵਿਚ ਨਾ ਸਿਰਫ ਆਰ ਐਸ ਐਸ ਤੇ ਹਿੰਦੂ ਮਹਾਂ ਸਭਾ ਬਲਕਿ ਮੁਸਲਿਮ ਲੀਗ ਵੀ ਗਾਂਧੀ ਦੀ ਤੇ ਹੋਰ ਕਾਂਗਰਸੀ ਨੇਤਾਵਾਂ ਖਿਲਾਫ਼ ਜ਼ਹਿਰ ਫੈਲਾ ਰਹੀ ਸੀ। ਗਾਂਧੀ ਜੀ ਹਿੰਦੂ ਤੇ ਮੁਸਲਿਮ ਦੋਨਾਂ ਤਰ੍ਹਾਂ ਦੀਆਂ ਫਾਸ਼ੀਵਾਦੀ ਵਿਚਾਰਧਾਰਾਵਾਂ ਦੇ ਵਿਰੋਧੀ ਸਨ। ਹਾਲਾਂਕਿ ਆਖਿਰ ਵਿਚ ਭਾਰਤ ਦੀ ਵੰਡ ਦੇ ਬਾਅਦ ਉਹ ਹਿੰਦੂ ਫਾਸ਼ੀਵਾਦ ਹੀ ਸੀ, ਜਿਸ ਨੂੰ ਭਾਰਤ ਵਿਚ ਹਿੰਦੂ ਰਾਸ਼ਟਰ ਦੀ ਸਥਾਪਨਾ ਦੇ ਆਪਣੇ ਪੁਰਾਣੇ ਸੁਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿਚ ਗਾਂਧੀ ਸਭ ਤੋਂ ਵੱਡਾ ਅੜਿੱਕਾ ਜਾਪਦੇ ਸਨ। ਇਹ ਵੀ ਸਰਕਾਰੀ ਦਸਤਾਵੇਜ਼ਾਂ ਵਿਚ ਦਰਜ ਤੱਥ ਹੈ ਕਿ ਉਸ ਸਮੇਂ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ ਗੋਲਵਲਕਰ ਨੂੰ ਲਿਖੇ ਇਕ ਪੱਤਰ ਵਿਚ ਸਾਫ ਤੌਰ ਤੇ ਕਿਹਾ ਸੀ ਕਿ ਉਨ੍ਹਾਂ ਦੇ (ਸੰਘੀਆਂ ਦੇ) ਸਾਰੇ ਭਾਸ਼ਣ ਫਿਰਕੂ ਜ਼ਹਿਰ ਨਾਲ ਭਰੇ ਹੋਏ ਹਨ। ਇਸ ਫਿਰਕੂ ਜ਼ਹਿਰ ਦੇ ਕਾਰਨ ਹੀ ਗਾਂਧੀ ਦਾ ਕਤਲ ਹੋਇਆ। ਪਟੇਲ ਨੇ ਕਿਹਾ ਕਿ ਆਰ ਐਸ ਐਸ ਦੇ ਲੋਕਾਂ ਨੇ ਗਾਂਧੀ ਦੀ ਮੌਤ ਤੋਂ ਬਾਅਦ ਖੁਸ਼ੀ ਜ਼ਾਹਿਰ ਕੀਤੀ ਤੇ ਮਠਿਆਈਆਂ ਵੰਡੀਆਂ।

18 ਜੁਲਾਈ 1948 ਨੂੰ ਸ਼ਿਯਾਮ ਪ੍ਰਸ਼ਾਦ ਮੁਖਰਜੀ ਜੀ ਨੂੰ ਲਿਖੇ ਆਪਣੇ ਪੱਤਰ ਵਿਚ ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਗਾਂਧੀ ਦੀ ਹੱਤਿਆ ਤੇ ਆਰ ਐਸ ਐਸ ਹਿੰਦੂ ਮਹਾਂ ਸਭਾ ਦੇ ਬਾਰੇ ਵਿਚ ਮਾਮਲੇ ਅਦਾਲਤ ਵਿਚ ਵਿਚਾਰ ਅਧੀਨ ਹੈ। ਇਸ ਲਈ ਦੋਨਾਂ ਸੰਗਠਨਾਂ ਬਾਰੇ ਮੈਂ ਕੁਝ ਨਹੀਂ ਆਖਾਂਗਾ। ਪਰ ਸਾਡੀ ਸੂਚਨਾ ਇਹ ਕਹਿੰਦੀ ਹੈ ਕਿ ਇਨ੍ਹਾਂ ਦੋਨਾਂ ਸੰਗਠਨਾਂ ਦੀਆਂ ਗਤੀਵਿਧੀਆਂ ਕਾਰਨ ਖਾਸ ਕਰਕੇ ਆਰ ਐਸ ਐਸ ਦੇ ਕਾਰਨ ਦੇਸ਼ ਵਿਚ ਅਜਿਹਾ ਜ਼ਹਿਰੀਲਾ ਵਾਤਾਵਰਨ ਤਿਆਰ ਕੀਤਾ ਗਿਆ, ਜਿਸ ਕਾਰਨ ਗਾਂਧੀ ਦਾ ਕਤਲ ਸੰਭਵ ਹੋਇਆ। ਇਸ ਘਟਨਾ ਦੇ ਬਾਅਦ ਸਰਦਾਰ ਪਟੇਲ ਨੇ ਜਿਸ ਤਰ੍ਹਾਂ ਆਰ ਐਸ ਐਸ 'ਤੇ ਸ਼ਿਕੰਜ਼ਾ ਕੱਸਿਆ ਤਾਂ ਆਰ ਐਸ ਐਸ ਦੇ ਨੇਤਾਵਾਂ

ਨੇ ਸਰਕਾਰ ਅੱਗੇ ਹਥਿਆਰ ਸੁੱਟਣ ਵਿਚ ਭਲਾਈਸਮਝੀ। ਭਾਵੇਂ ਆਰ ਐਸ ਐਸ ਵਾਲੇ ਅੰਦਰ ਹੀ ਅੰਦਰ ਗਾਂਧੀ ਜੀ ਨਾਲ ਸਖ਼ਤ ਨਫ਼ਰਤ ਕਰਦੇ ਸਨ, ਪਰ ਉਨ੍ਹਾਂ ਨੇ ਕਦੇ ਵੀ ਗਾਂਧੀ ਦੇ ਵਿਰੁੱਧ ਇਕ ਸ਼ਬਦ ਵੀ ਨਹੀਂ ਬੋਲਿਆ। ਅਜਿਹਾ ਕਰਨ ਪਿੱਛੇ ਆਰ ਐਸ ਐਸ ਦੀ ਮਜ਼ਬੂਰੀ ਸੀ। ਸਰਦਾਰ ਪਟੇਲ ਨੇ ਗਾਂਧੀ ਦੀ ਹੱਤਿਆ ਦੇ ਬਾਅਦ ਗੁਰੂ ਗੋਲਵਲਕਰ ਤੋਂ ਇਹ ਹਲਫ਼ਨਾਮਾ ਲਿਆ ਸੀ ਕਿ ਸੰਘ ਹੁਣ ਖੁਦ ਨੂੰ ਰਾਜਨੀਤਕ ਗਤੀਵਿਧੀਆਂ ਤੋਂ ਪੂਰੀ ਤਰ੍ਹਾਂ ਦੂਰ ਰੱਖੇਗਾ ਤੇ ਭਵਿੱਖ ਵਿਚ ਬਤੌਰ ਇਕ ਸੱਭਿਆਚਾਰਕ ਸੰਗਠਨ ਹੀ ਕੰਮ ਕਰੇਗਾ। ਇਸ ਲਈ ਇਹ ਪਹਿਲਾ ਮੌਕਾ ਸੀ ਜਦ 2014 ਵਿਚ ਪ੍ਰਚੰਡ ਮੋਦੀ ਲਹਿਰ 'ਤੇ ਸਵਾਰ ਹੋ ਕੇ ਸੰਘ ਵਰਕਰਾਂ ਨੇ ਭਾਜਪਾ ਦੇ ਲਈ ਵੋਟ ਮੰਗੇ ਸਨ। ਇਸ ਤੋਂ ਪਹਿਲਾਂ ਤੱਕ ਆਰ ਐਸ ਐਸ ਦੇ ਲੋਕ ਅਜਿਹਾ ਕਰਨ ਤੋਂ ਪ੍ਰਹੇਜ਼ ਕਰਦੇ ਸਨ। ਜਦ ਕਿ ਹਲਫਨਾਮੇ ਦੀ ਭਾਵਨਾ ਦੇ ਵਿਰੁੱਧ ਸੰਘ 1951 ਤੋਂ ਪਹਿਲਾਂ ਜਨਸੰਘ ਤੇ ਫਿਰ ਭਾਜਪਾ ਦੇ ਨਾਮ 'ਤੇ ਚੋਣਾਂ ਦੀ ਰਾਜਨੀਤੀ ਕਰਦਾ ਰਿਹਾ ਹੈ। ਇਹ ਤਾਂ ਅਦਾਲਤੀ ਦਸਤਾਵੇਜ਼ਾਂ ਵਿਚ ਦਰਜ ਹੈ ਕਿ ਫਾਂਸੀ ਤੇ ਚੜ੍ਹਨ ਤੋਂ ਪਹਿਲਾਂ ਨੱਥੂ ਰਾਮ ਗੋਡਸੇ ਨੇ ਆਰ ਐਸ ਐਸ ਦੀ ਨਵੀਂ ਸੱਭਿਆਚਾਰਕ ਪ੍ਰਾਰਥਨਾ ਪੜ੍ਹੀ ਸੀ, ਜਿਸ ਨੂੰ ਪੁਰਾਣੀ ਪ੍ਰਾਰਥਨਾ ਦੀ ਜਗ੍ਹਾ 1940 ਵਿਚ ਸ਼ਾਮਲ ਕੀਤਾ ਗਿਆ। ਮਦੂਲਾ ਮੁਖਰਜੀ, ਅਦਿਤੇ ਮੁਖਰਜੀ ਤੇ ਸੁਚੇਤਾ ਮਹਾਜਨ ਆਪਣੀ ਕਿਤਾਬ ਆਰ ਐਸ ਐਸ ਸਕੂਲ ਟੈਕਸਟਸ ਐਂਡ ਮਰਡਰ ਆਫ਼ ਮਹਾਤਮਾ ਗਾਧੀ ਵਿਚ ਸਹੀ ਫੁਰਮਾਉਂਦੇ ਹਨ, "ਜੇਕਰ ਗੋਡਸੇ ਆਰ ਐਸ ਐਸ ਵਿਚ ਨਹੀਂ ਸੀ, ਜਿਵੇਂ ਉਹ ਦਾਅਵਾ ਕਰਦਾ ਹੈ ਤਦ ਉਹ ਨਵੀਂ ਪ੍ਰਾਰਥਨਾ ਤੋਂ ਕਿਵੇਂ ਜਾਣੂ ਸੀ ਅਤੇ ਉਸ ਪ੍ਰਾਰਥਨਾ ਨੂੰ ਆਪਣੀ ਜ਼ਿੰਦਗੀ ਦੇ ਅਜਿਹੇ ਨਾਜ਼ੁਕ ਮੌਕੇ 'ਤੇ ਜਦ ਉਹ ਮੌਤ ਦੇ ਮੂੰਹ ਵਿਚ ਡਿੱਗਿਆ ਹੋਇਆ ਸੀ, ਕਿਉਂ ਪੜ੍ਹਦਾ ਹੈ। ਜੇਕਰ ਗੋਡਸੇ ਗਾਂਧੀ ਦੀ ਹੱਤਿਆ ਵਿਚ ਸ਼ਾਮਲ ਨਹੀਂ ਸੀ ਤਾਂ ਭਗਵੇਂਵਾਦੀ ਆਰ ਐਸ ਐਸ ਦੀਆਂ ਮੂਰਤੀਆਂ ਮੰਦਰ ਵਿਚ ਸਥਾਪਤ ਕਰਕੇ ਉਸ ਨੂੰ ਆਪਣਾ ਦੇਵਤਾ ਕਿਉਂ ਪ੍ਰਵਾਨ ਕਰ ਰਹੇ ਹਨ? ਗ੍ਰਹਿ ਮੰਤਰਾਲੇ ਦਾ ਇਕ ਰਿਕਾਰਡ ਦੱਸਦਾ ਹੈ ਕਿ ਆਰ ਐਸ ਐਸ ਤੇ ਹਿੰਦੂ ਮਹਾਂ ਸਭਾ ਦੇ ਵਿਚਾਲੇ ਆਪਸੀ ਰਿਸ਼ਤੇ ਕਿੰਨੇ ਡੂੰਘੇ ਹਨ। 8 ਅਗਸਤ 1947 ਨੂੰ ਗ੍ਰਹਿ ਸੈਕਟਰੀ ਨੇ ਸੀਆਈਡੀ ਦੇ ਡੀਆਈ ਜੀ ਤੇ ਮੁੰਬਈ ਦੇ ਪੁਲੀਸ ਕਮਿਸ਼ਨ ਤੋਂ ਹਿੰਦੂ ਮਹਾਂ ਸਭਾ ਤੇ ਆਰ ਐਸ ਐਸ ਦੇ ਮੈਂਬਰਾਂ ਦੀ ਲਿਸਟ ਤਿਆਰ ਕਰਨ ਨੂੰ ਕਿਹਾ। ਊਨਾ ਪੁਲੀਸ ਨੇ ਸਿਰਫ ਹਿੰਦੂ ਮਹਾਂ ਸਭਾ ਦੇ ਮੈਂਬਰਾਂ ਦੀ ਲਿਸਟ ਹੀ ਜਮ੍ਹਾ ਕਰਾਈ ਤੇ ਆਰ ਐਸ ਐਸ ਦੇ ਮੈਂਬਰਾਂ ਦੀ ਅਲੱਗ ਲਿਸਟ ਨਹੀਂ ਭੇਜੀ, ਕਿਉਂਕਿ ਦੋਨਾਂ ਦੇ ਮੈਂਬਰੀ ਦੀ ਅਲੱਗ ਅਲੱਗ ਪਛਾਣ ਕਰਨਾ ਬਹੁਤ ਮੁਸ਼ਕਲ ਸੀ ਤੇ ਗੁਪਤ ਸੰਗਠਨ ਹੋਣ ਦੇ ਕਾਰਨ ਆਰ ਐਸ ਐਸ ਦੇ ਬਾਰੇ ਵਿਚ ਜਾਣਕਾਰੀ ਪ੍ਰਾਪਤ ਕਰਨਾ ਬਹੁਤ ਔਖਾ ਕੰਮ ਸੀ। 1940 ਬਾਅਦ ਜਦ ਆਰ ਐਸ ਐਸ ਨੇ ਉੱਤਰ ਭਾਰਤ ਵਿਚ ਆਪਣੀ ਤਾਕਤ ਬਣਾਉਣੀ ਸ਼ੁਰੂ ਕੀਤੀ ਸੀ ਤਾਂ ਸੀਆਈਡੀ ਵਿਭਾਗ ਉਸ ਦੀ ਕਾਰਜਪ੍ਰਣਾਲੀ ਦੀ ਜਾਣਕਾਰੀ ਰੱਖਣ ਵਿਚ ਭਾਰੀ ਮਿਹਨਤ ਕਰਦਾ ਰਿਹਾ। ਆਰ ਐਸ ਐਸ ਦੀਆਂ ਗਤੀਵਿਧੀਆਂ 'ਤੇ 17 ਸਤੰਬਰ 1947 ਦੀ ਇਕ ਰਿਪੋਰਟ ਦੱਸਦੀ ਹੈ ਕਿ ਉਸ ਦੇ ਅਰਥਾਤ ਸੰਘ ਦੇ ਜ਼ਿਆਦਾਤਰ ਮੈਂਬਰ ਲੀਡਰ ਜਾਂ ਤਾਂ ਹਿੰਦੂ ਮਹਾਂ ਸਭਾ ਦੇ ਮੈਂਬਰ ਹਨ ਜਾਂ ਉਸ ਦੀ ਵਿਚਾਰਧਾਰਾ ਵਿਚ ਯਕੀਨ ਰੱਖਦੇ ਹਨ। ਇਸ ਲਈ ਜੀਵਨ ਲਾਲ ਕਪੂਰ ਕਮੇਟੀ ਇਸ ਨਤੀਜੇ 'ਤੇ ਪਹੁੰਚੀ ਸੀ ਕਿ ਇਹ ਸਿੱਧ ਕਰਨ ਦੇ ਲਈ ਸਬੂਤ ਮੌਜੂਦ ਹਨ ਕਿ ਬਹੁਤ ਸਾਰੇ ਆਰ ਐਸ ਐਸ ਮੈਂਬਰ ਹਿੰਦੂ ਮਹਾਂ ਸਭਾ ਦੇ ਮੈਂਬਰ ਹਨ। ਮੰਨ ਲਵੋ ਕਿ ਇਹ ਸਭ ਝੂਠ ਹੈ ਕਿ ਆਰ ਐਸ ਐਸ ਦਾ ਗਾਂਧੀ ਦੀ ਹੱਤਿਆ ਨਾਲ ਕੋਈ ਲੈਣਾ ਦੇਣਾ ਨਹੀਂ ਤਾਂ ਉਸ ਨੂੰ ਨੱਥੂ ਰਾਮ ਗੋਡਸੇ, ਸਾਵਰਕਰ ਤੇ ਹਿੰਦੂ ਮਹਾਂ ਸਭਾ ਦੀ ਜਨਤਕ ਤੌਰ 'ਤੇ ਨਿੰਦਾ ਕਰਨੀ ਚਾਹੀਦੀ ਹੈ। ਉਸ ਨੂੰ ਗਾਂਧੀ ਦੇ ਖਿਲਾਫ਼ ਦਿੱਤੇ ਗਏ ਜ਼ਹਿਰੀਲੇ ਭਾਸ਼ਣਾਂ ਦੇ ਲਈ ਮਾਫੀ ਮੰਗਣੀ ਚਾਹੀਦੀ ਹੈ, ਕਿਉਂਕਿ ਇਹ ਲਿਖਤੀ ਸਬੂਤ ਮੌਜੂਦ ਹਨ।

## ਓਰੇਗਨ ਜੇਲ੍ਹ 'ਚ ਗੁਲਾਮਾਂ ਵਾਂਗ ਕੈਦ ਹਨ 52 ਸਿੱਖ ਸ਼ਰਨਾਰਥੀ

ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਇਹ ਅਮਰੀਕਾ ਵਿੱਚ ਸ਼ਰਨ ਦੀ ਮੰਗ ਕਰ ਰਹੇ ਸਨ।

ਦੁਨੀਆਂ ਭਰ ਵਿੱਚ ਜਮਹੂਰੀਅਤ ਅਤੇ ਮਨੁੱਖੀ ਅਧਿਕਾਰਾਂ ਦਾ ਰਾਖਾ ਹੋਣ ਦਾ ਦਿਖਾਵਾ ਕਰਨ ਵਾਲਾ ਟਰੰਪ ਪ੍ਰਸ਼ਾਸਨ ਬੱਚਿਆਂ ਨੂੰ ਮਾਪਿਆਂ ਤੋਂ ਵੱਖ ਕਰਨ ਵਰਗੇ ਅਣਮਨੁੱਖੀ ਵਿਹਾਰ ਕਰਕੇ ਇਖ਼ਲਾਕੀ ਤੌਰ ਉੱਤੇ ਕਟਹਿਰੇ ਵਿੱਚ ਖੜ੍ਹਾ ਹੈ। ਅਮਰੀਕਾ ਦੀ ਇਸ ਵਿਵਾਦਿਤ ਨੀਤੀ ਨੂੰ ਬੇਰਹਿਮ ਕਿਹਾ ਜਾ ਰਿਹਾ ਹੈ। ਸਾਬਕਾ ਰਾਸ਼ਟਰਪਤੀ ਜੌਰਜ ਬੁੱਸ਼ ਦੀ ਪਤਨੀ ਲੌਰਾ ਬੁੱਸ਼ ਨੇ ਇਸ ਨੀਤੀ ਬਾਰੇ ਕਿਹਾ ਕਿ ਬੱਚਿਆਂ ਦੀਆਂ ਰੋਂਦੀਆਂ ਤਸਵੀਰਾਂ ਵੇਖ ਉਨ੍ਹਾਂ ਦਾ ਦਿਲ ਟੁੱਟਦਾ ਹੈ। ਕੜੀ ਨਿੰਦਾ ਤੋਂ ਬਾਅਦ ਰਾਸ਼ਟਰਪਤੀ ਡੌਨਲਡ ਟਰੰਪ ਨੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਉਨ੍ਹਾਂ ਦੇ ਬੱਚਿਆਂ ਤੋਂ ਵੱਖ ਨਾ ਕਰਨ ਦਾ ਆਦੇਸ਼ ਦਿੱਤਾ ਹੈ। ਉਨ੍ਹਾਂ ਵਾਅਦਾ ਕੀਤਾ ਹੈ ਕਿ ਪਰਵਾਸੀ ਪਰਿਵਾਰ ਹੁਣ ਨਾਲ ਰਹਿਣਗੇ। ਸੰਯੁਕਤ ਰਾਸ਼ਟਰ ਮੁਤਾਬਕ ਪਿਛਲੇ ਸਾਲ 7000 ਭਾਰਤੀਆਂ ਨੇ ਅਮਰੀਕਾ ਵਿੱਚ ਸਿਆਸੀ ਪਨਾਹ ਲੈਣ ਲਈ ਅਪਲਾਈ ਕੀਤਾ ਸੀ। ਸਥਾਨਕ ਡੈਮੋਕ੍ਰੈਟਿਕ ਪਾਰਟੀ ਦੇ ਨੇਤਾ ਇਨ੍ਹਾਂ ਗ੍ਰਿਫ਼ਤਾਰੀਆਂ ਤੋਂ ਬੇਹੱਦ ਨਾਰਾਜ਼ ਹਨ। ਪੂਰੇ ਅਮਰੀਕਾ ਵਿੱਚ ਅਜਿਹੇ 2000 ਬੱਚੇ ਹਨ ਪਰ ਉਨ੍ਹਾਂ ਵਿਚੋਂ ਕਿੰਨੇ ਭਾਰਤੀ ਹਨ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਭਾਰਤ ਸਰਕਾਰ ਵੱਲੋਂ ਕੋਈ ਪ੍ਰਤਿਕਿਰਿਆ ਨਹੀਂ ਆਈ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੂੰ ਸੰਪਰਕ ਕਰਨ 'ਤੇ ਵੀ ਕੋਈ ਜਵਾਬ ਨਹੀਂ ਮਿਲਿਆ ਹੈ। ਓਰੇਗਨ ਦੇ ਸਿਆਸੀ ਆਗੂਆਂ ਅਨੁਸਾਰ ਭਾਰਤੀ ਨਾਗਰਿਕਾਂ ਵਿੱਚ ਹਿੰਦੀ 'ਤੇ ਪੰਜਾਬੀ ਬੋਲਣ ਵਾਲੇ ਸਭ ਤੋਂ ਵੱਧ ਹਨ। ਕਿਹਾ ਜਾਂਦਾ ਹੈ ਕਿ ਉਹ ਭਾਰਤ ਵਿੱਚ ਆਪਣੇ ਖਿਲਾਫ ਕਥਿਤ ਰੂਪ ਤੋਂ ਹੋਣ ਵਾਲੇ ਭੇਦਭਾਵ ਕਾਰਨ ਦੇਸ ਛੱਡ ਕੇ ਭੱਜੇ 'ਤੇ ਅਮਰੀਕਾ ਪਹੁੰਚੇ। ਭਾਰਤੀ ਮੂਲ ਦੀ ਸਾਂਸਦ ਪ੍ਰਮਿਲਾ ਜੈਪਾਲ ਵੀ ਇਸ ਨੀਤੀ ਦੇ ਖਿਲਾਫ ਵਧ-ਚੜ ਕੇ ਬੋਲੀ ਹੈ। ਉਨ੍ਹਾਂ ਮੁਤਾਬਕ ਕੈਦ ਕੀਤੇ ਲੋਕਾਂ ਵਿੱਚ ਜ਼ਿਆਦਾਤਰ ਰਾਜਨੀਤਕ ਸ਼ਰਨ ਹਾਸਿਲ ਕਰਨ ਵਾਲੇ ਲੋਕ ਹਨ। ਇੱਕ ਸਥਾਨਕ ਜੇਲ੍ਹ ਦੇ ਦੌਰੇ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਕੈਦੀਆਂ ਵਿੱਚ ਔਰਤਾਂ ਦੀ ਗਿਣਤੀ ਵੱਧ ਹੈ ਜਿਨ੍ਹਾਂ ਦਾ ਆਪਣੇ ਬੱਚਿਆਂ ਤੋਂ ਵੱਖ ਹੋਣ ਕਰਕੇ ਬੁਰਾ ਹਾਲ ਹੈ। ਓਰੇਗਨ ਦੇ ਕਾਂਗਰਸ ਵਫ਼ਦ ਦੇ ਚਾਰ ਮੈਂਬਰ (ਸਾਰੇ ਡੈਮੋਕ੍ਰੇਟ) ਬੀਤੇ ਸ਼ਨੀਵਾਰ ਨੂੰ ਹਿਰਾਸਤ ਕੇਂਦਰ ਗਏ ਸਨ। ਉਸ ਮੁਲਾਕਾਤ ਵਿੱਚ ਕੈਦੀਆਂ ਨੇ ਸਿਆਸੀ ਆਗੂਆਂ ਨੂੰ ਦੱਸਿਆ ਕਿ ਉਹ ਦਿਨ ਵਿੱਚ 22 ਤੋਂ 23 ਘੰਟੇ ਬੰਦ ਕਮਰਿਆਂ ਦੇ ਅੰਦਰ ਰਹਿੰਦੇ ਹਨ ਅਤੇ ਇੱਕ ਕਮਰੇ ਵਿੱਚ ਤਿੰਨ ਲੋਕ ਬੰਦ ਕੀਤੇ ਜਾਂਦੇ ਹਨ। ਉਨ੍ਹਾਂ ਮੁਤਾਬਕ ਵਕੀਲ ਨਾਲ ਗੱਲ ਕਰਨਾ ਅਸੰਭਵ ਹੈ।

ਵਾਸ਼ਿੰਗਟਨ ਤੋਂ ਮਲਿ ਜਾਣਕਾਰੀ ਮੁਤਾਬਕ : ਇਕ ਅਮਰੀਕੀ ਜੱਜ ਨੇ ਓਰੇਗਨ ਸੂਬੇ ਦੀ ਸੰਘੀ ਜੇਲ੍ਹ ਵਿੱਚ ਬੰਦ ਦਰਜਨਾਂ ਭਾਰਤੀਆਂ ਸਮੇਤ 120 ਪਰਵਾਸੀਆਂ ਨੂੰ ਫੌਰੀ ਵਕੀਲਾਂ ਨਾਲ ਮਿਲਣ ਦੇਣ ਦਾ ਹੁਕਮ ਦਿੱਤਾ ਹੈ। 'ਪੋਰਟਲੈਂਡ ਮਰਕਰੀ' ਦੀ ਰਿਪੋਰਟ ਮੁਤਾਬਕ ਓਰੇਗਨ ਦੇ ਫੈਡਰਲ ਜੱਜ ਨੇ ਸ਼ੈਰੀਡਨ ਜੇਲ੍ਹ ਵਿਚ ਹਿਰਾਸਤ ਵਿਚ ਲਏ ਗਏ ਆਵਾਸੀਆਂ ਨੂੰ ਫੌਰੀ ਕਾਨੂੰਨੀ ਮਦਦ ਮੁਹੱਈਆ ਕਰਾਉਣ ਦੇ ਹੁਕਮ ਦਿੱਤੇ ਹਨ। ਅਮਰੀਕੀ ਜ਼ਿਲਾ ਜੱਜ ਮਾਈਕਲ ਸਾਇਮਨ ਨੇ ਅਮੇਰਿਕਨ ਸਿਵਿਲ ਲਿਬਰਟੀਜ਼ ਯੂਨੀਅਨ (ਏਸੀਐਲਯੂ) ਅਤੇ ਇਕ ਗ਼ੈਰਲਾਭਕਾਰੀ ਸੰਸਥਾ ਇਨੋਵੇਸ਼ਨ ਲਾਅ ਲੈਬ ਦੀ ਪਟੀਸ਼ਨ 'ਤੇ ਇਹ ਹੁਕਮ ਸੁਣਾਏ ਹਨ। ਜੱਜ ਨੇ ਕਿਹਾ " ਇਸ ਦੇਸ਼ ਵਿਚ ਕਾਨੂੰਨ ਦਾ ਰਾਜ ਹੈ। ਕਾਨੂੰਨ ਦਾ ਰਾਜ ਸਾਡੇ ਸਭ ਤੋਂ ਵੱਧ ਸਤਿਕਾਰੇ ਜਾਂਦੇ ਅਸੂਲਾਂ ਵਿੱਚ ਸ਼ੁਮਾਰ ਹੈ। ਇਸ ਲਈ ਇੱਥੇ ਕਾਨੂੰਨ ਦਾ ਰਾਜ ਹੋਣ ਕਰ ਕੇ ਹੀ ਕਾਨੂੰਨੀ ਸਲਾਹ ਦਾ ਉਹ ਹੱਕ ਹੈ ਜਿਸ ਨੂੰ ਸਤਿਕਾਰ ਦੇਣ ਦੀ ਲੋੜ ਹੈ। ਜੱਜ ਸਾਇਮਨ ਨੇ ਲੰਘੇ ਸ਼ੁੱਕਰਵਾਰ ਯੂਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸੀਈ) ਅਤੇ ਫੈਡਰਲ ਬਿਊਰੋ ਆਫ ਪ੍ਰਿਜ਼ਨਜ਼ (ਬੀਓਪੀ) ਨੂੰ ਬੰਦੀਆਂ ਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਕਰਨ ਤੋਂ ਵਰਜਿਆ ਸੀ। ਏਸੀਐਲਯੂ ਨੇ ਸ਼ੁੱਕਰਵਾਰ ਨੂੰ ਦਾਅਵਾ ਦਾਇਰ ਕਰ ਕੇ ਦਲੀਲ ਦਿੱਤੀ ਸੀ ਕਿ ਫੈਡਰਲ ਸਰਕਾਰ ਜੇਲ੍ਹ ਵਿਚ ਆਵਾਸੀ ਬੰਦੀਆਂ ਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਕਰ ਰਹੀ ਹੈ। ਇਮੀਗ੍ਰੇਸ਼ਨ ਅਟਾਰਨੀ ਅਕਾਂਕਸ਼ਾ ਕਾਲੜਾ ਮੁਤਾਬਕ ਅਮਰੀਕਾ ਵਿਚ ਗ਼ੈਰਕਾਨੂੰਨੀ ਢੰਗ ਨਾਲ ਦਾਖ਼ਲ ਹੋ ਰਹੇ ਇਨ੍ਹਾਂ ਭਾਰਤੀਆਂ ਵਿਚ ਬਹੁਤੇ ਪੰਜਾਬੀ ਤੇ ਗੁਜਰਾਤੀ ਹਨ।

ਪਰਵਾਸੀ ਪਰਿਵਾਰਾਂ 'ਤੇ ਨਹੀਂ ਚੱਲੇਗਾ ਮੁਕੱਦਮਾ : ਅਮਰੀਕੀ ਬਾਰਡਰ ਕੰਟਰੋਲ ਦੇ ਡਾਇਰੈਕਟਰ ਕੇਵਿਨ ਮਕਅਲੀਨਨ ਨੇ ਕਿਹਾ ਕਿ ਮੈਕਸਿਕੋ ਤੋਂ ਗ਼ੈਰਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲੇ ਪਰਵਾਸੀ ਪਰਿਵਾਰਾਂ ਖ਼ਿਲਾਫ਼ ਹੁਣ ਮੁਕੱਦਮਾ ਦਰਜ ਨਹੀਂ ਕੀਤਾ ਜਾਵੇਗਾ ਜਿਸ ਨਾਲ ਅਮਰੀਕੀ ਮੀਡੀਆ ਮੁਤਾਬਕ ਟਰੰਪ ਪ੍ਰਸ਼ਾਸਨ ਦੀ 'ਜ਼ੀਰੋ ਟੋਲਰੈਂਸ' ਨੀਤੀ ਦਾ ਅਹਿਮ ਪੜੁੱਲ ਮੁਲਤਵੀ ਹੋ ਗਿਆ ਹੈ। ਉਂਜ ਕੁਝ ਹੋਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਨੀਤੀ ਅਜੇ ਲਾਗੂ ਹੈ।

ਸ਼੍ਰੋਮਣੀ ਕਮੇਟੀ ਨੇ ਮੰਗਿਆ ਕੇਂਦਰ ਦਾ ਦਖ਼ਲ : ਅਮਰੀਕਾ ਵਿੱਚ ਗ਼ੈਰਕਾਨੂੰਨੀ ਆਵਾਸ ਦੇ ਦੋਸ਼ ਹੇਠ ਅਮਰੀਕਾ ਵਿੱਚ ਓਰੇਗਨ ਦੀ ਜੇਲ੍ਹ ਵਿੱਚ ਬੰਦ 52 ਭਾਰਤੀਆਂ ਜਿਨ੍ਹਾਂ ਵਿੱਚੋਂ ਬਹੁਤੇ ਸਿੱਖ ਹਨ, 'ਤੇ ਅਣਮਨੁੱਖੀ ਤਸ਼ੱਦਦ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਭਾਰਤ ਸਰਕਾਰ ਨੂੰ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਛੇਤੀ ਹੀ ਇਸ ਬਾਰੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਰਾਬਤਾ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ ਨੂੰ ਵੀ ਸਿੱਖਾਂ ਦੀ ਮਦਦ ਦੀ ਅਪੀਲ ਕੀਤੀ ਹੈ।

ਅਮਰਿੰਦਰ ਨੇ ਕਿਹਾ ਕਿ ਨਜ਼ਰਬੰਦ ਸਿੱਖਾਂ ਦੀ ਸਹਾਇਤਾ ਕਰੇ ਕੇਂਦਰ : ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਅਮਰੀਕਾ ਦੇ ਸੂਬੇ ਔਰੇਗਨ ਵਿੱਚ ਨਾਜਾਇਜ਼ ਆਵਾਸ ਦੇ ਦੋਸ਼ ਹੇਠ ਨਜ਼ਰਬੰਦ ਕੀਤੇ ਗਏ 52 ਸਿੱਖਾਂ ਦੀ ਮਦਦ ਕਰਨ ਦੀ ਅਪੀਲ ਕੀਤੀ ਹੈ। ਹਾਲਾਂਕਿ ਰਾਜ ਸਰਕਾਰ ਕੋਲ ਇਨ੍ਹਾਂ ਵਿਅਕਤੀਆਂ ਸਬੰਧੀ ਕੋਈ ਪੁਖ਼ਤਾ ਜਾਣਕਾਰੀ ਮੌਜੂਦ ਨਹੀਂ ਹੈ। ਮੁੱਖ ਮੰਤਰੀ ਨੇ ਟਵੀਟ ਕਰਕੇ ਕੇਂਦਰੀ ਵਿਦੇਸ਼ ਮੰਤਰੀ ਨੂੰ ਕਿਹਾ ਕਿ ਅਮਰੀਕੀ ਸੂਬੇ ਵਿੱਚ ਕੁਝ ਨਾਜਾਇਜ਼ ਆਵਾਸੀਆਂ, ਜਿਨ੍ਹਾਂ ਵਿੱਚ ਸਿੱਖ ਵੀ ਸ਼ਾਮਲ ਹਨ, ਨੂੰ ਨਜ਼ਰਬੰਦੀ ਕੇਂਦਰ ਵਿੱਚ ਅਣਮਨੁੱਖੀ ਹਾਲਾਤ ਵਿੱਚ ਰੱਖੇ ਜਾਣ ਦੀਆਂ ਰਿਪੋਰਟਾਂ ਹਨ ਤੇ ਸੂਬਾ ਸਰਕਾਰ ਇਸ ਮਾਮਲੇ ਵਿੱਚ ਕੇਂਦਰ ਨੂੰ ਦਖ਼ਲ ਦੇਣ ਦੀ ਅਪੀਲ ਕਰਦੀ ਹੈ। ਦੂਜੇ ਪਾਸੇ ਰਾਜ ਸਰਕਾਰ ਵੱਲੋਂ ਹਾਲੇ ਤੱਕ ਇਨ੍ਹਾਂ ਨਜ਼ਰਬੰਦ ਸਿੱਖਾਂ ਦੀ ਸ਼ਨਾਖ਼ਤ ਲਈ ਕੋਈ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਗਈ ਹੈ। ਦੱਸਣਯੋਗ ਹੈ ਕਿ ਪੰਜਾਬ ਦੇ ਨਾਗਰਿਕਾਂ ਵੱਲੋਂ ਵਿਦੇਸ਼ਾਂ ਵਿੱਚ ਗ਼ੈਰਕਾਨੂੰਨੀ ਰਾਹ ਅਖ਼ਤਿਆਰ ਕਰਕੇ ਦਾਖ਼ਲ ਹੋਣ ਤੋਂ ਬਾਅਦ ਸਿਆਸੀ ਸ਼ਰਨ ਮੰਗਣ ਦਾ ਇਤਿਹਾਸ ਬੜਾ ਲੰਮਾ ਰਿਹਾ ਹੈ। ਪੰਜਾਬ ਸੰਤਾਪ ਦੇ ਦੌਰ ਵਿੱਚ ਇਸ ਮੰਤਵ ਲਈ ਮਨੁੱਖੀ ਹੱਕਾਂ ਦੇ ਘਾਣ ਅਤੇ ਨਕਲੀ ਪੁਲੀਸ ਮੁਕਾਬਲਿਆਂ ਦਾ ਹਵਾਲਾ ਦਿੱਤਾ ਜਾਂਦਾ ਰਿਹਾ ਹੈ।

## ਆਸਟਰੇਲੀਆਂ ਦੇ ਸਿਡਨੀ ਗੁਰੂ ਘਰ 'ਚ ਕੁਰਸੀਆਂ 'ਤੇ ਬੈਠ ਕੇ ਲੰਗਰ ਛਕਣ ਦਾ ਅਕਾਲ ਤਖ਼ਤ ਨੇ ਲਿਆ ਸਖਤ ਨੋਟਿਸ

ਦਾ ਨੋਟਿਸ ਲੈਂਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿਡਨੀ ਦੇ ਇਕ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਸਿੱਖ ਸਿਧਾਂਤ ਦੀ ਉਲੰਘਣਾ ਕੀਤੀ ਜਾ ਰਹੀ ਹੈ। ਗੁਰੂ ਕਾਲ ਤੋਂ ਚੱਲੀ ਆ ਰਹੀ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਦੀ ਪ੍ਰਥਾ ਨੂੰ ਢਾਹ ਲਾਈ ਜਾ ਰਹੀ ਹੈ। ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਇਸ ਸਬੰਧੀ ਗੁਰਦੁਆਰੇ ਦੇ ਨੋਟਿਸ ਬੋਰਡ 'ਤੇ ਲਿਖ ਕੇ ਲਾਇਆ ਗਿਆ ਹੈ ਕਿ ਲੰਗਰ ਸਿਰਫ਼ ਕੁਰਸੀਆਂ 'ਤੇ ਬੈਠ ਕੇ ਹੀ ਛਕਿਆ ਜਾਵੇ। ਉਨ੍ਹਾਂ ਆਖਿਆ ਕਿ ਇਹ ਢੰਗ ਸਿੱਖ ਸਿਧਾਂਤਾਂ ਦੀ ਉਲੰਘਣਾ ਹੈ। ਗੁਰੂ ਕਾਲ ਦੇ ਵੇਲੇ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆ ਸੀ। ਉਨ੍ਹਾਂ ਆਖਿਆ ਕਿ ਅਕਾਲ ਤਖ਼ਤ ਵੱਲੋਂ ਪਹਿਲਾਂ ਵੀ ਇਸ ਸਬੰਧੀ ਹੁਕਮਨਾਮਾ ਜਾਰੀ ਹੋ ਚੁੱਕਾ ਹੈ ਕਿ ਲੰਗਰ ਸਿਰਫ ਪੰਗਤ ਵਿੱਚ ਬੈਠ ਕੇ ਹੀ ਛਕਿਆ ਜਾਵੇ ਪਰ ਜੇਕਰ ਕੋਈ ਅਪਹਾਜ ਹੈ ਜਾਂ ਬੈਠਣ ਤੋਂ ਅਸਮਰਥ ਹੈ ਤਾਂ ਉਸ ਵਾਸਤੇ ਵੱਖਰਾ ਪ੍ਰਬੰਧ ਕੀਤਾ ਜਾ ਸਕਦਾ ਹੈ।

ਉਨ੍ਹਾਂ ਆਖਿਆ ਕਿ ਗੁਰਦੁਆਰਾ ਆਸਟਰਲ ਦੇ ਪ੍ਰਬੰਧਕਾਂ ਵੱਲੋਂ ਲਾਇਆ ਗਿਆ ਨੋਟਿਸ ਪੂਰੀ ਤਰ੍ਹਾਂ ਸਿੱਖ ਸਿਧਾਂਤਾਂ ਦੀ ਉਲੰਘਣਾ ਹੈ। ਉਨ੍ਹਾਂ ਆਖਿਆ ਕਿ ਗੁਰੂ ਪ੍ਰੰਪਰਾ ਨੂੰ ਕਿਸੇ ਵੀ ਤਰ੍ਹਾਂ ਢਾਹ ਲਾਉਣ ਦੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਆਦੇਸ਼ ਰਾਹੀਂ ਕੁਝ ਲੋਕ ਸਿੱਖ ਭਾਈਚਾਰੇ ਨੂੰ ਇਸ ਪ੍ਰੰਪਰਾ ਤੋਂ ਦੂਰ ਹੋਣ ਲਈ ਆਖ ਰਹੇ ਹਨ। ਉਨ੍ਹਾਂ ਸਬੰਧਤ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਹੈ ਕਿ ਇਸ ਸਬੰਧੀ ਬੋਰਡ 'ਤੇ ਲਾਏ ਨੋਟਿਸ ਨੂੰ ਤੁਰੰਤ ਹਟਾਇਆ ਜਾਵੇ। ਉਨ੍ਹਾਂ ਸੰਗਤ ਨੂੰ ਵੀ ਸੁਚੇਤ ਕੀਤਾ ਹੈ ਕਿ ਗੁਰ ਮਰਿਆਦਾ ਅਨੁਸਾਰ ਪ੍ਰਸ਼ਾਦਾ ਪੰਗਤ ਵਿੱਚ ਬੈਠ ਕੇ ਹੀ ਛਕਿਆ ਜਾਵੇ।

ਗੁਰੂ ਘਰ ਦੀ ਰਵਾਇਤ ਬਦਲਣ ਦਾ ਕਿਸੇ ਨੂੰ ਹੱਕ ਨਹੀ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਿਡਨੀ ਦੇ ਗੁਰਦੁਆਰੇ ਦੇ ਕਮੇਟੀ ਦੇ ਫ਼ੈਸਲੇ ਨੂੰ ਨਕਾਰਦਿਆਂ ਕਿਹਾ ਪੰਥਕ ਰਵਾਇਤਾਂ ਨੂੰ ਬਦਲਣ ਦੀ ਇਹ ਹਰਕਤ ਪੰਥ ਅੰਦਰ ਦੁਬਿਧਾ ਪਾਉਣ ਵਾਲੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰੇ ਅੰਦਰ ਲੰਗਰ ਦੀ ਪ੍ਰਥਾ ਪੰਗਤ ਨਾਲ ਜੁੜੀ ਹੋਈ ਹੈ ਤੇ ਇਸ ਨੂੰ ਬਦਲਣ ਦਾ ਕਿਸੇ ਨੂੰ ਕੋਈ ਹੱਕ ਨਹੀਂ ਹੈ। ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਸਬੰਧਤ ਗੁਰਦੁਆਰੇ ਦੇ ਪ੍ਰਬੰਧਕਾਂ ਦੀ ਜਵਾਬ ਤਲਬੀ ਕਰਨ।

## ਨਸ਼ਿਆਂ ਕਾਰਨ ਲਗਾਤਾਰ ਹੋਈਆਂ 8 ਮੌਤਾਂ ਨੇ ਪੰਜਾਬ ਝੰਜੋੜਿਆ

ਘਟਨਾ ਹੈ, ਜਿਸ ਦੀ ਵੀਡੀਓ ਕਾਫੀ ਵਾਇਰਲ ਹੋਈ ਹੈ। ਕੋਟਕਪੂਰਾ ਦੇ ਪ੍ਰੇਮ ਨਗਰ ਵਿਚ ਹਲਵਾਈ ਦੀ ਦੁਕਾਨ 'ਤੇ ਕੰਮ ਕਰਨ ਵਾਲੇ ਬਾਈ ਸਾਲਾ ਨੌਜਵਾਨ ਬਲਵਿੰਦਰ ਸਿੰਘ ਦੀ ਮੌਤ ਨਸ਼ਾ ਕਰਨ ਵਾਲੀ ਸਰਿੰਜ ਆਣੇ ਸ਼ਰੀਰ ਵਿਚ ਲਾਉਣ ਸਾਰ ਹੀ ਹੋ ਗਈ। ਜਦ ਇਸ ਘਟਨਾ ਦਾ ਪਤਾ ਉਸ ਦੀ ਮਾਂ ਨੂੰ ਲੱਗਾ ਤਾਂ ਉਸ ਦੇ ਕੀਰਨੇ ਅਸਿਹਣਯੋਗ ਸਨ। ਇਸ ਮੌਕੇ ਕਿਸੇ ਨੇ ਵੀਡੀਓ ਬਣਾਈ ਤੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ।

ਮੈਰਿਜ ਪੈਲੇਸ ਵਿਚ ਸੁਰੱਖਿਆ ਗਾਰਡ ਦਾ ਕੰਮ ਕਰਨ ਵਾਲੇ ਹਰਭੇਜ ਦੇ ਪਿਤਾ ਨੂੰ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਨਸ਼ੇ ਦਾ ਆਦੀ ਸੀ। 'ਆਪ' ਆਗੂ ਦਾ ਪੁੱਤਰ ਆਪਣੀ ਪਤਨੀ ਨਾਲ ਉਸ ਦੇ ਇਲਾਜ ਲਈ ਚੰਡੀਗੜ੍ਹ ਗਿਆ ਸੀ ਪਰ ਉਸ ਦੀ ਲਾਸ਼ ਹੀ ਮਿਲੀ। ਬਲਵਿੰਦਰ ਦੀ ਮਾਂ ਨੂੰ ਪਤਾ ਸੀ ਕਿ ਉਸ ਦਾ ਪੁੱਤ ਨਸ਼ਾ ਕਰਦਾ ਹੈ ਪਰ ਇਸ ਕਿਸਮ ਦੇ ਜਾਨਲੇਵਾ ਨਸ਼ੇ ਬਾਰੇ ਉਸ ਨੂੰ ਇਲਮ ਵੀ ਨਹੀਂ ਸੀ। ਸਾਰੇ ਮਾਪਿਆਂ ਨੇ ਸਰਕਾਰ ਨੂੰ ਇਹੋ ਅਪੀਲ ਕੀਤੀ ਹੈ ਉਨ੍ਹਾਂ ਨੇ ਤਾਂ ਆਪਣੇ ਪੁੱਤ ਗਵਾ ਲਏ ਪਰ ਕਿਸੇ ਹੋਰ ਪਰਿਵਾਰ ਨਾਲ ਅਜਿਹਾ ਦੁਖਾਂਤ ਵਾਪਰੇ, ਇਸ ਤੋਂ ਪਹਿਲਾਂ ਹੀ ਕੋਈ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਇਸੇ ਤਰ੍ਹਾਂ ਕੁਝ ਸਮਾਂ ਪਹਿਲਾਂ ਬਠਿੰਡੇ ਵਿਚ ਨਸ਼ਾ ਮੁਕਤੀ ਕੇਂਦਰ ਵਿਚ ਇਕ ਨੌਜਵਾਨ ਨੇ ਫਾਹਾ ਲਾ ਕੇ ਆਤਮ ਹੱਤਿਆ ਕਰ ਲਈ। ਬਠਿੰਡਾ ਦੇ ਅਮਰਪੁਰਾ ਬਸਤੀ ਵਿਚ ਰਹਿੰਦੇ 18 ਸਾਲਾ ਸੰਜੂ ਨੂੰ ਇੱਕ ਦਿਨ ਪਹਿਲਾਂ ਹੀ ਨਸ਼ਾ ਮੁਕਤੀ ਕੇਂਦਰ ਵਿੱਚ ਨਸ਼ਾ ਛੁਡਵਾਉਣ ਲਈ ਦਾਖਲ ਕਰਵਾਇਆ ਗਿਆ ਸੀ।

ਸੂਬੇ ਵਿਚ ਲਗਾਤਾਰ ਨਸ਼ੇ ਦੀ ਓਵਰਡੋਜ਼ ਕਾਰਨ ਹੋ ਰਹੀਆਂ ਮੌਤਾਂ ਦੀ ਸੂਚੀ ਵਿਚ ਲੁਧਿਆਣਾ ਸ਼ਹਿਰ ਦੇ ਇਕ ਨੌਜਵਾਨ ਦੀ ਮੌਤ ਵੀ ਸ਼ਾਮਿਲ ਹੋ ਗਈ ਹੈ। ਨਸ਼ੇ ਦੀ ਓਵਰਡੋਜ਼ ਕਾਰਨ ਮਰਨ ਵਾਲੇ ਲੁਧਿਆਣਾ ਦੇ ਨੌਜਵਾਨ ਦੀ ਪਛਾਣ ਸਨਅਤੀ ਸ਼ਹਿਰ ਦੇ ਇਲਾਕੇ ਟਿੱਬਾ ਰੋਡ ਦੇ ਕੰਪਨੀ ਬਾਗ਼ ਕਲੋਨੀ 'ਚ ਰਹਿਣ ਵਾਲੇ ਰਵੀ ਵਰਮਾ ਵਜੋਂ ਹੋਈ ਹੈ। ਉਸ ਨੂੰ ਮਾਪਿਆਂ ਨੇ ਹਸਪਤਾਲ ਦਾਖਲ ਕਰਵਾਇਆ, ਜਿਥੇ ਦੇਰ ਰਾਤ ਉਸ ਨੇ ਦਮ ਤੋੜ ਦਿੱਤਾ। ਰਵੀ ਦੇ ਪਿਤਾ ਨੇ ਉਸ ਦੀ ਪਤਨੀ ਉਤੇ ਰਵੀ ਨੂੰ ਨਸ਼ੇ ਦੀ ਓਵਰਡੋਜ਼ ਦੇਣ ਦੇ ਗੰਭੀਰ ਦੋਸ਼ ਲਾਏ ਹਨ। ਕੁਝ ਸਮਾਂ ਪਹਿਲਾਂ ਤਰਨ ਤਾਰਨ ਦੇ ਗੋਇੰਦਵਾਲ ਸਥਿਤ ਨਸ਼ਾ ਛੁਡਾਊ ਕੇਂਦਰ 'ਚ ਵੀ ਇਕ ਵਿਅਕਤੀ ਦੀ ਮੌਤ ਦਾ ਮਾਮਲਾ ਸਾਹਮਣੇ ਆਇਆ ਸੀ। ਮ੍ਰਿਤਕ ਨੂੰ ਜ਼ਿਆਦਾ ਸ਼ਰਾਬ ਪੀਣ ਦੇ ਚੱਲਦੇ ਪਰਿਵਾਰ ਵਾਲਿਆਂ ਨੇ ਕੁਝ ਦਿਨ ਪਹਿਲਾਂ ਹੀ ਇਸ ਕੇਂਦਰ 'ਚ ਦਾਖਲ ਕਰਵਾਇਆ ਸੀ। ਮ੍ਰਿਤਕ ਦੇ ਪਰਿਵਾਰ ਨੇ ਪੁਲਿਸ ਦੇ ਆਲਾ ਅਫਸਰਾਂ ਕੋਲ ਮਾਮਲੇ ਦੀ ਸ਼ਿਕਾਇਤ ਕਰ ਜਾਂਚ ਦੀ ਮੰਗ ਕੀਤੀ ਸੀ।

ਇਸੇ ਤਰ੍ਹਾਂ ਹੀ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਕਬੀਰਪੁਰ ਦਾ ਸਰਪੰਚ ਜਸਵੀਰ ਸਿੰਘ, ਜੋ ਕੁਝ ਸਮੇਂ ਤੋਂ ਜ਼ਿਆਦਾ ਸ਼ਰਾਬ ਪੀਣ ਲੱਗਾ ਸੀ, ਪਰਿਵਾਰ ਨੇ ਉਸ ਨੂੰ ਇਲਾਜ ਲਈ ਗੋਇੰਦਵਾਲ ਦੇ ਨਵ ਜੀਵਨ ਕੇਂਦਰ (ਨਸ਼ਾ ਛੁਡਾਊ ਕੇਂਦਰ) 'ਚ ਦਾਖਲ ਕਰਵਾਇਆ ਪਰ 4 ਦਿਨ ਬਾਅਦ ਹੀ ਜਸਵੀਰ ਦੀ ਮੌਤ ਹੋ ਗਈ ਸੀ।

ਪੰਜਾਬ ਦੀਆਂ ਜੇਲ੍ਹਾਂ ਵੀ ਨਸ਼ਿਆਂ ਦੇ ਵਪਾਰ ਦਾ ਗੜ੍ਹ ਬਣੀਆਂ ਹੋਈਆਂ ਹਨ। ਨਿੱਤ ਦਿਨ ਜੇਲ੍ਹਾਂ ਵਿਚੋਂ ਨਸ਼ਾ ਬਰਾਮਦ ਹੋ ਰਿਹਾ ਹੈ ਤੇ ਅੰਦਰ ਬੈਠੇ ਡਰੱਗ ਤਸਕਰਾਂ ਦੀਆਂ ਤਾਰਾਂ ਬਾਹਰ ਹੋ ਰਹੀ ਨਸ਼ਾ ਤਸਕਰੀ ਨਾਲ ਜੁੜੀਆਂ ਮਿਲ ਰਹੀਆਂ ਹਨ। ਸੂਤਰ ਦੱਸਦੇ ਹਨ ਕਿ ਚੋਣਾਂ ਦੌਰਾਨ ਜੇਲ੍ਹਾਂ 'ਚੋਂ ਵੋਟਰਾਂ ਨੂੰ ਵੀ ਫੋਨ ਖੜਕਦੇ ਰਹੇ ਹਨ। ਇਵੇਂ ਹੀ ਨਸ਼ਾ ਜੇਲ੍ਹ ਵਿਚ ਪੁੱਜਣ ਦੀ ਸੂਰਤ ਵਿਚ ਡੂੰਘਾਈ ਨਾਲ ਪੜਤਾਲ ਕਰਨ ਵਾਸਤੇ ਆਖਿਆ ਜਾਂਦਾ ਹੈ ਪਰ ਨਸ਼ਾ ਕਿਥੋਂ ਆਇਆ ਅਤੇ ਕਿਸ ਨੇ ਸਪਲਾਈ ਕੀਤਾ, ਤਲਾਸ਼ੀ ਲੈਣ ਵਾਲਾ ਕਿਹੜਾ ਮੁਲਾਜ਼ਮ ਸੀ ਆਦਿ ਨੁਕਤਿਆਂ ਉਤੇ ਮਿੱਟੀ ਹੀ ਪਾਈ ਜਾ ਰਹੀ ਹੈ।

ਆਮ ਤੌਰ ਤੇ ਜਦੋਂ ਜੇਲ੍ਹ 'ਚੋਂ ਨਸ਼ਾ ਜਾਂ ਮੋਬਾਈਲ ਫੋਨ ਫੜਿਆ ਜਾਂਦਾ ਹੈ ਤਾਂ ਬੰਦੀ ਖ਼ਿਲਾਫ਼ ਪੁਲੀਸ ਕਾਰਵਾਈ ਕਰਕੇ ਮਾਮਲਾ ਠੱਪ ਹੋ ਜਾਂਦਾ ਹੈ। ਜਦੋਂ ਵੀ ਜੇਲ੍ਹਾਂ 'ਚੋਂ ਨਸ਼ੀਲੇ ਪਦਾਰਥ ਜਾਂ ਮੋਬਾਈਲ ਫੋਨ ਫੜੇ ਜਾਂਦੇ ਹਨ ਤਾਂ ਤਫ਼ਤੀਸ਼ੀ ਅਫਸਰ ਵਲੋਂ ਜੇਲ੍ਹ ਗਾਰਦ ਦੀ ਮਿਲੀਭੁਗਤ ਤਾਂ ਆਖੀ ਜਾਂਦੀ ਹੈ ਪ੍ਰੰਤੂ ਕਿਸੇ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਜਾਂਦੀ ਹੈ ਜਿਸ ਦੇ ਨਤੀਜੇ ਵਜੋਂ ਜੇਲ੍ਹ ਸਟਾਫ ਸਾਫ ਬਰੀ ਹੋ ਜਾਂਦਾ ਹੈ। ਪੁਲੀਸ ਦੇ ਤਫ਼ਤੀਸ਼ੀ ਅਫਸਰਾਂ 'ਤੇ ਵੀ ਹੁਣ ਉਂਗਲ ਉੱਠ ਰਹੀ ਹੈ।

ਪੰਜਾਬ 'ਚ ਨਸ਼ਿਆਂ ਦੀ ਭਰਮਾਰ ਉਤੇ ਸਿਆਸਤ ਵੀ ਲਗਾਤਾਰ ਜਾਰੀ ਹੈ। ਚਾਰ ਹਫ਼ਤਿਆਂ ਵਿਚ ਨਸ਼ੇ ਦੇ ਖ਼ਾਤਮੇ ਬਾਰੇ ਬਾਕਾਇਦਾ ਗੁਟਕਾ ਸਾਹਿਬ ਹੱਥ ਵਿਚ ਲੈ ਕੇ ਸਹੁੰ ਚੁੱਕਣ ਵਾਲੇ ਕੈਪਟਨ ਅਮਰਿੰਦਰ ਸਿੰਘ ਇਸ ਮਸਲੇ 'ਤੇ ਕੁਝ ਖਾਸ ਕਰਦੇ ਵਿਖਾਈ ਨਹੀਂ ਦੇ ਰਹੇ। ਕੈਪਟਨ ਦੇ ਵਜ਼ੀਰ ਨਵਜੋਤ ਸਿੰਘ ਸਿੱਧੂ ਨੇ ਆਪਣੇ ਹਲਕੇ ਵਿਚ ਵਾਪਰੇ ਇਸ ਦੁਖਾਂਤ ਬਾਰੇ ਮੁੱਖ ਮੰਤਰੀ ਨੂੰ ਛੇਤੀ ਇਸ ਦਾ ਹੱਲ ਕਰਨ ਦੀ ਗੱਲ ਕਹੀ ਹੈ। ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਸ਼ਵੇਤ ਮਲਿਕ ਨੇ ਇੱਕ ਹਫ਼ਤੇ ਦੌਰਾਨ ਪੰਜ ਨੌਜਵਾਨਾਂ ਦੀ ਮੌਤ ਸਿਰਫ ਡਰੱਗ ਓਵਰਡੋਜ਼ ਨਾਲ ਹੋਣ ਦਾ ਦਾਅਵਾ ਕੀਤਾ ਹੈ। ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਕਹਿ ਰਹੀ ਹੈ ਕਿ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਸਾਲੇ ਤੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ 6000 ਕਰੋੜ ਦੇ ਡਰੱਗ ਰੈਕੇਟ ਮਾਮਲੇ 'ਚ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਗੰਭੀਰ ਇਲਜ਼ਾਮ ਐਸਆਈਟੀ ਵੱਲੋਂ ਡਰੱਗ ਰੈਕੇਟ 'ਚ ਕੁਝ ਲੋਕਾਂ ਨੂੰ ਕਲੀਨ ਚਿਟ ਦਿੱਤੇ ਜਾਣ ਤੋਂ ਬਾਅਦ ਤੋਂ ਲਗਾਤਾਰ ਲਗਾਏ ਜਾ ਰਹੇ ਹਨ। ਪਿਛਲੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਨਸ਼ੇ ਦੇ ਵੱਡੇ ਮੁੱਦੇ ਕਾਰਨ ਬੁਰੀ ਤਰ੍ਹਾਂ ਘਿਰ ਕੇ ਹਾਰ ਦਾ ਮੂੰਹ ਦੇਖਣ ਵਾਲੇ ਅਕਾਲੀ ਵੀ ਹੁਣ ਅਮਰਿੰਦਰ ਸਰਕਾਰ ਉਤੇ ਲਗਾਤਾਰ ਹਮਲੇ ਕਰ ਰਹੇ ਹਨ।

ਗੌਰਤਲਬ ਹੈ ਕਿ ਡਰੱਗ ਮਾਮਲੇ 'ਚ ਵਿਸ਼ੇਸ਼ ਜਾਂਚ ਟੀਮ ਵੱਲੋਂ ਫਤਿਹਗੜ੍ਹ ਸਾਹਿਬ ਅਦਾਲਤ ਵਿਚ ਜਮਾਂ ਕੀਤੀ ਗਈ ਰਿਪੋਰਟ 'ਚੋਂ ਕੈਨੇਡਾ ਆਧਾਰਿਤ ਤਿੰਨ ਡਰੱਗ ਤਸਕਰਾਂ ਸਤਪ੍ਰੀਤ ਸਿੰਘ ਸੱਤਾ, ਪਰਮਿੰਦਰ ਸਿੰਘ ਪਿੰਦਾ ਅਤੇ ਅਮਰਿੰਦਰ ਲਾਡੀ ਦੇ ਨਾਂਅ ਕੱਢ ਦਿੱਤੇ ਗਏ ਹਨ, ਜੋ ਕਿ ਕੌਮਾਂਤਰੀ ਡਰੱਗ ਤਸਕਰੀ ਵਿਚ ਸ਼ਾਮਿਲ ਦੱਸੇ ਜਾਂਦੇ ਸਨ। ਇਹ ਤਿੰਨੇ ਬਿਕਰਮ ਮਜੀਠੀਆ ਦੇ ਕਰੀਬੀ ਦੱਸੇ ਜਾਂਦੇ ਹਨ। ਐਸਆਈਟੀ ਰਿਪੋਰਟਾਂ ਦੇ ਮੁਤਾਬਿਕ ਜਗਦੀਸ਼ ਭੋਲਾ ਨੂੰ ਦੋ ਕੇਸਾਂ ਵਿਚ ਰਾਹਤ ਮਿਲ ਚੁੱਕੀ ਹੈ ਅਤੇ ਤੀਜੇ ਕੇਸ ਵਿਚ ਵੀ ਕਲੀਨ ਚਿਟ ਮਿਲ ਹੀ ਜਾਵੇਗੀ।

ਕੈਨੇਡਾ ਬੇਸਡ ਐਨਆਰਆਈ ਅਨੂਪ ਸਿੰਘ ਕਾਹਲੋਂ ਨੂੰ ਫਤਹਿਗੜ੍ਹ ਸਾਹਿਬ ਪੁਲਿਸ ਵੱਲੋਂ 13 ਮਾਰਚ 2013 ਨੂੰ ਸਿੰਥੈਟਿਕ ਡਰੱਗ ਸਣੇ ਗ੍ਰਿਫਤਾਰ ਕੀਤਾ ਗਿਆ ਸੀ। ਕਾਹਲੋਂ ਵੱਲੋਂ ਕੀਤੇ ਗਏ ਕਬੂਲਨਾਮੇ ਵਿੱਚ ਜਗਦੀਸ਼ ਭੋਲਾ ਦਾ ਨਾਂਅ ਆਇਆ ਅਤੇ ਉਸ ਨੇ ਬਿਕਰਮ ਮਜੀਠੀਆ ਦਾ ਨਾਮ ਲੈ ਦਿਤਾ ਸੀ॥ ਮਜੀਠੀਆ ਦਾ ਨਾਂਅ ਦੋ ਹੋਰ ਸਹਿ-ਦੋਸ਼ੀਆਂ ਮਨਜਿੰਦਰ ਸਿੰਘ ਉਰਫ ਬਿੱਟੂ ਔਲਖ ਅਤੇ ਜਗਜੀਤ ਸਿੰਘ ਚਹਿਲ ਵੱਲੋਂ ਵੀ ਲਿਆ ਗਿਆ ਸੀ, ਜੋ ਕਿ ਇੱਕ ਫਰਮਾ ਕੰਪਨੀ ਚਲਾਉਂਦੇ ਸਨ ਅਤੇ ਬਾਅਦ ਵਿਚ ਪੁਲਿਸ ਨੇ ਉਨਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਬਿੱਟੂ ਔਲਖ ਵੱਲੋਂ ਈਡੀ ਅੱਗੇ ਦਿੱਤੀ ਗਈ ਸਟੇਟਮੈਂਟ 'ਚ ਕਿਹਾ ਗਿਆ ਸੀ ਕਿਮਜੀਠੀਏ ਨੇ ਸੱਤੇ ਨਾਲ ਮੈਨੂੰ ਆਪਣਾ ਸਭ ਤੋਂ ਚੰਗਾ ਮਿੱਤਰ ਦੱਸ ਕੇ ਮਿਲਾਇਆਸੀ। ਸਤਪ੍ਰੀਤ ਸਿੰਘ ਸੱਤਾ ਅਤੇ ਪਰਮਿੰਦਰ ਸਿੰਘ ਪਿੰਦਾ ਦਾ ਨਾਂਅ ਬਨੂੜ ਪੁਲਿਸ ਥਾਣੇ ਵਿਚ 2013 ਦੀ ਐਫਆਈਆਰ ਨੰਬਰ 56 ਵਿਚ ਦਰਜ ਹੈ। ਡਰੱਗ ਕੇਸ ਵਿਚ ਉਨਾਂ ਦੇ ਨਾਂਅ ਦੀ ਪੁਲਿਸ ਵੱਲੋਂ ਕਦੇ ਜਾਂਚ ਨਹੀਂ ਕੀਤੀ ਗਈ। ਐਸਐਸਪੀ ਹਰਦਿਆਲ ਸਿੰਘ ਮਾਨ, ਜੋ ਕਿ ਸਾਰੇ ਮਾਮਲੇ ਦੀ ਛਾਣਬੀਣ ਕਰ ਰਹੇ ਸਨ, ਨੂੰ ਦਸੰਬਰ 2014 ਦੇ ਪਹਿਲੇ ਹਫਤੇ ਫਿਰੋਜਪੁਰ ਤਬਦੀਲ ਕਰ ਦਿੱਤਾ ਗਿਆ ਅਤੇ ਕੇਸ ਤੋਂ ਹਟਾ ਦਿੱਤਾ ਗਿਆ ਸੀ।

## ਔਰਤਾਂ ਲਈ ਵਿਸ਼ਵ 'ਚ ਸਭ ਤੋਂ ਵੱਧ ਖ਼ਤਰਨਾਕ ਮੁਲਕ ਹੈ ਭਾਰਤ

ਸਰਵੇਖਣ ਰਿਪੋਰਟ ਦਾ ਹਵਾਲਾ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ ਹੈ। ਰਾਹੁਲ ਨੇ ਕਿਹਾ ਕਿ ਸ੍ਰੀ ਮੋਦੀ ਜਿੱਥੇ ਅਕਸਰ ਯੋਗ ਨਾਲ ਸਬੰਧਤ ਵੀਡੀਓਜ਼ ਪਾਉਂਦੇ ਰਹਿੰਦੇ ਹਨ, ਉਥੇ ਅਜਿਹੀਆਂ ਰਿਪੋਰਟਾਂ ਮੁਲਕ ਨੂੰ ਸ਼ਰਮਸਾਰ ਕਰਦੀਆਂ ਹਨ। ਗਾਂਧੀ ਨੇ ਟਵੀਟ ਕੀਤਾ, 'ਸਾਡੇ ਪ੍ਰਧਾਨ ਮੰਤਰੀ ਜਿੱਥੇ ਆਪਣੇ ਬਗੀਚੇ 'ਚ ਯੋਗਾ ਦੀਆਂ ਵੀਡੀਓਜ਼ ਬਣਾਉਣ ਵਿੱਚ ਰੁੱਝੇ ਹੋਏ ਹਨ, ਉਥੇ ਭਾਰਤ ਮਹਿਲਾਵਾਂ ਖਿਲਾਫ਼ ਜਬਰ ਜਨਾਹ ਤੇ ਹਿੰਸਾ ਦੀਆਂ ਘਟਨਾਵਾਂ 'ਚ ਅਫ਼ਗ਼ਾਨਿਸਤਾਨ, ਸੀਰੀਆ ਤੇ ਸਾਊਦੀ ਅਰਬ ਤੋਂ ਵੀ ਅੱਗੇ ਲੰਘ ਗਿਆ ਹੈ।'

ਉਧਰ ਭਾਰਤ ਦੇ ਮਹਿਲਾਵਾਂ ਬਾਰੇ ਕੌਮੀ ਕਮਿਸ਼ਨ (ਐਨਸੀਡਬਲਿਊ) ਨੇ ਭਾਰਤ ਨੂੰ ਮਹਿਲਾਵਾਂ ਲਈ ਸਭ ਤੋਂ ਖ਼ਤਰਨਾਕ ਮੁਲਕ ਦੱਸਣ ਵਾਲੇ ਸਰਵੇਖਣ ਦੀਆਂ ਲੱਭਤਾਂ ਨੂੰ ਖਾਰਜ ਕਰ ਦਿੱਤਾ ਹੈ। ਕਮਿਸ਼ਨ ਨੇ ਇਕ ਬਿਆਨ 'ਚ ਕਿਹਾ ਕਿ ਸਰਵੇਖਣ 'ਚ ਜਿਨ੍ਹਾਂ ਮੁਲਕਾਂ ਨੂੰ ਭਾਰਤ ਤੋਂ ਹੇਠਾਂ ਰੱਖਿਆ ਗਿਆ ਹੈ, ਉਨ੍ਹਾਂ ਮੁਲਕਾਂ ਦੀਆਂ ਮਹਿਲਾਵਾਂ ਨੂੰ ਤਾਂ ਜਨਤਕ ਤੌਰ 'ਤੇ ਬੋਲਣ ਦੀ ਵੀ ਖੁੱਲ੍ਹ ਨਹੀਂ ਹੈ। ਕਮਿਸ਼ਨ ਦੀ ਚੇਅਰਪਰਸਨ ਰੇਖਾ ਸ਼ਰਮਾ ਨੇ ਸਰਵੇਖਣ ਰਿਪੋਰਟ ਨੂੰ ਰੱਦ ਕਰਦਿਆਂ ਦਾਅਵਾ ਕੀਤਾ ਕਿ ਸਰਵੇ ਲਈ ਜਿਹੜਾ ਨਮੂਨਾ ਵਰਤਿਆ ਗਿਆ ਉਹ ਮਾਪ ਵਿੱਚ ਕਾਫ਼ੀ ਛੋਟਾ ਸੀ ਤੇ ਉਹ ਪੂਰੇ ਮੁਲਕ ਦੀ ਪ੍ਰਤੀਨਿਧਤਾ ਨਹੀਂ ਕਰ ਸਕਦਾ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME
Premium Bifacial Thin Film Solar


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300
Book online 24x7 @ www.Letsflyhome.com


Frugal Logistics Inc.
FRUGAL
Dedicated To Quality Service
FL
LOGISTICS
ਕਲਾਸ 'ਏ' ਡਰਾਈਵਰ ਅਤੇ ਓਨਰ ਅਪਰੇਟਰ ਦੀ ਜ਼ਰੂਰਤ ਹੈ
ਡਰਾਈਵਰ : 45 ਸੈਂਟ ਤੋਂ 52 ਸੈਂਟ ਪ੍ਰਤੀ ਮੀਲ ਦੇ ਹਿਸਾਬ ਨਾਲ ਕਮਾਓ
+ ਪਰਫਾਰਮੈਂਸ ਬੋਨਸ ਲਵੋ
ਓਨਰ ਅਪਰੇਟਰ ਸੋਲੋ ਅਤੇ ਟੀਮ :
30 ਲੋਡ ਪ੍ਰਤੀ ਹਫ਼ਤਾ ਮਿਡਵੈਸਟ/ਈਸਟ ਕੋਸਟ ਲਈ 2.10 ਡਾਲਰ ਤੋਂ 2.35 ਡਾਲਰ ਪ੍ਰਤੀ ਮੀਲ ਦੇ ਹਿਸਾਬ ਨਾਲ ਲਵੋ
ਮਾਹਰ ਅਤੇ ਤਜਰਬੇਕਾਰ ਡਰਾਈਵਰ
1000* ਡਾਲਰ ਬੋਨਸ
ਲੈਣ ਲਈ Sign In ਕਰੋ
*ਵਧੇਰੇ ਜਾਣਕਾਰੀ ਲਈ ਕਾਲ ਕਰੋ
ਫੋਨ : 209-827-6700 ਫੈਕਸ : 209-826-6855
Email: dispatch@frugallogistics.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM